Prof. Kirpal Singh Badungar / Journal of Sri Guru Granth Sahib Studies (2016) 1 - 16

# ਧੰਨੁ ਧੰਨੁ ਰਾਮਦਾਸ ਗੁਰੁ

**ਪ੍ਰੋ. ਕਿਰਪਾਲ ਸਿੰਘ ਬਡੂੰਗਰ***

ਗੁਰੂ ਪਰੰਪਰਾ ਵਿਚੋਂ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦਾ ਜਨਮ 20 ਕੱਤਕ ਵਦੀ ਸੰਮਤ 1591 (1534 ਈ:) ਨੂੰ ਪਿਤਾ ਹਰਿਦਾਸ ਮੱਲ ਅਤੇ ਮਾਤਾ ਦਯਾ ਕੌਰ ਦੇ ਘਰ ਚੂਨਾ ਮੰਡੀ ਲਾਹੌਰ ਵਿਖੇ ਹੋਇਆ। ਬਚਪਨ ਵਿਚ ਮਾਤਾ ਪਿਤਾ ਦੇ ਅਕਾਲ ਚਲਾਣਾ ਕਰ ਜਾਣ ਕਰਕੇ ਉਹ 7 ਸਾਲ ਦੀ ਉਮਰ ਵਿਚ ਆਪਣੀ ਨਾਨੀ ਦੇ ਕੋਲ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਰਹਿਣ ਲੱਗੇ। ਗੁਰੂ ਨਾਨਕ ਦੇਵ ਦੇ ਮਹਾਨ ਉਪਦੇਸ਼ "ਕਿਰਤ ਕਰਨਾ" ਨੂੰ ਆਦਰਸ਼ਕ ਤੌਰ ਤੇ ਆਪਣਾਉਂਦਿਆ ਆਪ ਜੀ ਇਥੇ ਰਹਿੰਦਿਆਂ ਘੁੰਗਣੀਆਂ ਦੀ ਛਾਬੜੀ ਲਾ ਕੇ ਘੁੰਗਣੀਆਂ ਵੇਚਣ ਲਗੇ। ਲੜਕੇ ਦੇ ਆਚਾਰ,ਵਿਹਾਰ ਅਤੇ ਆਹਾਰ ਗੁਰੂ ਘਰ ਪ੍ਰਤੀ ਮੁਕੰਮਲ ਸਮਰਪਣ ਦੀ ਭਾਵਨਾ ਨੂੰ ਵੇਖਦਿਆਂ ਗੁਰੂ ਅਮਰਦਾਸ ਨੇ ਆਪਣੀ ਪੁੱਤਰੀ ਬੀਬੀ ਭਾਨੀ ਦਾ ਵਿਆਹ ਇਨ੍ਹਾਂ ਨਾਲ ਕਰ ਦਿੱਤਾ। ਗੁਰੂ ਰਾਮਦਾਸ ਦੇ ਤਿੰਨ ਪੁੱਤਰ ਪ੍ਰਿਥੀ ਚੰਦ, ਮਹਾਂਦੇਵ ਅਤੇ (ਗੁਰੂ) ਅਰਜਨ ਦੇਵ ਸਨ। ਪ੍ਰਿਥੀ ਚੰਦ ਨਿਰੋਲ ਸੰਸਾਰੀ, ਮਹਾਂਦੇਵ ਤਿਆਗੀ ਅਤੇ (ਗੁਰੂ) ਅਰਜਨ ਦੇਵ ਗ੍ਰਿਹਿਸਥੀ ਅਤੇ ਤਿਆਗੀ ਸਨ। ਗੁਰੂ ਅਮਰ ਦਾਸ (ਗੁਰੂ) ਰਾਮਦਾਸ ਦੀ ਸੇਵਾ ਭਾਵਨੀ ਤੇ ਨਿਮਰਤਾ ਤੋਂ ਬਹੁਤ ਪ੍ਰਸੰਨ ਸਨ। ਉਨ੍ਹਾਂ ਨੇ 5 ਹਾੜ ਵਦੀ 13 ਸੰਮਤ, 1627 ਨੂੰ (1570) ਨੂੰ ਗੁਰੂ ਰਾਮਦਾਸ ਦੇ ਨਾਂ ਤੇ ਰਾਮਦਾਸ ਪੁਰ ਪਿੰਡ ਦੀ ਮੋਹੜੀ ਗਡਵਾਈ। 1573 ਈ: ਨੂੰ ਇਸ ਥਾਂ ਗੁਰੂ ਰਾਮਦਾਸ ਨੇ ਗੁਰੂ ਅਮਰਦਾਸ ਦੀ ਆਗਿਆ ਨਾਲ ਅੰਮ੍ਰਿਤਸਰ ਦਾ ਤਾਲ ਸਰੋਵਰ ਪੁਟਵਾਉਣਾ ਸ਼ੁਰੂ ਕੀਤਾ। ਗੁਰੂ ਅਮਰਦਾਸ 1574 ਈ: ਵਿਚ ਜੋਤੀ ਜੋਤਿ ਸਮਾਏ ਸਨ ਪਰ ਉਨ੍ਹਾਂ ਨੇ 4 ਸਾਲ ਪਹਿਲਾਂ ਹੀ 7 ਵੈਸਾਖ 1627 ਬਿਕਰਮੀ ਨੂੰ ਹੀ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ " (966) ਦੇ ਸਿਧਾਂਤ ਅਨੁਸਾਰ ਗੁਰੂ ਰਾਮਦਾਸ ਨੂੰ ਗੁਰਗੱਦੀ ਤੇ ਬਿਰਾਜਮਾਨ ਕਰ ਦਿੱਤਾ ਸੀ। ਇਸਤੋਂ ਸਾਫ਼ ਜ਼ਾਹਰ ਹੈ ਕਿ ਗੁਰੂ ਸਾਹਿਬ ਗੁਰਗੱਦੀ ਅੱਗੇ ਦੇਣ ਨੂੰ ਕਿੰਨਾ ਮਹੱਤਵ ਦਿੰਦੇ ਸਨ। ਗੁਰੂ ਰਾਮਦਾਸ ਦੇ ਗੁਰਿਆਈ ਪਦ ਦੀ ਪ੍ਰੋੜਤਾ ਕਰਦੇ ਹੋਏ ਬਲਵੰਡ ਤਥਾ ਸਤਾ ਡੂਮ ਆਪਣੀ ਵਾਰ ਵਿਚ ਇਉਂ ਲਿਖਦੇ ਹਨ:

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥

*ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਸੰਪਰਕ ਨੰ. 09915805100

ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥ [1]

ਭਾਈ ਗੁਰਦਾਸ ਇਉਂ ਲਿਖਦੇ ਹਨ: –

ਦਿਚੈ ਪੂਰਬਿ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ।
ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ। [2]

ਗੁਰੂ ਅਮਰਦਾਸ ਦੇ ਜੋਤੀ ਜੋਤਿ ਸਮਾਉਣ ਪਿਛੋਂ ਗੁਰੂ ਰਾਮਦਾਸ ਪੱਕੇ ਤੌਰ ਤੇ ਨਵੇਂ ਬਸਾਏ ਨਗਰ ਰਾਮਦਾਸ ਪੁਰ ਵਿਚ ਨਿਵਾਸ ਕਰਨ ਲੱਗੇ। ਇਥੇ ਸੰਗਤਾਂ ਜੁੜਨ ਲੱਗੀਆਂ ਜਿਥੇ ਨਾਮ ਬਾਣੀ ਦਾ ਪ੍ਰਵਾਹ ਤੇ ਅੰਨ ਦਾ ਲੰਗਰ ਜਾਰੀ ਰਹਿੰਦਾ। ਕਿਹਾ ਜਾਂਦਾ ਹੈ ਕਿ ਦੁਨੀ ਚੰਦ ਖੱਤਰੀ ਮਾਫ਼ੀਦਾਰ ਪੱਟੀ ਦੇ ਚੌਧਰੀ ਦੀ ਧੀ ਬੀਬੀ ਰਜ਼ਨੀ ਦਾ ਪਤੀ, ਜੋ ਪਿੰਗਲਾ ਸੀ, ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਕਰਨ ਉਪਰੰਤ ਤੰਦਰੁਸਤ ਹੋ ਗਿਆ। ਇਸ ਘਟਨਾ ਨਾਲ ਇਸ ਥਾਂ ਦੀ ਮਹਿਮਾ ਦੂਰ ਦੂਰ ਤੱਕ ਫੈਲ ਗਈ। ਇਸੇ ਕਰਕੇ ਫੁਰਮਾਇਆ ਗਿਆ ਹੈ, "ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥ "[3] ਇਹ ਨਗਰੀ ਸਿੱਖ ਧਰਮ ਦੇ ਵੱਡੇ ਕੇਂਦਰ ਦੇ ਰੂਪ ਵਿਚ ਵਿਕਸਤਿ ਹੋਣ ਲੱਗੀ। ਅੱਜ ਇਹ ਸਿੱਖ ਧਰਮ ਦਾ ਮੁੱਖ ਕੇਂਦਰੀ ਸਥਾਨ ਹੈ। ਗੁਰੂ ਅਰਜਨ ਦੇਵ ਇਸ ਨਗਰੀ ਦੀ ਮਹਿਮਾ ਬਾਰੇ ਇਉਂ ਉਚਾਰਦੇ ਹਨ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥ [4]

ਗੁਰੂ ਰਾਮਦਾਸ ਦੀ ਸ਼ਖ਼ਸੀਅਤ ਮਿਠਤ ਨਿਮਰਤਾ ਨੇ ਭਗਤੀ ਭਾਵ ਅਤੇ ਪਰਉਪਕਾਰੀ ਸੁਭਾਉ ਵਾਲੀ ਸੀ। "ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥" ਜੋ ਵੀ ਗੁਰੂ ਜੀ ਦੇ ਦਰਸ਼ਨ ਕਰਦਾ ਉਹ ਨਿਹਾਲ ਹੋ ਜਾਂਦਾ ਸੀ। ਇਤਿਹਾਸਕਾਰ ਲਿਖਦੇ ਹਨ ਕਿ ਅਕਬਰ ਬਾਦਸ਼ਾਹ ਵੀ ਆਪ ਦੇ ਦਰਸ਼ਨ ਕਰਨ ਆਇਆ ਸੀ। ਉਸਨੇ ਗੁਰੂ ਜੀ ਨੂੰ ਜਾਗੀਰ ਦੇਣ ਦੀ ਇੱਛਾ ਪ੍ਰਗਟ ਕੀਤੀ ਪਰ ਉਦਾਰਚਿਤ ਗੁਰੂ ਜੀ ਨੇ ਕਿਹਾ ਕਿ ਉਹ ਗੁਰੂ ਘਰ ਨੂੰ ਕਿਸੇ ਦੀ ਜਾਗੀਰ ਨਹੀਂ ਬਣਾਉਣਾ ਚਾਹੁੰਦੇ। ਗੁਰੂ ਘਰ ਰੱਬ ਦਾ ਘਰ ਹੈ, ਜੋ ਸਭ ਦਾ ਸਾਂਝਾ ਹੈ। ਉਹ ਕਿਸੇ ਇਕ ਦੀ ਜਗੀਰ ਨਹੀਂ ਬਣ ਸਕਦਾ। ਗੁਰੂ ਘਰ ਵੀ ਸਭ ਲੁਕਾਈ ਦਾ ਸਾਂਝਾ ਹੈ ਅਤੇ ਇਥੋਂ ਉਗਮਦਾ ਉਪਦੇਸ਼ ਵੀ ਸਮੁੱਚੀ ਲੁਕਾਈ ਲਈ ਹੀ ਹੈ। ਗੁਰੂ ਨਾਨਕ ਦੇਵ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਵੀ ਆਪਦੇ ਦਰਸ਼ਨ ਕਰਨ ਆਏ। ਉਹ ਉਮਰ ਵਿਚ ਗੁਰੂ ਜੀ ਤੋਂ ਬਹੁਤ ਵੱਡੇ ਸਨ। ਉਹ ਬਾਲ ਜਤੀ ਤਿਆਗੀ ਤੇ ਅਵਧੂਤ ਰੂਪ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਇਕ ਘੋੜਾ ਤੇ ਪੰਜ ਸੌ ਰੁਪਿਆ ਭੇਟ



ਕੀਤਾ। ਬਾਬਾ ਸ੍ਰੀ ਚੰਦ ਨੇ ਉਨ੍ਹਾ ਦੇ ਲੰਮੇ ਦਾਹੜੇ ਬਾਰੇ ਪ੍ਰਸ਼ਨ ਕੀਤਾ ਤਾਂ ਗੁਰੂ ਜੀ ਨੇ ਬੁਰਾ ਮਨਾਉਣ ਦੀ ਥਾਂ ਨਿਮਰਤਾ ਨਾਲ ਉਤਰ ਦਿੱਤਾ ਕਿ "ਇਹ ਆਪ ਵਰਗੇ ਸਾਧੂਆਂ ਅਤੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ ਹੈ"। ਬਾਬਾ ਸ੍ਰੀ ਚੰਦ ਉਨ੍ਹਾਂ ਦੇ ਉਤਰ ਤੋਂ ਬਹੁਤ ਪ੍ਰਸੰਨ ਹੋਏ ਤੇ ਇਸ ਬਾਰੇ ਇਉਂ ਲਿਖਿਆ ਹੈ:–

ਸ੍ਰੀ ਚੰਦ ਖੁਸ਼ੀ ਹੋਇ ਉਚਾਰਾ॥
ਇਸੀ ਤੌਰ ਘਰ ਲੁਟਿਓ ਹਮਾਰਾ॥
ਜੋ ਬਾਕੀ ਥੀ ਅਬ ਕੁਛ ਮੌ ਪੈ॥
ਛੀਨ ਲਈ ਯੌਹੀਂ ਤੁਮ ਸੌਪੈ॥

ਗੁਰੂ ਰਾਮਦਾਸ ਅਤਿ ਦੀ ਗਹਿਰ ਗੰਭੀਰ ਤੇ ਸਥਿਰ ਸ਼ਖ਼ਸੀਅਤ ਦੇ ਮਾਲਕ, ਨੂਰਾਨੀ ਚਿਹਰੇ ਵਾਲੇ ਤੇ ਖਿੜੇ ਮੱਥੇ ਸੰਗਤਾਂ ਵਿਚ ਵਿਚਰਨ ਵਾਲੇ ਸਨ। ਉਨ੍ਹਾਂ ਦੀ ਪ੍ਰਸੰਸਾ ਵਿਚ ਭੱਟਾਂ ਨੇ 60 ਸਵੱਈਏ ਉਚਾਰੇ ਹਨ। ਇਨ੍ਹਾਂ ਸਵੱਈਆਂ ਵਿਚ ਗੁਰੂ ਜੀ ਦੀ ਅਲੌਕਿਕ ਸ਼ਖ਼ਸੀਅਤ ਦਾ ਵਿਸਤਾਰ ਸਹਿਤ ਮੰਤਰ ਮੁਗਧ ਕਰ ਦੇਣ ਵਾਲਾ ਵਰਣਨ ਕੀਤਾ ਹੈ। ਨਮੂਨੇ ਵਜੋਂ ਕੁਝ ਸਵੱਈਆਂ ਦਾ ਪਾਠ ਹੇਠ ਦਿਤਾ ਜਾਂਦਾ ਹੈ: –

ਛੁਟਤ ਪਰਵਾਹ ਅਮਿਅ ਅਮਰਾ ਪਦ ਅੰਮ੍ਰਿਤ ਸਰੋਵਰ ਸਦ ਭਰਿਆ॥
ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪੁਬ ਜਿਨਹੁ ਸੇਵਾ ਕਰੀਆ॥ [5]
ਜਗਤ ਉਧਾਰਣੁ ਨਵ ਨਿਧਾਨੁ ਭਗਤਹ ਭਵ ਤਾਰਣੁ॥
ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣੁ॥ [6]
ਖਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥ [7]
ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ॥
ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ॥ [8]

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਾਮਦਾਸ ਦੀ ਬਾਣੀ ਆਕਾਰ ਵਿਚ ਕੇਵਲ ਗੁਰੂ ਅਰਜਨ ਦੇਵ ਤੋਂ ਹੀ ਘੱਟ ਹੈ। ਉਨ੍ਹਾਂ ਨੇ ਲਗਪਗ ਗੁਰੂ ਨਾਨਕ ਦੇਵ ਜਿਤਨੀ ਹੀ ਬਾਣੀ ਰਚੀ ਹੈ। 22 ਵਾਰਾਂ ਵਿਚੋਂ 8 ਵਾਰਾਂ ਉਨ੍ਹਾਂ ਦੀਆਂ ਰਚੀਆਂ ਹੋਈਆਂ ਹਨ। ਇਹ ਵਾਰਾਂ ਹਨ ਸਿਰੀ ਰਾਗ ਦੀ ਵਾਰ, ਗਉੜੀ ਦੀ ਵਾਰ, ਬਿਹਾਗੜੇ ਦੀ ਵਾਰ, ਵਡਹੰਸ ਦੀ ਵਾਰ, ਸੋਰਠ ਦੀ ਵਾਰ, ਬਿਲਾਵਲ ਦੀ ਵਾਰ, ਸਾਰੰਗ ਦੀ ਵਾਰ, ਕਾਨੜੇ ਦੀ ਵਾਰ। ਉਨ੍ਹਾਂ ਨੇ 248 ਸ਼ਬਦ, 31 ਅਸਟਪਦੀਆਂ, 41 ਛੰਦ, 2 ਸੋਲਹੇ, ਵਾਰਾਂ ਦੀਆਂ 169 ਪਉੜੀਆਂ ਤੇ 264 ਸਲੋਕ ਰਚੇ ਹਨ। ਵਾਰਾਂ ਦੀਆਂ ਪਉੜੀਆਂ ਦੀ ਗਿਣਤੀ ਸਾਰੇ ਗੁਰੂ ਸਾਹਿਬਾਨ ਦੀਆਂ ਪਉੜੀਆਂ ਤੋਂ ਵੱਧ

ਹੈ। ਗੁਰੂ ਨਾਨਕ ਦੇਵ ਦੀ ਸ਼ੈਲੀ ਜਿਥੇ ਸਿਰੇ ਦਾ ਸੰਜਮ ਹੈ ਉਥੇ ਗੁਰੂ ਰਾਮਦਾਸ ਦੀ ਸ਼ੈਲੀ ਵਿਸਥਾਰ ਅਤੇ ਵਿਆਖਿਆ ਦੀ ਸਿਖਰ ਹੈ। ਗੁਰੂ ਨਾਨਕ ਦੇਵ ਦੀ ਬਾਣੀ ਪਰਿਭਾਸ਼ਿਕ ਸ਼ਬਦਾਵਲੀ ਨਾਲ ਭਰਪੂਰ ਪਰ ਗੁਰੂ ਰਾਮਦਾਸ ਦੀ ਬਾਣੀ ਸਰਲ ਤੇ ਸਾਧਾਰਣ ਲੋਕਾਂ ਦੀ ਭਾਸ਼ਾ ਦੇ ਨੇੜੇ ਹੈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਦੇ ਸਥਾਪਤ ਕੀਤੇ ਗੁਰਮਤਿ ਸਿਧਾਂਤਾਂ ਨੂੰ ਵਿਸਤ੍ਰਿਤ ਰੂਪ ਵਿਚ ਸਪਸ਼ਟ ਕਰਨ ਦਾ ਸਫ਼ਲ ਯਤਨ ਕੀਤਾ ਹੈ। ਸ਼ਬਦ ਗੁਰੂ ਦੀ ਮਹੱਤਤਾ ਨੂੰ ਆਪ ਨੇ ਬਾਣੀ ਵਿਚ ਅਨੇਕ ਵਾਰ ਪ੍ਰਗਟ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਸਥਾਪਨਾ ਤੋਂ ਪਹਿਲਾਂ ਹੀ ਆਪਦੀ ਬਾਣੀ ਵਿਚ ਬਾਣੀ ਗੁਰੂ ਦੇ ਪ੍ਰਤੱਖ ਝਲਕਾਰੇ ਦਿਸਦੇ ਹਨ: -

ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥ [9]

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥
ਬਾਣੀ ਗੁਰਬਾਣੀ ਲਾਗੇ ਤਿਨ੍ਹ ਹਥਿ ਚੜਿਆ ਰਾਮ ॥
ਗੁਰਬਾਣੀ ਲਾਗੇ ਤਿਨ੍ਹ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥ [10]

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ [11]

ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ॥
ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ॥ [12]

ਉਨ੍ਹਾਂ ਦਾ ਮਨ ਗੁਰੂ ਦੀ ਭਗਤੀ, ਪ੍ਰੇਮ, ਵੈਰਾਗ ਅੰਮ੍ਰਿਤ ਰਸ ਤੇ ਅਨੰਦ ਦਾ ਅਮੁਕ ਭੰਡਾਰ ਸੀ। ਉਨ੍ਹਾਂ ਦੀ ਬਾਣੀ ਵਿਚੋਂ ਇਸ ਤਰ੍ਹਾਂ ਦੇ ਭਾਵ ਡੁੱਲ-ਡੁੱਲ ਪੈਂਦੇ ਹਨ। ਵਿਸ਼ੇਸ਼ ਕਰਕੇ ਆਸਾ ਰਾਗ ਵਿਚ ਜੋ ਛੰਤ ਉਨ੍ਹਾਂ ਦੇ ਹਨ ਉਹ ਪ੍ਰੇਮ ਬਾਣੀ ਦਾ ਉੱਤਮ ਨਮੂਨਾ ਹਨ। ਗੁਰਮਤਿ ਮਰਿਆਦਾ ਅਨੁਸਾਰ ਇਹ 24 ਛੰਤਾਂ ਦਾ ਆਸਾ ਦੀ ਵਾਰ ਦੀ ਹਰ ਪਉੜੀ ਦੇ ਆਰੰਭ ਵਿਚ ਗਾਇਨ ਕੀਤਾ ਜਾਂਦਾ ਹੈ। ਇਨ੍ਹਾਂ ਦੇ ਗਾਇਨ ਨਾਲ ਆਸਾ ਦੀ ਵਾਰ ਦਾ ਕੀਰਤਨ ਰਸਮਈ ਹੋ ਜਾਂਦਾ ਹੈ ਅਤੇ ਅੰਮ੍ਰਿਤ ਵੇਲੇ ਦੇ ਸ਼ਾਂਤ ਵਾਤਾਵਰਣ ਵਿਚ ਇਨ੍ਹਾਂ ਛੰਤਾਂ ਦਾ ਕੀਰਤਨ ਬਹੁਤ ਮਨਮੋਹਕ ਤੇ ਮੰਤਰ ਮੁਗਧ ਕਰ ਲੈਣ ਵਾਲਾ ਹੁੰਦਾ ਹੈ। ਆਸਾ ਦੀ ਵਾਰ ਦੇ ਮੁਢ ਵਿਚ ਗਾਇਆ ਜਾਂਦਾ ਇਹ ਸਲੋਕ ਸਰੋਤਿਆਂ ਦੇ ਮਨਾ ਤੇ ਜਾਦੂ ਕਰਨ ਵਾਲਾ ਹੈ ਤੇ ਬਿਰਤੀ ਨੂੰ ਇਕਾਗਰ ਕਰ ਦਿੰਦਾ ਹੈ। ਗੁਰਵਾਕ ਹੈ:-

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ ॥



ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥
ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ॥ [13]

ਗੁਰਮਤਿ ਅਨੁਸਾਰ ਗੁਰੂ ਹੀ "ਗੁਰੁ ਪਰਮੇਸਰੁ ਏਕੋ ਜਾਣੁ ॥ "[14] ਅਨੁਸਾਰ ਸਿੱਖਾਂ ਦਾ ਸਭ ਤੋਂ ਵੱਡਾ ਇਸ਼ਟ ਹੈ। ਗੁਰੂ ਰਾਮਦਾਸ ਗੁਰੂ ਦੇ ਪ੍ਰੇਮ ਵਿਚ ਪੂਰੀ ਤਰ੍ਹਾਂ ਰੰਗੇ ਹੋਏ ਸਨ। ਉਨ੍ਹਾਂ ਨੇ ਗੁਰੂ ਅਮਰਦਾਸ ਦੀ ਹਰ ਆਗਿਆ ਦਾ ਪਾਲਣ, "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥ "[15] ਅਨੁਸਾਰ ਬੜੀ ਸ਼ਰਧਾ ਤੇ ਸਮਰਪਣ ਦੀ ਭਾਵਨਾ ਨਾਲ ਕੀਤਾ। ਗੁਰੂ ਜੀ ਦੀ ਪ੍ਰਸੰਨਤਾ ਲਈ ਉਨ੍ਹਾਂ ਨੇ ਇਕੋ ਥੜ੍ਹੇ ਨੂੰ ਕਈ ਵਾਰ ਢਾਹਿਆ ਅਤੇ ਕਈ ਵਾਰ ਬਣਾਇਆ। ਅਸਲ ਵਿਚ ਇਹ ਗੁਰੂ ਪ੍ਰਤੀ ਵਿਸ਼ਵਾਸ ਅਤੇ ਸ਼ਰਧਾ ਭਾਵ ਦੀ ਪਰੀਖਿਆ ਸੀ। ਉਹ ਇਸ ਪਰੀਖਿਆ ਵਿਚੋਂ ਪਾਸ ਹੋ ਕੇ ਗੁਰੂ ਪਦਵੀ ਦੇ ਅਧਿਕਾਰੀ ਬਣੇ। ਗੁਰੂ ਦੀ ਵਡਿਆਈ, ਗੁਰੂ ਦਾ ਪਿਆਰ, ਗੁਰੂ ਦਾ ਭਰੋਸਾ ਆਪ ਦੀ ਬਾਣੀ ਦਾ ਮੁਖ ਵਿਸ਼ਾ ਹੈ। ਉਨ੍ਹਾਂ ਦੀ ਬਾਣੀ ਵਿਚੋਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ: -

ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥
ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ ॥ [16]

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ [17]

ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ॥
ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ॥ [18]

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥
ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ॥ [19]

ਗਉੜੀ ਰਾਗ ਵਿਚ ਗੁਰੂ ਰਾਮਦਾਸ ਫੁਰਮਾਉਂਦੇ ਹਨ ਕਿ ਦੁਨੀਆਂ ਦੀਆਂ ਹੋਰ ਸਭ ਪ੍ਰੀਤਾਂ ਕੱਚੀਆਂ ਤੇ ਬਿਨਸਨ ਹਾਰ ਹਨ। ਗੁਰੂ ਦੀ ਪ੍ਰੀਤੀ ਹੀ ਸੱਚੀ ਹੈ ਜੋ ਮਨੁੱਖ ਨੂੰ ਸੱਚਾ ਸੁਖ ਦੇ ਸਕਦੀ ਹੈ। ਇਸ ਲਈ ਗੁਰਸਿਖਾਂ ਨੂੰ ਗੁਰੂ ਨਾਲ ਹੀ ਪ੍ਰੀਤ ਹੁੰਦੀ ਹੈ। ਜਿਵੇਂ ਭੁਖੇ ਵਿਅਕਤੀ ਨੂੰ ਅੰਨ ਦੀ ਚਾਹਨਾ ਹੁੰਦੀ ਹੈ ਇਸੇ ਤਰ੍ਹਾਂ ਸਿਖਾਂ ਦੇ ਅੰਦਰ ਗੁਰੂ ਨਾਲ ਜੁੜਨ ਦੀ ਤਾਂਘ ਹੁੰਦੀ ਹੈ। ਗੁਰਵਾਕ ਹੈ:-

ਭੁਖੇ ਪ੍ਰੀਤਿ ਹੋਵੈ ਅੰਨੁ ਖਾਇ॥
ਗੁਰਸਿਖ ਪ੍ਰੀਤਿ ਗੁਰ ਮਿਲਿ ਆਘਾਇ॥ [20]

ਘੁਰੂ ਤੇ ਸਿਖ ਦੀ ਪ੍ਰੀਤ ਇਕ ਪਾਸੜ ਨਹੀ ਇਹ ਦੁਵੱਲੀ ਪ੍ਰਕਿਰਿਆ ਹੈ। ਸਰਧਾ ਨਾਲ ਸਿਖ ਗੁਰੂ ਨੂੰ ਯਾਦ ਕਰਦਾ ਹੈ ਤਾਂ ਗੁਰੂ ਵੀ ਉਸ ਉਤੇ ਕਿਰਪਾ ਦ੍ਰਿਸ਼ਟੀ ਰਖਦਾ ਹੈ। ਗੁਰੂ ਜੀ ਨੇ ਫੁਰਮਾਇਆ ਹੈ:-

ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥
ਮੀਨੇ ਪ੍ਰੀਤਿ ਭਈ ਜਲਿ ਨਾਇ ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥ [21]

ਇਹ ਗੁਰੂ ਹੀ ਜਾਣਦਾ ਹੈ ਕਿ ਗੁਰਸਿਖ ਦੀ ਤਰੱਕੀ ਅਤੇ ਉਸ ਦੀ ਖੁਸ਼ਹਾਲੀ ਕਿਵੇਂ ਹੋ ਸਕਦੀ ਹੈ? ਮਨੁਖ ਨੂੰ ਆਪਣੇ ਭਲੇ ਬੁਰੇ ਦੀ ਸੋਝੀ ਨਹੀਂ ਹੁੰਦੀ। ਗੁਰੂ ਦੀ ਸ਼ਰਨ ਵਿਚ ਜਾ ਕੇ ਹੀ ਉਸਦੀਆਂ ਮੁਸ਼ਕਲਾਂ ਅਤੇ ਦੁਖਾਂ ਦਾ ਅੰਤ ਹੁੰਦਾ ਹੈ। ਗੁਰੂ ਜੀ ਨੇ ਫੁਰਮਾਇਆ ਹੈ:-

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥ [22]

ਪਰਮਾਤਮਾ ਦੇ ਦਰ ਤੇ ਕਬੂਲ ਹੋਣ ਲਈ ਸਿਖ ਸ਼ਰਧਾ ਸਹਿਤ ਗੁਰੂ ਦੇ ਦੁਆਰੇ ਤੇ ਜਾਂਦੇ ਹਨ ਅਤੇ ਗੁਰਬਾਣੀ ਦਾ ਪਾਠ ਤਥਾ ਗਾਇਨ ਕਰਦੇ ਹਨ ਤੇ ਕੀਰਤਨ ਸਰਵਣ ਕਰਦੇ ਹਨ। ਸਿਰਫ਼ ਉਨ੍ਹਾਂ ਗੁਰਸਿਖਾਂ ਦੀ ਹੀ ਘਾਲ ਕਮਾਈ ਸਫਲ ਹੁੰਦੀ ਹੈ ਜੋ ਗੁਰੂ ਦੀ ਆਗਿਆ "ਹੁਕਮਿ ਰਜਾਈ" ਵਿਚ ਰਹਿੰਦੇ ਹਨ ਗੁਰੂ ਦੀ ਖੁਸ਼ੀ ਲੈਣ ਵਾਲੇ ਸਿੰਖਾਂ ਤੇ ਹੀ ਪਰਮਾਤਮਾ ਦੀ ਪ੍ਰਸੰਨਤਾ ਹੁੰਦੀ ਹੈ। ਗੁਰੂ ਰਾਮਦਾਸ ਦਾ ਮਹਾਵਾਕ ਹੈ:-

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨਾ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ [23]

ਸਤਿਗੁਰ ਦੀ ਸ਼ਰਨ ਵਿਚ ਉਹ ਸਿਖ ਹੀ ਰਹਿੰਦੇ ਹਨ ਜਿਨ੍ਹਾਂ ਨੂੰ ਸਤਿਗੁਰ ਨਾਲ ਸਚਾ ਪਿਆਰ ਹੁੰਦਾ ਹੈ। ਜਿਹੜੇ ਮਨਮੁਖ ਮੋਹ ਮਾਇਆ ਵਿਚ ਫਸੇ ਹੁੰਦੇ ਹਨ ਉਨ੍ਹਾਂ ਨੂੰ ਸਤਿਗੁਰ ਦੀ ਸੰਗਤ ਚੰਗੀ ਨਹੀਂ ਲਗਦੀ। ਉਹ ਗੁਰੂ ਦੀ ਗੋਦ ਵਿਚ ਬੈਠਣਾ ਪਸੰਦ ਨਹੀਂ ਕਰਦੇ। ਕਿਉਂਕਿ ਸਤਿਗੁਰ ਦੇ ਦਰਬਾਰ ਵਿਚ ਸਚ ਨਾਮ ਦੀ ਅੰਮ੍ਰਿਤ ਵਰਖਾ ਹੁੰਦੀ ਹੈ। ਮਨਮੁਖਾਂ ਦੇ ਮਨ ਵਿਚ ਕੂੜ ਭਰਿਆ ਹੁੰਦਾ ਹੈ ਇਸ ਲਈ ਗੁਰੂ ਤੋਂ ਉਨ੍ਹਾਂ ਦਾ ਮਨ ਛੇਤੀ ਹੀ ਉਚਾਟ ਹੋ ਜਾਂਦਾ ਹੈ ਕਿਉਂਕਿ ਗੁਰੂ ਦਰਬਾਰ ਵਿਚ ਇਨ੍ਹਾਂ ਮਨਮੁਖਾਂ ਦੇ ਵਿਸ਼ੇ ਵਿਕਾਰ ਅਤੇ ਚਸਕੇ ਪੂਰੇ ਨਹੀਂ ਹੁੰਦੇ ਗੁਰੂ ਰਾਮਦਾਸ ਦਾ ਫੁਰਮਾਨ ਹੈ:-

ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥



ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ ॥
ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥
ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ ॥
ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥ [24]

ਦੇਖਾ ਦੇਖੀ ਅਤੇ ਰੀਸੋ ਰੀਸੀ ਬਹੁਤ ਸਾਰੇ ਲੋਕ ਧਾਰਮਕ ਹੋਣ ਦਾ ਦਾਅਵਾ ਕਰਦੇ ਹਨ ਪਰ ਅਜਿਹੇ ਵਿਰਲੇ ਹੀ ਸੇਵਕ ਹੁੰਦੇ ਹਨ ਜੋ ਸਚ ਮੁਚ ਇਕ ਮਨ ਇਕ ਚਿਤ ਹੋਕੇ ਪਰਮਾਤਮਾ ਦੀ ਅਰਾਧਨਾ ਕਰਦੇ ਹਨ। ਅਜਿਹੇ ਸੰਤਾਂ ਭਗਤਾਂ ਦਾ ਸੰਸਾਰ ਵਿਚ ਵੱਡਾ ਸਤਿਕਾਰ ਅਤੇ ਮਹੱਤਵ ਹੁੰਦਾ ਹੈ। ਉਨ੍ਹਾਂ ਦੀ ਬਰਕਤ ਨਾਲ ਹੀ ਸੰਸਾਰ ਦੇ ਹੋਰ ਕਰੋੜਾਂ ਲੋਕਾਂ ਦਾ ਵੀ ਭਲਾ ਹੁੰਦਾ ਹੈ। ਗੁਰੂ ਰਾਮਦਾਸ ਅਜਿਹੇ ਭਲੇ ਪੁਰਸ਼ਾ ਉਤੋਂ ਬਲਿਹਾਰ ਜਾਂਦੇ ਹਨ ਤੇ ਬਾਣੀ ਵਿਚ ਉਨ੍ਹਾਂ ਦੀ ਮਹਿਮਾ ਇਉਂ ਪ੍ਰਗਟ ਕਰਦੇ ਹਨ:-

ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥
ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥ [25]
ਸੁਤਿਆ ਗੁਰੁ ਸਾਲਾਹੀਐ ਉਠਦਿਆ ਭੀ ਗੁਰੁ ਆਲਾਉ ॥
ਕੋਈ ਐਸਾ ਗੁਰਮੁਖਿ ਜੇ ਮਿਲੈ ਹਉ ਤਾ ਕੇ ਧੋਵਾ ਪਾਉ ॥ [26]

ਸੰਸਾਰ ਵਿਚ ਅੰਮ੍ਰਿਤ ਦਾ ਮਹਤਵ ਪੁਰਾਣੇ ਸਮੇਂ ਤੋਂ ਹੀ ਮੰਨਿਆ ਗਿਆ ਹੈ ਅਤੇ ਇਸਨੂੰ ਗੁਰਮਤਿ ਦੇ ਮਾਰਗ ਤੇ ਪੂਰਨ ਵਿਸਵਾਸ਼ ਅਤੇ ਦ੍ਰਿੜਤਾ ਨਾਲ ਚਲ ਕੇ ਹੀ ਪਾਇਆ ਜਾ ਸਕਦਾ ਹੈ। ਇਸ ਅੰਮ੍ਰਿਤ ਨਾਲ ਹੀ ਮਾਇਆ ਦੀ ਬਿਖ ਦੂਰ ਹੋ ਸਕਦੀ ਹੈ ਤੇ ਸੁਕੇ ਮਨ ਵਿਚ ਖੇੜਾ ਆ ਸਕਦਾ ਹੈ। ਗੁਰੂ ਰਾਮਦਾਸ ਫੁਰਮਾਉਂਦੇ ਹਨ:-

ਅੰਮ੍ਰਿਤ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤ ਗੁਰਮਤਿ ਪਾਏ ਰਾਮ ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤ ਬਿਖੁ ਲਹਿ ਜਾਏ ਰਾਮ ॥ [27]

ਗੁਰੂ ਪਦਵੀ ਪ੍ਰਾਪਤ ਕਰਨ ਤੋਂ ਪਹਿਲਾਂ ਗੁਰੂ ਰਾਮਦਾਸ ਨੇ ਆਪਣੇ ਅਮਲੀ ਜੀਵਨ ਦੁਆਰਾ ਇਕ ਗੁਰਸਿੱਖ ਦੇ ਆਦਰਸ਼ ਨੂੰ ਪੇਸ਼ ਕੀਤਾ। ਸਿੱਖ ਨੂੰ ਗੁਰੂ ਦੇ ਹੁੱਕਮ ਵਿਚ ਵਿਚਰਦਿਆਂ ਗੁਰੂ ਨੂੰ ਆਪਣਾ ਤਨ-ਮਨ-ਧਨ ਸਭ ਕੁਝ ਅਰਪਣ ਕਰਨ ਦਾ ਸਿਧਾਂਤ ਬਖਸ਼ਦਿਆਂ ਫਰਮਾਉਂਦੇ ਹਨ, "ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ "[28] ਅਤੇ "ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ "[29] ਉਨ੍ਹਾਂ ਲਗਪਗ 28 ਸਾਲ ਗੁਰਸਿੱਖੀ ਦੀ ਕਮਾਈ ਕੀਤੀ। ਆਪ ਭਾਵੇ ਗੁਰੂ ਅਮਰਦਾਸ ਦੇ ਦਾਮਾਦ ਸਨ ਪਰ ਉਨ੍ਹਾਂ ਨੇ ਸੰਸਾਰੀ ਰਿਸ਼ਤੇ ਨੂੰ ਕਦੇ ਮੁੱਖ ਨਹੀਂ ਰਖਿਆ। ਉਹ ਆਪਣੇ ਆਪ ਨੂੰ ਉਨ੍ਹਾਂ ਦਾ ਇਕ ਸਿੱਖ ਸੇਵਾਦਾਰ ਹੀ ਸਮਝਦੇ ਰਹੇ ਇਸਤੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਉਨ੍ਹਾਂ ਵਿਚ ਰੰਚਕ

ਮਾਤ੍ਰ ਵੀ ਹਉਮੈ ਅਤੇ ਸੰਸਾਰੀ ਵਡਿਆਈ ਦੀ ਭਾਵਨਾ ਨਹੀਂ ਸੀ। ਗੁਰੂ ਦੇ ਨਾਲ ਉਹ ਸੰਗਤ ਨੂੰ ਵੀ "ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ॥ "[30] ਗੁਰੂ ਰੂਪ ਸਮਝਦੇ ਸਨ। ਸਾਰੇ ਸਿੱਖਾਂ ਵਿਚ ਹੀ ਉਨ੍ਹਾਂ ਨੂੰ ਗੁਰੂ ਨਜ਼ਰ ਆਉਂਦਾ ਸੀ। ਇਸ ਲਈ ਉਨ੍ਹਾਂ ਦੇ ਮਨ ਵਿਚ ਗੁਰਸਿੱਖਾਂ ਦਾ ਵੀ ਅਥਾਹ ਪਿਆਰ ਤੇ ਸਤਿਕਾਰ ਸੀ। ਉਹ ਤਾਂ ਗੁਰਮੁਖਿ ਗੁਰਸਿੱਖਾਂ ਦੀ ਚਰਣ ਧੂੜ ਬਾਂਛਦੇ ਹਨ। ਉਨ੍ਹਾਂ ਦੀ ਬਾਣੀ ਵਿਚ ਗੁਰਸਿੱਖਾਂ ਨੂੰ ਵੀ ਬਹੁਤ ਉਚਾ ਦਰਜਾ ਦਿੱਤਾ ਗਿਆ ਉਨ੍ਹਾਂ ਦੀ ਮਹਿਮਾ ਗਾਈ ਗਈ ਹੈ। ਗੁਰੂ ਜੀ ਫੁਰਮਾਉਂਦੇ ਹਨ:

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮ ਕਹਿਆ॥ [31]
ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨ ਪਰਾਣੀ ॥
ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ ॥ [32]
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ [33]
ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥ [34]

ਗੁਰੂ ਰਾਮਦਾਸ ਦੀ ਬਾਣੀ ਵਿਚ ਗੁਰਸਿਖਾਂ ਦੀ ਰਹਿਣੀ ਬਹਿਣੀ ਦਾ ਵੀ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਉਨ੍ਹਾਂ ਨੇ ਗੁਰਸਿੱਖਾਂ ਦੇ ਸਵੇਰੇ ਉਠ ਕੇ ਨਾਮ ਜਪਣ, ਇਸਨਾਨ ਕਰਨ ਗੁਰਬਾਣੀ ਪੜ੍ਹਨ ਅਤੇ ਹਰ ਵੇਲੇ ਦੇ ਸਿਮਰਨ ਨੂੰ ਗੁਰਸਿਖੀ ਜੀਵਨ ਦਾ ਆਦਰਸ਼ ਦਸਿਆ ਹੈ। ਉਨ੍ਹਾਂ ਨੇ ਫੁਰਮਾਇਆ ਹੈ:-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ [35]

ਗੁਰੂ ਜੀ ਅਨੁਸਾਰ ਗੁਰੂ ਦਾ ਸਿੱਖ ਸਦਾ "ਹੁਕਮ ਰਜਾਈ" ਵਿਚ, ਗੁਰਕੇ ਭਾਣੇ ਵਿਚ, ਸਬਰ, ਸਿਦਕ, ਸੰਤੋਖ ਵਿਚ, ਦੁਖ ਸੁਖ ਨੂੰ ਇਕ ਸਮਾਨ ਸਮਝਦਾ ਹੋਇਆ ਗੁਰੂ ਤੇ ਆਪਣੀ ਟੇਕ ਰਖਕੇ ਜਿਉਂਦਾ ਹੈ। ਜੇ ਗੁਰੂ ਉਸਤੇ ਪ੍ਰਸੰਨ ਹੋਵੇ ਉਹ ਤਾਂ ਵੀ ਗੁਰੂ ਦੇ ਚਰਨਾਂ ਦੀ ਧੂੜ ਬਣਕੇ ਰਹਿੰਦਾ ਹੈ। ਆਪਣੀ ਵਡਿਆਈ ਨਹੀਂ ਸਮਝਦਾ ਜੇ ਗੁਰੂ ਉਸਨੂੰ ਤਾੜਨਾ ਕਰੇ ਇਸ ਵਿਚ ਵੀ ਉਹ ਆਪਣਾ ਭਲਾ ਸਮਝਦਾ ਹੈ। ਉਹ ਬੁਰਾ ਨਹੀਂ ਮਨਾਉਂਦਾ ਜਿਵੇਂ ਗੁਰੂ ਰਾਮਦਾਸ ਨੇ ਇਸ ਮਹਾਵਾਕ ਵਿਚ ਦਸਿਆ ਹੈ:-

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥



ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ [36]
ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ ॥
ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ ॥ [37]

ਉਨ੍ਹਾਂ ਨੇ ਗੁਰੂ ਨਾਨਕ ਦੇਵ ਵਲੋਂ ਪਰਮਾਤਮਾ ਦੇ ਇਕੋ-ਇਕ ਹੋਣ ਦੇ ਸਿਧਾਂਤ (ਇਕ ਈਸ਼ਵਰਵਾਦ) ਨੂੰ ਦ੍ਰਿੜ ਕਰਵਾਇਆ ਹੈ। ਉਨ੍ਹਾਂ ਦੀ ਨਜ਼ਰ ਵਿਚ ਪਰਮਾਤਮਾ ਦੀ ਹੋਂਦ ਇੰਨੀ ਵਿਆਪਕ ਹੈ ਕਿ ਗੁਰੂ ਤੇ ਚੇਲਾ ਵੀ ਉਨ੍ਹਾਂ ਨੂੰ ਇਕੋ ਰੂਪ ਹੀ ਵਿਖਾਈ ਦਿੰਦੇ ਸਨ। ਗੁਰੂ ਚੇਲੇ ਦੇ ਇਕ ਹੋਣ ਦਾ ਇਹੋ ਸਿਧਾਂਤ ਪਿਛੋਂ ਜਾ ਕੇ ਖਾਲਸਾ ਦੀ ਸਾਜਨਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਦੀ ਪਦਵੀ ਦਾ ਅਧਾਰ ਸਾਬਿਤ ਹੋਇਆ ਹੈ। ਇਸ ਬਾਰੇ ਗੁਰੂ ਜੀ ਦਾ ਬਚਨ ਹੈ:-

ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ॥
ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ॥ [38]
ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥ [39]

ਗੁਰ ਸਿੱਖਾਂ ਦੇ ਟਾਕਰੇ ਤੇ ਮਨਮੁਖਾਂ ਦਾ ਜੀਵਨ ਬਿਲਕੁਲ ਵਖਰੇ ਢੰਗ ਦਾ ਹੁੰਦਾ ਹੈ। ਇਨ੍ਹਾਂ ਦੋਹਾਂ ਦਾ ਆਪਸ ਵਿਚ ਕੋਈ ਮੇਲ ਨਹੀਂ ਹੋ ਸਕਦਾ। ਮਨਮੁਖਾਂ ਦੀ ਨਿਸ਼ਾਨੀ ਵਡੀ ਇਹ ਹੈ ਕਿ ਉਹ ਸਦਾ ਮਾਇਆ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਅਤੇ ਨਿਜੀ ਹਉਮੈਂ ਨੂੰ ਹੀ ਮੁਖ ਰਖਦੇ ਹਨ। ਉਨ੍ਹਾਂ ਦੇ ਮਨ ਵਿਚ ਨਾਮ ਦੀ ਕੋਈ ਕਦਰ ਨਹੀਂ ਹੁੰਦੀ। ਉਨ੍ਹਾਂ ਦੇ ਜੀਵਨ ਦਾ ਅਧਾਰ ਝੂਠ ਹੀ ਝੂਠ ਹੁੰਦਾ ਹੈ। ਮਨਮੁਖ ਬਾਰੇ ਰੋਸ਼ਨੀ ਪਾਉਂਦਿਆਂ ਗੁਰੂ ਜੀ ਨੇ ਵਰਣਨ ਕੀਤਾ ਹੈ:-

ਮਨਮੁਖਿ ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ॥
ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜਿ ਕਰੈ ਆਹਾਰੁ॥ [40]

ਸਿੱਖਾਂ ਦੇ ਅਰੋਗ ਜੀਵਨ ਲਈ ਵੀ ਗੁਰੂ ਜੀ ਦੀ ਬਾਣੀ ਗਿਆਨ ਦਾ ਵਡਾ ਸਰੋਤ ਹੈ। ਆਮ ਤੌਰ ਤੇ ਜਾਇਦਾਦਾਂ ਦੇ ਝਗੜੇ ਪਰਿਵਾਰਾਂ ਵਿਚ ਹੁੰਦੇ ਹੀ ਰਹਿੰਦੇ ਹਨ। ਇਸ ਸਬੰਧ ਵਿਚ ਗੁਰੂ ਦੀ ਅਗਵਾਈ ਬਹੁਤ ਮਹੱਤਵ ਰਖਦੀ ਹੈ। ਇਸ ਵਿਚੋਂ ਰਿਸ਼ਤਿਆਂ ਨੂੰ ਕਾਇਮ ਰਖਣ ਤੇ ਜੋਰ ਦਿਤਾ ਗਿਆ ਹੈ।ਗੁਰੂ ਸਾਹਿਬ ਦਾ ਉਪਦੇਸ਼ ਹੈ, "ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ ॥ "[41] ਪ੍ਰਿਥੀ ਚੰਦ ਜਦੋਂ ਗੁਰਿਆਈ ਨਾ ਮਿਲਣ ਤੇ ਝਗੜਾ ਕਰਨ ਲੱਗਾ ਤਾਂ ਉਨ੍ਹਾਂ ਨੇ ਉਸਦੇ ਪਰਥਾਇ ਇਹ ਸ਼ਬਦ ਉਚਾਰਿਆ ਸੀ:

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥

ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ ਰਹਾਉ ॥ [42]

ਨਾਮ ਦੀ ਪ੍ਰਾਪਤੀ ਗੁਰਮਤਿ ਦਾ ਸਭ ਤੋਂ ਉਚਾ ਲਕਸ਼ ਹੈ। ਗੁਰਮਤਿ ਵਿਚ ਨਾਮ ਦਾ ਅਰਥ ਕੋਈ ਅੱਖਰ ਜਾਂ ਸ਼ਬਦ ਨਹੀਂ ਹੈ। ਨਾਮ ਪਰਮਾਤਮਾ ਦੀ ਪ੍ਰਤੱਖ ਹੋਂਦ ਹੈ ਜੋ ਭਗਤਾਂ ਦੇ ਹਿਰਦੇ ਵਿਚ ਪ੍ਰਗਟ ਹੁੰਦੀ ਹੈ। ਇਹ ਹੋਂਦ ਸਰਵ ਵਿਆਪੀ ਤੇ ਸ੍ਰਿਸ਼ਟੀ ਦਾ ਅਧਾਰ ਹੈ। ਗੁਰੂ ਰਾਮਦਾਸ ਨੇ ਹਰਿ ਨਾਮ ਦੀ ਮਹੱਤਤਾ ਨੂੰ ਆਪਣੀ ਬਾਣੀ ਵਿਚ ਵਿਸਥਾਰ ਸਹਿਤ ਪ੍ਰਗਟ ਕੀਤਾ ਹੈ। ਉਨ੍ਹਾਂ ਦਾ ਮਹਾਵਾਕ ਹੈ: –

ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ ॥
ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ ॥
ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ ਹਰਿ ਨਾਮੋ ਅੰਤਿ ਛਡਾਤਾ ॥
ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥
ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥ [43]

ਗੁਰੂ ਅਤੇ ਨਾਮ ਦੀ ਵਡਿਆਈ ਦੇ ਨਾਲ ਨਾਲ ਉਨ੍ਹਾਂ ਦੀ ਬਾਣੀ ਅਕਾਲ ਪੁਰਖ ਵਿਚ ਦ੍ਰਿੜ ਅਤੇ ਅਟੁੱਟ ਵਿਸ਼ਵਾਸ ਦਾ ਵੀ ਮਹਾਨ ਪ੍ਰੇਰਨਾ ਸ੍ਰੋਤ ਹੈ। ਆਪਣੀਆਂ ਵਾਰਾਂ ਵਿਚ ਉਨ੍ਹਾਂ ਨੇ ਅਕਾਲ ਪੁਰਖ ਦੇ ਗੁਣਾਂ ਦਾ ਵਿਸਥਾਰ ਸਹਿਤ ਵਰਣਨ ਕੀਤਾ ਹੈ। ਉਨ੍ਹਾਂ ਦਾ ਉਪਦੇਸ਼ ਹੈ ਕਿ ਇਹ ਸਾਰਾ ਸੰਸਾਰ ਅਕਾਲ ਪੁਰਖ ਦੇ ਹੁਕਮ ਵਿਚ ਬਝਿਆ ਹੋਇਆ ਹੈ, ਅਕਾਲ ਪੁਰਖ ਹੀ ਸਭ ਦਾ ਕਰਣ ਕਾਰਣ ਸਮਰੱਥ ਹੈ, ਉਹ ਹੀ ਸਭਨਾਂ ਦਾ ਸੱਚਾ ਮਿੱਤਰ ਤੇ ਰਾਖਾ ਹੈ। ਉਹ ਸਰਬ ਸ਼ਕਤੀਮਾਨ ਹੈ ਉਸਦੀ ਸ਼ਰਨ ਵਿਚ ਕੋਈ ਡਰ ਭਉ ਭਰਮ ਰਖਣ ਦੀ ਲੋੜ ਨਹੀਂ ਹੈ। ਗੁਰੂ ਜੀ ਨੇ ਫੁਰਮਾਇਆ ਹੈ:

ਹਰਿ ਇਕੋ ਕਰਤਾ ਇਕੁ ਇਕੋ ਦੀਬਾਣੁ ਹਰਿ ॥
ਹਰਿ ਇਕਸੈ ਦਾ ਹੈ ਅਮਰੁ ਇਕੋ ਹਰਿ ਚਿਤਿ ਧਰਿ ॥
ਹਰਿ ਤਿਸੁ ਬਿਨੁ ਕੋਈ ਨਾਹਿ ਡਰੁ ਭ੍ਰਮੁ ਭਉ ਦੂਰਿ ਕਰਿ ॥ [44]
ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ ॥
ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ ॥ [45]
ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥ [46]
ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ ॥
ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥



ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥ [47]

ਗੁਰੂ ਰਾਮਦਾਸ ਨੇ ਮਨੁੱਖ ਨੂੰ ਇਕੋ ਅਕਾਲ ਜੋਤਿ ਉਤੇ ਟੇਕ ਰੱਖਣ ਦਾ ਉਪਦੇਸ਼ ਕੀਤਾ ਹੈ ਸਤਿਗੁਰਾਂ ਦਾ ਇਹ ਉਪਦੇਸ਼ ਅੱਜ ਜਦੋਂ ਥਾਂ ਥਾਂ ਅਖੌਤੀ ਗੁਰੂ-ਡੇਰੇਦਾਰ ਤੇ ਲੋਕਾਂ ਦੀਆ ਕਮੀਆਂ ਕਮਜ਼ੋਰੀਆ, ਲਾਲਸਾਵਾਂ ਅਤੇ ਤ੍ਰਿਸ਼ਨਾਵਾਂ ਨੂੰ ਭਾਂਪਦਿਆਂ ਉਨ੍ਹਾਂ ਦਾ ਭਰਪੂਰ ਸ਼ੋਸ਼ਣ ਕਰ ਰਹੇ ਹਨ, ਬਹੁਤ ਮਹੱਤਵ ਰਖਦਾ ਹੈ ਅਤੇ ਭੁੱਲੜ ਲੋਕਾਂ ਨੂੰ ਚਾਨਣ ਪਾਉਂਦਾ ਹੈ। ਮਨੁੱਖ ਨੂੰ ਅਜਿਹੇ ਪਰਿਪੂਰਣ, ਸਰਬ ਸਮਰੱਥ ਪ੍ਰਭੂ ਦਾ ਹੀ ਆਸਰਾ ਅਤੇ ਓਟ ਚਿਤ ਵਿਚ ਰਖਣੀ ਚਾਹੀਦੀ ਹੈ। ਉਸ ਮਹਾਨ ਸ਼ਕਤੀ ਨੂੰ ਛੱਡ ਕੇ ਕਿਸੇ ਹੋਰ ਅਗੇ ਹੱਥ ਨਹੀਂ ਅੱਡਣੇ ਚਾਹੀਦੇ। ਕਿਸੇ ਮਨੁੱਖ ਨੂੰ ਦਾਤਾ ਸਮਝਣ ਵਿਚ ਮਨੁੱਖ ਨੂੰ ਲੱਜਾ ਮਹਿਸੂਸ ਕਰਨੀ ਚਾਹੀਦੀ ਹੈ ਕਿਉਂਕਿ ਪਰਮਾਤਮਾ ਸਭਨਾਂ ਵਿਚ ਇਕ ਸਮਾਨ ਵਰਤਦਾ ਹੈ। ਇਸ ਸਬੰਧੀ ਸਤਿਗੁਰਾਂ ਦਾ ਉਪਦੇਸ਼ ਸਪੱਸ਼ਟ ਹੈ। ਗੁਰਵਾਕ ਹੈ:-

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥
ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ॥ [48]

ਗੁਰੂ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਨੂੰ ਛੱਡ ਕੇ ਹੋਰ ਕਿਸੇ ਦੀ ਆਸ ਵੀ ਨਹੀਂ ਰਖਣੀ ਚਾਹੀਦੀ ਕਿਉਂਕਿ ਮਾਇਆ ਮੋਹ ਕੁਟੰਬ ਦੇ ਸਨਬੰਧੀਆਂ ਅਤੇ ਦੁਨਿਆਵੀ ਮਿੱਤਰਾਂ ਦੀ ਆਸ ਝੂਠੀ ਹੁੰਦੀ ਹੈ। ਇਹ ਕਦੇ ਵੀ ਪੂਰੀ ਨਹੀਂ ਹੁੰਦੀ। ਜਿਹੜਾ ਵਿਅਕਤੀ ਸਿਰਫ਼ ਪਰਮਾਤਮਾ ਉਤੇ ਹੀ ਟੇਕ ਰਖਦਾ ਹੈ ਉਸੇ ਦਾ ਜੀਵਨ ਸਫ਼ਲ ਹੁੰਦਾ ਹੈ ਜਿਵੇਂ ਕਿ ਗੁਰੂ ਰਾਮਦਾਸ ਜੀ ਦਾ ਬਚਨ ਹੈ:-

ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ ॥
ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ ॥ [49]
ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ ਮਤ ਤਿਸ ਕੀ ਆਸ ਲਗਿ ਜਨਮੁ ਗਵਾਈ ॥
ਇਨ੍ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ ਇਨ੍ ਕਾ ਵਾਹਿਆ ਕਛੁ ਨ ਵਸਾਈ ॥
ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ ॥
ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ ॥
ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ ਖਿਨ ਮਹਿ ਝੂਠੁ ਬਿਨਸਿ ਸਭ ਜਾਈ ॥
ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ ਜੋ ਤੇਰਾ ਘਾਲਿਆ ਸਭੁ ਥਾਇ ਪਾਈ ॥ [50]

ਗੁਰਬਾਣੀ ਵਿਚ ਮਨੁੱਖੀ ਜੀਵਨ ਦੀ ਹਰ ਸਮਸਿਆ ਦਾ ਹੱਲ ਮੌਜੂਦ ਹੈ। ਗੁਰਮਤਿ ਵਿਚਾਰਧਾਰਾ ਮੁਕੰਮਲ ਜੀਵਨ ਜੁਗਤ ਹੈ। ਜਿਵੇਂ ਅੱਜ ਪੰਜਾਬ,ਦੇਸ਼ ਦੇ ਹੋਰਨਾਂ ਖਿਤਿਆਂ ਅਤੇ ਵਿਦੇਸ਼ਾਂ ਵਿਚ ਗੁਰੂ ਡੰਮ ਜੋਰਾਂ ਤੇ ਫੈਲ ਰਿਹਾ ਹੈ ਇਸਦਾ ਖੰਡਨ ਪਹਿਲਾਂ ਹੀ ਗੁਰਬਾਣੀ ਵਿਚ

ਕੀਤਾ ਮਿਲਦਾ ਹੈ। ਗੁਰੂ ਰਾਮਦਾਸ ਦੀ ਬਾਣੀ ਵਿਚ ਪਾਖੰਡ ਤੇ ਦੰਭ ਦਾ ਖੰਡਨ ਬਹੁਤ ਜ਼ੋਰਦਾਰ ਸ਼ਬਦਾਂ ਵਿਚ ਵਿਸਤਾਰ ਸਹਿਤ ਕੀਤਾ ਗਿਆ ਹੈ। ਗੁਰੂ ਘਰ ਦੇ ਨਿੰਦਕਾਂ ਤੇ ਦੋਖੀਆਂ ਦੀ ਸਖਤੀ ਨਾਲ ਨਿਖੇਧੀ ਕੀਤੀ ਗਈ ਹੈ ਅਤੇ ਉਨ੍ਹਾਂ ਦੀ ਝੂਠੀ ਵਡਿਆਈ ਦਾ ਪਾਜ ਵੀ ਉਘਾੜਿਆ ਹੈ: ਗੁਰੂ ਜੀ ਨੇ ਫੁਰਮਾਇਆ ਹੈ: -

ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥
ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਿਬ ਮਨਿ ਭਾਣੀ ॥
ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ ॥ [51]
ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥
ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥ [52]
ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ॥
ਓਹੁ ਗਲ ਫਰੋਸੀ ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ॥ [53]
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥
ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥
ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥ [54]

ਗੁਰੂ ਰਾਮਦਾਸ ਸਾਹਿਬ ਨੇ ਪਰਮਾਤਮਾ ਦੀ ਸਰਬ ਵਿਆਪਕਤਾ ਨੂੰ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਅਤੇ ਡੂੰਘੇ ਵਿਸ਼ਵਾਸ ਅਤੇ ਨਜ਼ਦੀਕ ਦੇ ਅਹਿਸਾਸ ਨਾਲ ਬਿਆਨ ਕੀਤਾ ਹੈ। ਦੇਖੋ ਉਨ੍ਹਾਂ ਦਾ ਇਹ ਸ਼ਬਦ:-

ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ॥
ਅਗੈ ਸਭੁ ਆਪੇ ਵਰਤਦਾ ਹਰਿ ਸਚਾ ਨਿਆਈ॥ [55]

ਉਨ੍ਹਾਂ ਦੀ ਬਾਣੀ ਧਰਮ, ਦਰਸ਼ਨ ਤੇ ਅਧਿਆਤਮ ਦਾ ਹੀ ਖਜ਼ਾਨਾ ਨਹੀਂ ਸਗੋਂ ਸਮਾਜਿਕਤਾ ਦਾ ਵੀ ਅਧਾਰ ਹੈ। ਗੁਰੂ ਸਾਹਿਬ ਦੀਆਂ ਉਚਾਰੀਆਂ ਚਾਰ ਲਾਵਾਂ ਸਿੱਖਾਂ ਦੇ ਅਨੰਦ ਕਾਰਜਾਂ ਸਮੇਂ ਉਚਾਰੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਉਨ੍ਹਾਂ ਨੇ ਦੁਨਿਆਵੀ ਪੱਖ ਤੋਂ ਲੈ ਕੇ ਆਤਮਾ ਪਰਮਾਤਮਾ ਤੱਕ ਦੇ ਸਾਰੇ ਮਾਰਗ ਦਾ ਗਹਿਰਾਈ ਨਾਲ ਵਰਣਨ ਕੀਤਾ ਹੈ। ਇਨ੍ਹਾਂ ਲਾਵਾਂ ਦੇ ਪਾਠ ਵਿਚ ਗੁਰੂ ਜੀ ਨੇ ਅਧਿਆਤਮਕ ਮੰਡਲ ਵਿਚ ਪਰਮਾਤਮਾ ਪਤੀ ਰੂਪ, ਗੁਰੂ ਪਿਤਾ ਰੂਪ ਅਤੇ ਆਤਮਾ ਜੀਵ ਇਸਤਰੀ (ਪਤਨੀ) ਰੂਪ ਵਿਚ ਪੇਸ਼ ਕਰਕੇ ਦੁਨੀਆਵੀ ਤੌਰ ਉਤੇ ਪਿਤਾ, ਪਤੀ ਅਤੇ ਪਤਨੀ ਰੂਪ ਵਿਚ ਰਿਸ਼ਤਿਆਂ ਨੂੰ ਸਪੱਸ਼ਟ ਕੀਤਾ ਹੈ ਅਤੇ ਸੱਤ,ਸੰਤੋਖ ਅਤੇ ਭਾਉ ਦੇ ਸਦਗੁਣਾਂ ਨੂੰ ਮੱਹਤਵਪੂਰਨ



ਦਸਦਿਆਂ ਖੂਬ ਉਜਾਗਰ ਕੀਤਾ ਹੈ। ਗੁਰਵਾਕ ਹੈ:-

ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ॥
ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ॥ [56]

ਅਜੋਕੇ ਸਮੇਂ ਜਦੋਂ ਦਾਜ ਦਹੇਜ ਦੀ ਲਾਹਨਤ ਕਾਰਨ ਸਮਾਜ ਵਿਚ ਕੁਹਰਾਮ ਮਚਿਆ ਹੋਇਆ ਹੈ ਅਤੇ ਪਵਿਤਰ ਰਿਸ਼ਤੇ ਟੁੱਟ ਰਹੇ ਹਨ। ਅਨੇਕਾਂ ਨਵਦੰਪਤੀ ਕਚਹਿਰੀਆਂ ਵਿਚ ਰੁਲ ਰਹੇ ਹਨ ਅਤੇ ਉਨ੍ਹਾਂ ਦਾ ਜੀਵਨ ਨਰਕ ਨੁਮਾ ਹੋ ਰਿਹਾ ਹੈ। ਗੁਰੂ ਰਾਮਦਾਸ ਵੱਲੋਂ ਇਸ ਸਬੰਧੀ ਉਚਾਰਨ ਕੀਤਾ ਸ਼ਬਦ ਹਮੇਸ਼ਾਂ ਹਮੇਸ਼ਾਂ ਲਈ ਸਮਾਜ ਨੂੰ ਸਹੀ ਰੌਸ਼ਨੀ ਬਖਸ਼ਦਾ ਰਹੇਗਾ। ਗੁਰੂਵਾਕ ਹੈ:-

ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥

25. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.
26. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 758.
27. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 538.
28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 757.
29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 558.
30. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1314.
31. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 593.
32. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 725.
33. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305.
34. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1424.
35. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305.
36. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 757.
37. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 758.
38. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 758.
39. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 444.
40. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1423.
41. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 933.
42. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1200.
43. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 592.
44. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 83.
45. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 86.
46. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 91.
47. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 654.
48. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 590.
49. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 859.
50. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 859.
51. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 302.
52. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 304.



53. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 303.
54. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 309.
55. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 851.
56. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 773.
57. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 79.

# ਬਾਣੀ ਗੁਰੂ ਰਾਮਦਾਸ: ਸੰਚਾਰ ਜੁਗਤਾਂ

ਡਾ. ਮਹਿੰਦਰ ਕੌਰ ਗਿੱਲ*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਇਕੱਤੀ ਰਾਗਾਂ ਵਿਚੋਂ ਚਉਥੇ ਪਾਤਸ਼ਾਹ ਨੇ ਤੀਹ ਰਾਗਾਂ ਵਿਚ ਬਾਣੀ-ਸਿਰਜਣਾ ਕੀਤੀ ਹੈ। ਜ਼ਿਆਦਾ ਵਿਸਤਾਰ ਵਿਚ ਨਾ ਜਾਂਦੇ ਹੋਏ ਉਹਨਾਂ ਦੀ ਬਾਣੀ-ਰਚਨਾ ਦੀਆਂ ਪ੍ਰਮੁੱਖ ਸੰਚਾਰ-ਜੁਗਤਾਂ ਦਾ ਅਧਿਐਨ ਕਰਨ ਲਈ ਹਥਲਾ-ਕਾਰਜ ਉਹਨਾਂ ਦੁਆਰਾ ਸਿਰਜਿਤ ਛੰਤ-ਰਚਨਾ ਉਪਰ ਕੇਂਦਰਿਤ ਹੈ। ਇਸ ਰਾਹੀਂ ਉਹਨਾਂ ਦੇ ਪ੍ਰਮੁੱਖ ਸੰਚਾਰ ਮਾਧਿਅਮ ਦੀ ਪਰਖ ਪੜਤਾਲ ਕੀਤੀ ਗਈ ਹੈ। ਚਉਥੇ ਗੁਰੂ ਨੇ ਭਗਤੀ ਆਤਮਕ ਰਤੀ ਨੂੰ ਨਿਰੂਪਿਤ ਕਰਨ ਲਈ ਜੀਵਾਤਮਾ ਤੇ ਪਰਮਾਤਮਾ ਦਾ ਪਤੀ-ਪਤਨੀ ਦੇ ਰੂਪਕ ਨਾਲੋਂ ਵਿਆਹ ਦਾ ਰੂਪਕ ਚੁਣਿਆ ਹੈ। ਵਿਆਹ ਦੇ ਲੌਕਿਕ ਸੰਬੰਧਾਂ ਦੀ ਭਰਪੂਰ ਪੇਸ਼ਕਾਰੀ ਇਨ੍ਹਾਂ ਛੰਤਾਂ ਦਾ ਖਾਸਾ ਹੈ। ਵਿਆਹ ਦਾ ਲੌਕਿਕ ਮਹੱਤਵ, ਇਸ ਜੀਵਨ ਵਿਚ ਆਉਣ ਵਾਲੇ ਸੰਬੰਧੀ, ਭਾਵੀ ਜੀਵਨ ਵਿਚ ਵਾਪਰਣ ਵਾਲੀ ਤਬਦੀਲੀ, ਦੁਨੀਆਂਦਾਰੀ ਦਾ ਵਰਤ ਵਿਹਾਰ, ਆਚਾਰ-ਵਿਚਾਰ ਆਦਿ ਸੰਕਲਪ ਵਿਆਹ ਦੇ ਰੂਪਕ ਰਾਹੀਂ ਹੀ ਪੇਸ਼ ਹੋਏ ਹਨ। ਵਿਆਹ ਦਾ ਮੂਲ ਸੰਬੰਧ ਪਤੀ-ਪਤਨੀ ਨਾਲ ਹੀ ਹੁੰਦਾ ਹੈ ਪਰ ਦੰਪਤੀ ਦੇ ਇਲਾਵਾ ਇਨ੍ਹਾਂ ਦਾ ਸੰਬੰਧ ਰਿਸ਼ਤੇਦਾਰਾਂ ਬਲਕਿ ਦੋ ਪਰਿਵਾਰਾਂ ਦਾ ਇਕ ਦੂਜੇ ਨਾਲ ਅਤਿ ਨੇੜੇ ਦਾ ਸੰਬੰਧ ਬਣਦਾ ਹੈ। ਗੁਰੂਰਾਮਦਾਸ ਨੇ ਵਿਆਹ ਦੇ ਵਿਰਾਟ ਲੌਕਿਕ ਸੰਬੰਧਾਂ ਨੂੰਅਧਿਆਤਮਕ ਅਰਥਾਂ ਵਿਚ ਨਿਰੂਪਿਤ ਕੀਤਾ ਹੈ। ਇਕ ਛੰਤ ਹਾਜ਼ਰ ਹੈ:

ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥



ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥
ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਵ ਸੋਹੰਦੀ ॥੩॥
ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥[1]

ਜਾਹਿਰ ਹੈ, ਇਸ ਛੰਤ ਵਿਚ ਵਿਆਹ ਤੋਂ ਪਹਿਲਾਂ ਬਾਲੜੀ ਲੋਚਾ, ਪੇਕੇ ਘਰ ਵਿਚ ਕਾਰ-ਵਿਹਾਰ ਸਿੱਖਣਾ, ਕੁਆਰੀ ਮੁਟਿਆਰ ਸਹੇਲੀਆਂ ਵਿਚ ਬੇਫਿਕਰ ਬਾਹਾਂ ਮਾਰ ਕੇ ਤਾਂ ਹੀ ਤੁਰ ਫਿਰ ਸਕਦੀ ਹੈ ਜੇ ਸਹੁਰੇ ਘਰ ਵਿਚ ਕੰਮ ਕਰਨਾ ਆਉਂਦਾ ਹੋਵੇ, ਜੰਞ ਦਾ ਬਿੰਬ, ਦਾਜ ਦਾ ਬਿੰਬ, ਤੇ ਫਿਰ ਸ਼ਾਦੀ ਤੋਂ ਬਾਅਦ ਗ੍ਰਹਿਸਤੀ ਜੀਵਨ (ਵਲ ਵਧਣਾ) ਆਦਿ ਸਾਰੇ ਦਾ ਸਾਰਾ ਜੀਵਨ ਇਸ ਛੰਤ ਦੀ ਲਪੇਟ ਵਿਚ ਆ ਗਿਆ ਹੈ। ਇਥੇ ਇਹ ਧਿਆਨ ਰਹੇ ਇਸ ਛੰਤ ਵਿਚ ਬਾਲੜੀ ਨੂੰ ਪੇਕੇ ਘਰ ਵਿਚ ਕਿਹੋ ਜੇਹੀ ਟ੍ਰੇਨਿੰਗ ਮਿਲਣੀ ਚਾਹੀਦੀ ਹੈ ਤਾਂ ਜੋ ਉਹ ਸਹੁਰੇ ਘਰ ਵਸਦੀ ਰਸਦੀ ਸੋਹਣੀ ਲੱਗੇ ਉਪਰ ਹੀ ਬਲ ਦਿੱਤਾ ਗਿਆ ਹੈ। ਪਰ ਗੱਲ ਇਥੇ ਹੀ ਸਮਾਪਤ ਨਹੀਂ ਹੁੰਦੀ। ਲੜਕੀ ਦੀ ਸ਼ਾਦੀ ਜਿਸ ਘਰ ਵਿਚ ਕੀਤੀ ਜਾਂਦੀ ਹੈ, ਕੁੜਮਾਚਾਰੀ ਤੇ ਲਗਨ ਆਦਿ ਨੂੰ ਵੀ ਧਿਆਨ ਵਿਚ ਰੱਖਿਆ ਜਾਂਦਾ ਹੈ। ਇਥੇ ਇਕ ਹੋਰ ਛੰਤ ਪੇਸ਼

*ਰਿਟਾ. ਪ੍ਰੋਫੈਸਰ, ਦਿੱਲੀ

ਹੈ:

ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ॥
ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ ॥
ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥
ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥
ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥੧॥
ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥
ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥
ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥
ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥੨॥
ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ ॥
ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ ॥
ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ ॥
ਆਪੇ ਦਇਆ ਕਰੇ ਪ੍ਰਭੁ ਦਾਤਾ ਸਤਿਗੁਰੁ ਪੁਰਖੁ ਮਿਲਾਏ ॥
ਜਨਮ ਜਨਮ ਕੇ ਵਿਛੁੜੇ ਜਨ ਮੇਲੇ ਨਾਨਕ ਸਹਜਿ ਸੁਭਾਏ ॥੩॥
ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ ॥
ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ ॥
ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ ॥
ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ ॥
ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ ॥
ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ ॥੪॥੧॥[2]

ਉਪਰ ਅੰਕਿਤ ਦੋਹਾਂ ਛੰਤਾਂ ਵਿਚ ਲੌਕਿਕ ਸੰਬੰਧਾਂ, ਰਿਸ਼ਤੇਦਾਰੀ, ਭਾਈਚਾਰਾ, ਰੀਤਾਂ ਰਸਮਾਂ ਦੀ ਜਿਥੇ ਪੇਸ਼ਕਾਰ ਹੈ ਉਥੇ ਨਾਲੋ-ਨਾਲ ਅਧਿਆਤਮਕ ਸਾਰਥਕਤਾ ਨੂੰ ਵੀ ਨਿਰੂਪਿਤ ਕੀਤਾ ਗਿਆ ਹੈ। ਹੁਣ ਇਕ ਬੁਨਿਆਦੀ ਪ੍ਰਸ਼ਨ ਸਨਮੁਖ ਹੁੰਦਾ ਹੈ। ਗੁਰੂਰਾਮਦਾਸ ਨੇ ਵਿਆਹ ਦੇ ਰੂਪਕ ਨੂੰ ਆਪਣੀ



ਭਗਤੀ-ਭਾਵਨਾ ਦਾ ਸੰਚਾਰ-ਮਾਧਿਅਮ ਕਿਉਂ ਬਣਾਇਆ ਹੈ? ਕੀ ਇਸ ਸੰਚਾਰ-ਮਾਧਿਅਮ ਰਾਹੀਂ ਉਹ ਭਾਰਤੀ ਸੰਸਕ੍ਰਿਤੀ ਨੂੰਉਜਾਗਰ ਕਰਨਾ ਚਾਹੁੰਦੇ ਸਨ ਜਾਂ ਇਸ ਰਾਹੀਂ ਉਹ ਅਨੁਭੂਤੀ ਦੀ ਡੂੰਘਿਆਈ ਨੂੰ ਪੇਸ਼ ਕਰਨਾ ਚਾਹੁੰਦੇ ਸਨ ਜਾਂ ਫਿਰ ਅਨੁਭਵ ਦੀ ਗਹਿਰ ਨੂੰਸਮਝਣ ਲਈ ਵਿਆਹ-ਸੰਸਕਾਰ ਜੁਗਤ ਦੇ ਤੌਰ 'ਤੇ ਵਰਤੇ ਗਏ ਹਨ? ਇਹਨਾਂ ਸੁਆਲਾਂ ਦੇ ਉੱਤਰ ਲੱਭਣ ਤੋਂ ਪਹਿਲਾਂ ਵੇਦਾਂਤ ਫਿਲਾਸਫੀ ਵਿਚ ਪੇਸ਼ ਹੋਏ ਕੋਸ਼ ਨੂੰ ਜਾਣਨਾ ਲਾਜ਼ਮੀ ਹੈ।

ਕੋਸ਼ ਤੋਂ ਭਾਵ ਹੈ ਪੜਦਾ ਜਾਂ ਗਿਲਾਫ। ਆਤਮਾ ਨੂੰਢੱਕਣ ਕਰਕੇ ਹੀ ਇਸ ਨੂੰਕੋਸ਼ ਕਿਹਾ ਜਾਂਦਾ ਹੈ। ਸਾਕਾਰ ਤੋਂ ਨਿਰਾਕਾਰ ਸਥੂਲ ਤੋਂ ਸੂਖਮ ਵਲ ਯਾਤਰਾ ਕਰਨਾ ਇਕ ਨੇਮ-ਪ੍ਰਬੰਧ ਨੂੰ ਜਾਣਨਾ ਹੈ। ਇਕ ਦ੍ਰਿਸ਼ਟੀ-ਬਿੰਦੂਨੂੰਸਮਝਣਾ ਹੈ। ਇਹ ਦ੍ਰਿਸ਼ਟੀ-ਬਿੰਦੂਹੀ ਆਪਣੇ ਆਪ ਵਿਚ ਇਕ ਪੜਦਾ ਹੈ ਜਿਸ ਨੂੰਲਾਹੇ ਬਿਨਾਂ ਕਿਸੇ ਤੱਤ ਵਿਸ਼ੇ ਦਾ ਸਹੀ ਗਿਆਨ ਨਹੀਂ ਹੋ ਸਕਦਾ। ਉਦਾਹਰਣ ਲਈ ਭੁਖ ਪਿਆਸ ਦਾ ਕੋਈ ਰੂਪ ਨਹੀਂ ਹੁੰਦਾ, ਪਰ ਅੰਨ ਖਾਣ ਤੋਂ ਬਾਅਦ ਇਹ ਕਿਹਾ ਜਾਂਦਾ ਹੈ, ਭੁੱਖ ਮਿਟ ਗਈ ਹੈ। ਭੁੱਖ ਸਥੂਲ ਵਸਤੂਨਹੀਂ, ਪਰ ਭੁੱਖ ਨੂੰਮਿਟਾਉਣ ਵਾਲੇ ਪਦਾਰਥ ਸਥੂਲ ਹਨ। ਭੁੱਖ ਦੀ ਪ੍ਰਤੀਤੀ ਅਤਿ ਸੂਖਮ ਹੈ। ਅਤ੍ਰਿਪਤੀ ਦੀ ਹਾਲਤ ਵਿਚ ਸਰੀਰ ਸਿਥਲ ਹੁੰਦਾ ਹੈ। ਇਹੀ ਉਹ ਯਾਤਰਾ ਹੈ ਜੋ ਸੂਖਮ ਤੋਂ ਸਥੂਲ ਜਾਂ ਸਥੂਲ ਤੋਂ ਸੂਖਮ ਵਲ ਕੀਤੀ ਜਾਂਦੀ ਹੈ। ਇਸ ਤੱਥ ਵਿਸ਼ੇਸ਼ ਨੂੰ ਸਮਝਣ ਲਈ ਅਗਿਆਨਤਾ ਦਾ ਪੜਦਾ ਹਟਾਉਣਾ ਹੀ ਪੈਂਦਾ ਹੈ। ਇਹ ਤਾਂ ਹੋਈ ਮੋਟੀ ਜਿਹੀ ਮਿਸਾਲ। ਹੁਣ ਕੋਸ਼ ਦੀਆਂ ਵੰਨਗੀਆਂ ਨੂੰਜਾਣਨਾ ਉਚਿਤ ਹੈ।

ਵੇਦਾਂਤ ਆਚਾਰੀਆ ਨੇ ਪੰਜ ਪ੍ਰਕਾਰੀ ਕੋਸ਼ ਦੀ ਕਲਪਨਾ ਕੀਤੀ ਹੈ:

1. ਅੰਨਮਯ ਕੋਸ਼ - ਅੰਨਮਯ ਕੋਸ਼ ਸਥੂਲ ਦੇਹ ਹੈ। ਇਹ ਰਕਤ-ਵੀਰਜ ਰੂਪ ਅੰਨ ਤੋਂ ਉਪਜ ਕੇ ਇਸੇ ਵਿਚ ਬਿਰਧ ਹੁੰਦਾ ਹੈ। ਰਕਤ-ਵੀਰਜ ਤੋਂ ਬਣਿਆ ਸਰੀਰ ਇਕ ਤਰ੍ਹਾਂ ਦਾ ਮੋਟਾ ਪੜਦਾ ਹੈ। ਵੇਦਾਂਤ ਆਚਾਰੀਆ ਅਨੁਸਾਰ ਅੰਨ ਖਾਣ ਨਾਲ ਸਰੀਰ ਵਿਚ ਅੱਠ ਧਾਤੂਪੈਦਾ ਹੁੰਦੀਆਂ ਹਨ : ਰਸ, ਰਕਤ, ਮਾਸ, ਮੱਜਾ (ਚਰਬੀ) ਅਸਥੀ, ਮੈਦ, ਸ਼ੁਕਰ ਅਤੇ ਕੇਸ। ਜੀਵਾਤਮਾ ਇਨ੍ਹਾਂ ਧਾਤੂਰੂਪ ਪੜਦਿਆਂ ਨੂੰਸਮਝਣ ਉਪਰੰਤ ਹੀ ਗਿਆਨ-ਪ੍ਰਾਪਤੀ ਵਲ ਤੁਰ ਸਕਦੀ ਹੈ।

2. ਪ੍ਰਾਣਮਯ ਕੋਸ਼ - ਪੰਜ ਕਰਮ ਇੰਦ੍ਰੀਆਂ (ਹੱਥ ਪੈਰ, ਮੂੰਹ, ਗੁਦਾ ਅਤੇ ਲਿੰਗ) ਸਹਿਤ ਪ੍ਰਾਣ, ਪ੍ਰਾਣਮਯ ਕੋਸ਼ ਹੈ। ਇਹ ਕੋਸ਼ ਪੰਜ ਕਰਮ-ਇੰਦ੍ਰੀਆਂ ਤੇ ਪੰਜ ਪ੍ਰਾਣ ਤੋਂ ਬਣਿਆ ਹੈ। ਇਨ੍ਹਾਂ ਪ੍ਰਾਣਾਂ ਦਾ ਵੇਰਵਾ ਇਸ ਪ੍ਰਕਾਰ ਹੈ:

(ੳ) ਪਾਨ (ਪ੍ਰਾਣ ਉਹ ਹਵਾ ਜੋ ਸਾਹ ਰਾਹੀਂ ਨਾਭੀ ਤਕ ਪਹੁੰਚਦੀ ਹੈ। ਇਹ ਹਵਾ ਅਗੋਂ ਵੰਡੀ ਜਾਂਦੀ ਹੈ ਤੇ ਆਪਣਾ-ਆਪਣਾ ਕੰਮ ਕਰਦੀ ਹੈ।

(ਅ) ਅਪਾਨ - ਟੱਟੀ ਪਿਸਾਬ ਦਾ ਨਿਕਾ ਕਰਨ ਵਾਲੀ ਹਵਾ।

(ੲ) ਸਮਾਨ - ਉਹ ਵਾਯੂਜੋ ਸਰੀਰ ਵਿਚ ਰਕਤ ਸੰਚਾਰ ਕਰਦੀ ਹੈ।

(ਸ) ਵਿਆਨ – ਸਰੀਰ ਫੈਲਾਉਣ, ਸੰਕੋਚਣ, ਪਸਰਨ ਤੇ ਤੁਰਨ ਦੀ ਕਿਰਿਆ ਨੂੰਕਰਾਉਣ ਵਾਲੀ ਹਵਾ, ਵਿਆਨ ਹੈ।

(ਹ) ਉਦਾਨ – ਉਹ ਵਾਯੂਜੋ ਦਿਮਾਗ ਤੇ ਪੇਟ ਦੀ ਕਿਰਿਆ ਨੂੰਉਪਰ ਭੇਜਦੀ ਹੈ ਜਿਵੇਂ ਡਕਾਰ, ਹਿਚਕੀ ਨਿੱਛ ਆਦਿ।

ਜ਼ਾਹਿਰ ਹੈ, ਕਰਮ ਇੰਦ੍ਰੀਆਂ ਤੇ ਪ੍ਰਾਣਾਂ ਦੀ ਪਰਕਿਰਿਆ ਨੂੰਸਮਝਣ ਉਪਰੰਤ ਹੀ ਗਿਆਨ-ਮਾਰਗ ਦੇ ਅਗਲੇ ਡੰਡੇ ਉਪਰ ਚੜ੍ਹਿਆ ਜਾ ਸਕਦਾ ਹੈ।

3. ਮਨੋਮਯ ਕੋਸ਼ – ਇਸ ਨਾਲ ਗਿਆਨ ਇੰਦ੍ਰੀਆਂ ਦਾ ਸੰਬੰਧ ਹੈ। ਜਿਵੇਂ ਅੱਖ, ਕੰਨ, ਨੱਕ, ਜੀਭ ਤੇ ਤੁਚਾ (ਚਮੜੀ) ਇਸ ਤੋਂ ਛੁੱਟ ਮਨ ਦਾ ਸੰਬਧ ਵੀ ਗਿਆਨ ਇੰਦ੍ਰੀਆਂ ਨਾਲ ਹੈ। ਦੂਸਰੇ ਸ਼ਬਦਾਂ ਵਿਚ ਮਨੋਮਯ ਕੋਸ਼ ਗਿਆਨ ਇੰਦੀਆਂ ਤੇ ਮਨ ਦੇ ਸੁਮੇਲ ਤੋਂ ਬਣਿਆ ਹੈ, ਮਨ ਗਿਆਨ-ਇੰਦ੍ਰੀਆਂ ਰਾਹੀਂ ਹੀ ਭਟਕਣ ਗ੍ਰਹਿਣ ਕਰਦਾ ਹੈ। ਮਨ ਇਕ ਲਹਿਰ ਦਾ ਰੂਪ ਹੈ। ਹਵਾ ਦਾ ਤਰੰਗ ਹੈ। ਪ੍ਰਾਣ ਦੇ ਪ੍ਰਭਾਵ ਾਲ ਇਹ ਬਾਹਰ ਨਿਕਲਦਾ ਹੈ। ਜ਼ਾਹਿਰ ਹੈ, ਮਨ ਦਾ ਨਿਕਾਸ-ਅਸਥਾਨ ਪੰਜ ਗਿਆਨ ਇੰਦੀਆਂ ਹੀ ਹਨ। ਇਹ ਗਿਆਨ-ਸਾਧ ਦਾ ਤੀਸਰਾ ਡੰਡਾ ਹੈ ਤੇ ਇਸ ਨੂੰਸਮਝਣਾ ਅਤੀ ਲਾਜ਼ਮੀ ਹੈ।

4. ਵਿਗਿਆਨਮਯ ਕੋਸ਼ – ਇਹ ਬੁੱਧੀ ਤੇ ਇੰਦ੍ਰੀਆਂ ਦੇ ਵਿਸ਼ੇ ਜਿਹਾ ਕਿ ਸ਼ਬਦ, ਸਪਰਸ਼, ਰੂਪ, ਰਸ, ਗੰਧ ਦਾ ਬੋਧ ਕਰਾਉਂਦਾ ਹੈ। ਆਤਮਾ ਕਰਣ (ਕੰਨ) ਸ਼ਬਦ, ਤੁੱਚਾ-ਤਪਰਸ਼, ਨੇਤ੍ਰ-ਰੂਪ, ਰਸਨਾ-ਰਸ ਤੇ ਨਾਸਕਾ-ਸੁਗੰਧੀ ਨੂੰਗ੍ਰਹਿਣ ਕਰਕੇ ਅਨੰਦ ਨੂੰ ਅਨੁਭਵਦੀ ਹੈ। ਦੇਹ ਤੋਂ ਕਰਮ ਇੰਦ੍ਰੀਆਂ, ਗਿਆਨ ਇੰਦ੍ਰੀਆਂ, ਇੰਦ੍ਰੀਆਂ ਦੇ ਵਿਸ਼ਿਆਂ ਨੂੰਕ੍ਰਮਵਾਰ ਸਮਝਣਾ ਬੁਝਣਾ ਆਨੰਦ ਦੇ ਨੇੜੇ ਨੇੜੇ ਪੁਜਣਾ ਹੈ।

5. ਆਨੰਦਮਯ ਕੋਸ਼ – ਇਸ ਤੋਂ ਪਹਿਲਾਂ ਮਨ ਇੰਦਰੀਆ ਦੀ ਚੰਚਲਤਾ ਵਿਚ ਤੇ ਬੁੱਧੀ ਵਿਸ਼ਿਆਂ ਦੀ ਪ੍ਰਾਪਤੀ ਵਿਚ ਲੀਨ ਸਨ। ਇਹਨਾਂ ਵਿਸ਼ਿਆਂ ਦੀ ਪ੍ਰਾਪਤੀ ਤੋਂ ਜੋ ਆਨੰਦ ਪ੍ਰਾਪਤ ਹੁੰਦਾ ਹੈ ਉਸੇ ਨੂੰਆਨੰਦਮਯ ਕੋਸ਼ ਕਿਹਾ ਜਾਂਦਾ ਹੈ। ਆਨੰਦਮਯ ਕੋਸ਼ ਵਿਚ ਤਰਤੀਬਵਾਰ ਪੰਜਾਂ ਇੰਦਰੀਆਂ ਦੇ ਆਨੰਦ ਵਿਚ ਸਭ ਤੋਂ ਅਧਿਕਾਨੰਦ ਨੂੰਮੰਨਿਆ ਗਿਆ ਹੈ। ਸ਼ਬਦ-ਆਨੰਦ, ਰੂਪ-ਆਨੰਦ, ਰਸ-ਅੰਦ ਵਿਚੋਂ ਸਪਰਸ਼-ਆਨੰਦ ਦ੍ਰਿਸ਼ ਸੰਸਾਰ ਦੇ ਆਨੰਦ ਆਦਿ ਦੀ ਸੀਮਾ ਹੈ। ਇਸਤ੍ਰੀ ਪੁਰਖ ਦਾ ਭੋਗਾਨੰਦ ਹੀ ਸਪਰਸ਼ ਆਨੰਦ ਹੈ। ਇਸੇ ਤਾਂ ਸ੍ਰਿਸ਼ਟੀ ਦੀ ਸਰਜਣਾ ਹੈ। ਭੋਗਾਨੰਦ ਜਿਥੇ ਲੌਕਿਕ ਆਨੰਦ ਦੀ ਚਰਮ ਸੀਮਾਂ ਹੈ ਉਥੇ ਆਤਮਕ ਆਨੰਦ ਦਾ ਆਭਾਸ ਜਾਂ ਪਰਛਾਈ ਹੈ। ਭੋਗਾਨੰਦ ਖਿਣ ਦਾ ਆਨੰਦ ਹੈ ਤੇ ਇਸ ਤੋਂ ਪਹਿਲਾਂ ਇੰਦਰੀ ਆਨੰਦ ਵੀ ਖਿਣ ਦਾ ਆਨੰਦ ਹੀ ਹੈ। ਅਸਲ ਵਿਚ ਇਹ ਆਤਮਆਨੰਦ ਦਾ ਪ੍ਰਤੀਬਿੰਬ ਹੈ। ਇਹ ਅੰਤਲਾ ਪਰਦਾ ਹੈ। ਇਸ ਅਵਸਥਾ ਦੇ ਵਿਚ ਪੁੱਜ ਕੇ ਪੁਰਖ ਆਤਮਾ ਨਾਲ ਸਿੱਧਾ ਸੰਬੰਧ ਰਖਦਾ ਹੈ। ਇਸ ਪਰਦੇ ਦੇ ਹਟਣ ਨਾਲ ਮਨੁੱਖ ਦੇ ਸਾਰੇ ਬੰਧਨ ਟੁੱਟ ਜਾਂਦੇ ਹਨ। ਇਹੀ ਆਤਮਕ ਆਨੰਦ ਦਾ ਛਿਣ ਹੈ। ਇਸ ਨੂੰ ਅਨੁਭਵ ਕਰਨ ਨਾਲ ਜੀਵ ਨਿੱਤਆਨੰਦ ਨੂੰਪ੍ਰਾਪਤ ਹੁੰਦਾ ਹੈ। ਜਿਸ ਦੀ



ਪ੍ਰਾਪਤੀ ਨਾਲ ਮਨ ਵਿਸ਼ੇ ਆਨੰਦ ਪਿੱਛੇ ਨਹੀਂ ਭਟਕਦਾ ਤੇ ਇਕਾਗਰ ਹੋ ਜਾਂਦਾ ਹੈ।

ਪੂਰਵੋਕਤ ਪੰਜ ਕੋਸ਼ਾਂ ਦੇ ਨੇਮ-ਪ੍ਰਬੰਧ ਅਨੁਸਾਰ ਅਸਥੂਲ ਦਾ ਸੂਖਮ ਨਾਲ ਤੇ ਸੂਖਮ ਦਾ ਕਾਰਣ ਨਾਲ ਸੰਬੰਧ ਸਥਾਪਿਤ ਕੀਤਾ ਗਿਆ ਹੈ। ਭੋਗ ਆਨੰਦ ਆਤਮ ਆਨੰਦ ਦਾ ਪ੍ਰਤੀਬਿੰਬਤ ਰੂਪ ਹੋਣ ਕਰਕੇ ਹੀ ਆਨੰਦ ਹੈ। ਇਸੇ ਪ੍ਰਤੀਬਿੰਬਤ ਆਨੰਦ ਰੂਪ ਤੋਂ ਸ੍ਰਿਸ਼ਟੀ ਦੀ ਰਚਨਾ ਦਾ ਅਨੁਭਵ ਕਰਦਿਆਂ ਹੋਇਆ ਹੀ ਜੀਵ ਆਦਿ ਕਾਲ ਤੋਂ ਪੁਰਖ ਪ੍ਰਕ੍ਰਿਤੀ ਦੇ ਸੰਜੋਗ ਤੋਂ ਸ੍ਰਿਸ਼ਟੀ ਰਚਨਾ ਦੀ ਪ੍ਰਕਿਰਿਆ (Process) ਨੂੰ ਸਮਝ-ਬੁਝ ਸਕਦਾ ਹੈ। ਪੁਰਖ ਬ੍ਰਹਮ ਦਾ ਪ੍ਰਤੀਕ ਹੈ ਤੇ ਪ੍ਰਕ੍ਰਿਤੀ ਮਾਇਆ ਦੀ। ਪੁਰਖ ਪ੍ਰਕ੍ਰਿਤੀ ਦਾ ਕਾਰਜ ਸੰਸਾਰ ਵਿਚ ਨਰ ਮਾਦਾ ਦੋ ਰੂਪਾਂ ਵਿਚ ਦ੍ਰਿਸ਼ਟਮਾਨ ਹੈ। ਇਸਤ੍ਰੀ ਪੁਰਖ ਨੂੰ ਵਿਸ਼ੇਸ਼ ਗਿਆਨ ਹੋਣ ਕਰਕੇ ਸਮਾਜ ਦੇ ਨਿਯਮਾਂ ਉਪਨਿਯਮਾਂ ਦੀ ਪਾਲਨਾ ਕਰਨੀ ਪੈਂਦੀ ਹੈ। ਜਦ ਕਿ ਪਸ਼ੂਪੰਛੀ ਲਈ ਨਿਯਮ ਉਪਨਯਮ ਨਹੀਂ ਹਨ। ਸਮਾਜ ਵਿਚ ਇਸਤ੍ਰੀ ਪੁਰਖ ਦੇ ਵਿਹਿਤ (ਮਰਿਆਦਤ) ਸੰਬੰਧਾਂ ਦਾ ਨਾਮ ਹੀ ਸ਼ਾਦੀ ਹੈ। ਜੋ ਸਭ ਪ੍ਰਕਾਰੀ ਸੰਸਕ੍ਰਿਤੀ ਦੇ ਲੋਕਾਂ ਉਪਰ ਲਾਗੂਹੁੰਦੇ ਹਨ। ਸਾਰੀ ਮਨੁੱਖ-ਜਾਤੀ ਆਪੋ ਆਪਣੇ ਇਸ਼ਟ ਨੂੰਸਾਖੀ ਕਰਕੇ ਸ਼ਾਦੀ ਕਰਦੀ ਹੈ।

ਸਪਸ਼ਟ ਹੈ, ਬ੍ਰਹਮ ਦੇ ਜਗਤ ਦੀ ਮੂਲ ਕਿਰਿਆ ਨੂੰਸਮਝਣ ਲਈ ਹੀ ਬਾਣੀਕਾਰਾਂ ਨੇ ਵਿਆਹ ਦੇ ਰੂਪ ਦੀ ਵਰਤੋਂ ਕੀਤੀ ਗਈ ਹੈ। ਇਹ ਸੰਸਾਰੀ ਜੀਵ ਪਹਿਲੇ ਪਹਿਲ ਪੁਰਸ਼ ਸਰੀਰ ਵਿਚ ਵੀਰਜ (ਸ਼ੁਕਰ ਧਾਤੂ) ਰੂਪ ਕਰਕੇ ਪ੍ਰਗਟ ਹੁੰਦਾ ਹੈ। ਜਦੋਂ ਪਿਤਾ ਦੇ ਰੂਪ ਵਿਚ ਹਿ ਬੀਰਜ ਮਾਤਾ ਦੇ ਗਰਭਾਸ਼ਯ ਵਿਚ ਸੰਚਿਤ ਹੁੰਦਾ ਹੈ ਤਾਂ ਇਸ ਨੂੰਨਿੰਮਣਾ ਕਿਹਾ ਜਾਂਦਾ ਹੈ। ਪਿਤਾ ਦੁਆਰਾ ਸਥਾਪਿਤ ਕੀਤਾ ਹੋਇਆ ਤੇਜ ਹੀ ਆਤਮਾ ਭਾਵ ਨੂੰਪ੍ਰਾਪਤ ਹੁੰਦਾ ਹੈ। ਭਾਵ ਇਹ ਮਾਤਾ ਦੇ ਸਰੀਰ ਦਾ ਰੂਪ ਹੀ ਬਣ ਜਾਂਦਾ ਹੈ ਤੇ ਉਸ ਨੂੰਪਾਰ ਰੂਪ ਪ੍ਰਤੀਤ ਨਹੀਂ ਹੁੰਦਾ। ਇਸਤ੍ਰੀ ਆਪਣੇ ਸਰੀਰ ਵਿਚ ਆਏ ਹੋਏ ਆਪਣੇ ਪਤੀ ਦੇ ਆਤਮਾ ਰੂਪ ਵਿਚ ਗਰਭ ਦਾ ਭੋਜਨ-ਰਸ ਦੁਆਰਾ ਪਾਲਣ ਕਰਦੀ ਹੈ ਤੇ ਜਨਮ ਸਮੇਂ ਤਕ ਆਪਣੇ ਹੀ ਸਰੀਰ ਵਿਚ ਧਾਰਣ ਕਰਦੀ ਹੈ। ਜਨਮ ਤੋਂ ਬਾਅਦ ਉਸ ਦਾ ਪਿਤਾ ਜਾਤੀ ਕਰਮ ਆਦਿ ਸੰਸਕਾਰਾਂ ਨਾਲ ਹਰ ਤਰ੍ਹਾਂ ਬੱਚੇ ਦਾ ਪਾਲਣ ਪੋਸਣ ਕਰਕੇ ਪਿਤਾ-ਪੁੱਤਰ ਦੀ ਪਰੰਪਰਾ ਨੂੰ ਵਧਾਉਣ ਲਈ ਜਤਨ ਕਰਦਾ ਹੈ। ਇਹੀ ਇਕੋ ਇਕ ਤਰੀਕ ਹੈ ਜਿਸ ਨਾਲ ਮਨੁੱਖ ਆਪਣੇ ਆਪ ਹੀ ਰਖਿਆ ਕਰਦਾ ਹੈ।

ਪੰਜ ਕੋਸ਼ਾਂ ਦਾ ਆਪਸੀ ਸੰਬੰਧ ਇਸ ਤਰ੍ਹਾਂ ਹੈ ਜਿਵੇਂ ਰਥ ਦੇ ਪਹੀਏ ਦਾ ਨਾਭੀ, ਅਰ ਤੇ ਪੁਠੀਆਂ ਦਾ ਆਪਸ ਵਿਚ ਹੁੰਦਾ ਹੈ। ਇੰਦ੍ਰੀਆਂ ਅੱਖਾਂ, ਤੁਚਾ, ਕੰਨ, ਨੱਥ, ਜੀਭ ਮਨ ਤੇ ਇੰਦ੍ਰੀਆਂ ਦੇ ਵਿਸ਼ੇ ਤੇ ਬਾਹਰੀ ਅਸਥੂਲ ਸਰੀਰ ਦਾ ਸੰਬੰਧ ਵਿਗਿਆਨ ਸਰੂਪ ਪੁਰਖ ਭਾਵ ਜੀਵਤਾਮਾ ਨਾਲ ਹੈ। ਜੀਵਾਤਮਾ ਪਰਮ ਅਬਿਨਾਸ਼ੀ ਤੱਤ ਦਾ ਅਨੁਭਵ ਇੰਦ੍ਰੀਆਂ ਦੇ ਵਿਸ਼ੇ ਰਾਹੀਂ ਹੀ ਪ੍ਰਾਪਤ ਕਰਦੀ ਹੋਈ ਪਰਮਾਨੰਦ ਨੂੰ ਪ੍ਰਾਪਤ ਹੁੰਦੀ ਹੈ। ਇਸੇ ਨੂੰਆਚਾਰੀਆ ਨਿੱਤਅਨੰਦ ਵੀ ਕਹਿੰਦੇ ਹਨ। ਕੁਲ ਮਿਲਾ ਕੇ, ਵਿਆਹ ਦਾ ਰੂਪ ਜਿਥੇ ਭਗਤੀ ਭਾਵਨਾ ਦੀ ਚਰਮ ਸੀਮਾ ਨੂੰ ਬਿਆਨਦਾ ਹੈ। ਉਥੇ ਇਸ ਭਾਵਨਾ ਦੀ ਗਹਿਰਾਈ ਨੂੰਵੀ ਅਭਿਵਿਅੰਜਿਤ ਕਰਦਾ ਹੈ। ਅਨੁਭਵ ਦੀ ਗਹਿਰ ਨੂੰਸਮਝਣ ਲਈ ਸੰਜੋਗ-ਸੰਬੰਧ ਇਕ ਜੁਗਤ ਹੈ ਤੇ

ਇਸ ਦਾ ਪ੍ਰਯੋਗ ਸੰਚਾਰ-ਜੁਗਤ ਦੇ ਰੂਪ ਵਿਚ ਹੀ ਕੀਤਾ ਗਿਆ ਹੈ। ਪਾਣੀ ਪਾਣੀ ਨਾਲ ਮਿਲਦਾ ਹੈ ਤਾਂ ਪਤਾ ਨਹੀਂ ਲਗਦਾ। ਇਸੇ ਤਰ੍ਹਾਂ ਇੰਦ੍ਰੀਆਂ, ਇੰਦ੍ਰੀਆਂ ਦੇ ਵਿਸ਼ੇ, ਮਨ ਤੇ ਜੀਵਾਤਮਾ ਨੂੰਇਕ ਦੂਜੇ ਤੋਂ ਭਿੰਨ ਨਹੀਂ ਕੀਤਾ ਜਾ ਸਕਦਾ। ਇਹ ਸਭ ਇਕ ਦੂਜੇ ਵਿਚ ਓਤਪੋਤ ਹਨ। ਤਰਕ ਦੀ ਪੱਧਰ ਉਪਰ ਇਹਨਾਂ ਨੂੰ ਨਿਖੇੜ ਕੇ ਸਮਝਿਆ ਜਾ ਸਕਦਾ ਹੈ। ਅਸਲ ਵਿਚ ਇਹ ਸਭ ਇਕ ਹੀ ਹਨ। ਇੰਦਰੀ ਰਸ ਪਰਮ ਰਸ ਨੂੰਸਮਝਣ ਦਾ ਸਾਧਨ ਮਾਤਰ ਹੈ। ਉਵੇਂ ਪਰਮ ਰਸ ਅਕਥ ਹੈ, ਅਕਹਿ ਹੈ। ਯੋਗ ਅਨੁਸ਼ਾਸਨਮ ਯੌਗ ਫਿਲਾਸਫੀ ਦਾ ਪ੍ਰਮਾਣਿਕ ਗ੍ਰੰਥ ਹੈ। ਇਸ ਗ੍ਰੰਥ ਵਿਚ ਭੋਗਅਨੰਦ ਨੂੰ ਬ੍ਰਹਮਅਨੰਦ ਦਾ ਪ੍ਰਤੀਕ ਮੰਨਿਆ ਗਿਆ ਹੈ। ਯੋਗਮਤ ਵਿਚ ਪੰਜ ਮੁਦਰਾ ਦੀ ਨਿਯੁਕਤੀ ਕੀਤੀ ਗਈ ਹੈ :

ਖੇਚਰੀ (ਸੁਆਸ ਚੜਾਉਣਾ)
ਭੂਚਰੀ (ਸੁਆਸ ਉਤਾਰਨਾ)
ਚਾਚਰੀ (ਸੁਆਸ ਰੋਕਣਾ)
ਅਗੋਚਰੀ (ਮਨ ਨੂੰਟਿਕਾਉਣਾ)
ਉਨਮਨੀ (ਸਰੀਰ ਦੇ ਸਾਰੇ ਛੇਦ ਬੰਦ ਕਰਕੇ ਸਾਹ ਨੂੰਅੰਦਰ ਰੋਕ ਕੇ ਰੱਖਣਾ)

ਮੁਦਰਾ ਤੋਂ ਭਾਵ ਹੈ, ਮੁੰਦਣ ਕਰਨਾਂ, ਬੰਦ ਕਰਨਾਂ। ਯੋਗਮਤ ਨੇ ਸ਼ਕਰ (ਬੀਰਜ) ਨੂੰਬ੍ਰਹਮ ਸ਼ਬਦ ਨਾਲ ਕਲਪਿਆ ਹੈ। ਸ਼ੁਕਰ ਨੂੰਕੰਟਰੋਲ ਕਰਨਾ ਹੀ ਬ੍ਰਹਮ ਦਾ ਅਨੁਭਵ ਕਰਨਾ ਹੈ। ਇਸੇ ਲਈ ਯੋਗਮਤ ਨੇ ਸ਼ੁਕਰ ਦੇ ਰੋਕਣ ਲਈ ਕਈ ਤਰੀਕੇ ਅਪਣਾਏ ਹਨ। ਸ਼ੁਕਰ ਜਿਸ ਨੂੰਪ੍ਰਾਕ੍ਰਿਤਕ ਸੰਜਮ ਵੀ ਕਿਹਾ ਜਾਂਦਾ ਹੈ। ਪ੍ਰਾਕ੍ਰਿਤਕ ਸੰਜਮ ਹੀ ਅਨੰਦ ਦਾ ਸੋਮਾ ਹੈ। ਸੰਖੇਪ ਵਿਚ, ਭੋਗਅਨੰਦ ਪਰਮਅਨੰਦ ਨੂੰ ਪ੍ਰਤੀਬਿੰਬਤ ਕਰਦਾ ਹੈ। ਅਸਲ ਆਨੰਦ ਇਸ ਤੋਂ ਉਚੇਰਾ ਅਤਿ ਉਚੇਰਾ, ਮਹਾਂ ਉਚੇਰਾ ਹੈ।

ਗੁਰੂਰਾਮਦਾਸ ਜੀ ਆਪਣੀ ਅਧਿਆਤਮਕ ਅਨੁਭੂਤੀ ਦਾ ਸਮਾਜੀ ਕਰਣ ਕਰਦੇ ਹਨ। ਇਸ ਤਰ੍ਹਾਂ ਲੋਕ ਮਾਨਸ ਦੀ ਅਭਿ-ਵਿਅਕਤੀ ਵੀ ਹੁੰਦੀ ਹੈ ਤੇ ਉਸ ਉਪਰ ਪ੍ਰਮਾਣਿਕਤਾ ਦੀ ਛਾਪ ਵੀ ਲਗਦੀ ਹੈ।

ਉਦਾਹਰਣ ਵਜੋਂ ਕੁਝ ਸ਼ਬਦ ਹਾਜ਼ਰ ਹਨ : (ਸਿਰੀ ਰਾਗ ਛੰਤ ਮਹਲਾ ੪)[3]

ਮੁੰਧ ਇਆਣੀ-ਇਸਤਰੀ
ਪੇਈਅੜੇ-ਮਾਤ ਲੋਕ, ਪੇਕਾ ਘਰ
ਸਾਹੁਰੜੇ-ਪਰ ਲੋਕ
ਸਹੀਆ-ਸਤਿਸੰਗੀ
ਜਾਂਞੀ ਮਾਂਞੀ-ਗੁਰਮੁਖ, ਸੰਤ
ਗੁਰੂ-ਮਾਤਾ, ਪਿਤਾ
ਵਿਆਹ-ਗਿਆਨ ਦੀ ਪ੍ਰਾਪਤੀ ਅਗਿਆਨ ਦੀ ਨਵਿਰਤੀ
ਵਰ-ਅਕਾਲ ਪੁਰਖ



ਦਾਜ-ਪ੍ਰਭੂਨਾਮ ਪ੍ਰੇਮ ਦਾ ਕਪੜਾ, ਨਾਮ ਦੀ ਸੋਭਾ
ਵੇਲ ਵਧਣੀ-ਗੁਣਾਂ ਦਾ ਵਾਧਾ
ਸੇਜ-ਸ਼ਰਧਾ ਸਹਿਤ ਹਿਰਦਾ
ਸੀਗਾਰ-ਸਾਧਨ
ਕੁੜਮ-ਗੁਰੂਪਰਮੇਸਰ
ਕੁੜਮਾਈ-ਸਤਿ ਸੰਤੋਖ ਆਦਿ ਗੁਣਾਂ ਨੂੰਧਾਰਨ ਕੀਤਾ।
(ਇਹ ਪ੍ਰਭੂਕੁੜਮ ਵਲੋਂ ਕੁੜਮਾਈ ਦਾ ਸਮਾਨ ਆਇਆ ਹੈ)

ਪੰਡਿਤ-ਪੰਡ ਦੀ ਇਤੀ ਕਰਨ ਵਾਲਾ ਭਾਵ ਤਿੰਨ ਗੁਣਾਂ (ਤ੍ਰਿਗੁਣਾਤਮਕ ਮਾਇਆ) ਦੀ ਪੰਡ ਨੂੰ ਸੁੱਟਣ ਵਾਲਾ।

ਪਾਂਧੇ-ਪੱਧਤੀ ਦੱਸਣ ਵਾਲਾ ਪਰੰਪਰਿਕ ਗਿਆਨ-ਮਾਰਗ ਦੱਸਣ ਵਾਲਾ।

ਪਤੀ ਵਾਚਾਈਆ-ਸ਼ਾਸਤ੍ਰਾਂ ਦੇ ਸਿਧਾਂਤ ਰੂਪ ਪਤਰੀ ਨੂੰਵਾਚਣਾ (ਪ੍ਰਭੂਦੇ ਗੁਣਾਂ ਨੂੰਵਾਚਣਾ)

ਲਗਨ ਗਿਨਾਉਣਾ-ਜਿਸ ਵੀ ਅਵਸਥਾ ਵਿਚ ਪ੍ਰਭੂ ਦੀ ਲਗਨ ਲਗ ਜਾਏ ਇਹੀ ਲਗਨ ਦਾ ਗਿਣਨਾ ਹੈ।

ਸੰਦੇਹ ਨਹੀਂ, ਇਸ ਤਰ੍ਹਾਂ ਕਿਸੇ ਵੀ ਰਚਨਾ ਦੇ ਅਰਥ ਨਿਸ਼ਚਿਤ ਨਹੀਂ ਕੀਤੇ ਜਾ ਸਕਦੇ ਪਰ ਇਤਨਾਂ ਤਾਂ ਸਪਸ਼ਟ ਹੀ ਹੈ ਗੁਰੂਰਾਮਦਾਸ ਅਧਿਆਤਮਕ ਅਨੁਭੂਤੀ ਤੇ ਲੌਕਿਕ ਅਨੁਭਵ ਵਿਚਕਾਰ ਇਕ ਸਮਰੂਪਤਾ ਸਥਾਪਿਤ ਕਰਦੇ ਹਨ। ਇਕ ਪਛਾਣ ਪੈਦਾ ਕਰਦੇ ਹਨ। ਜੀਵ ਸਥੂਲ ਤੋਂ ਸੂਖਮਤਾ ਦੀ ਯਾਤਰਾ ਕਰਦਾ ਹੋਇਆ ਤੱਥ ਤੋਂ ਤੱਤ ਗਿਆਨ ਪ੍ਰਾਪਤ ਕਰ ਸਕਦਾ ਹੈ।

ਗੁਰੂ ਰਾਮਦਾਸ ਜੀ ਨੇ ਸੂਹੀ ਦੇ ਛੰਤਾਂ ਵਿਚ ਇਕ ਅਜੇਹੇ ਛੰਤ ਦੀ ਰਚਨਾ ਵੀ ਕੀਤੀ ਹੈ ਜੋ ਅੱਜ ਕਲ੍ਹ ਸਿੱਖ-ਜਗਤ ਪਿਵਚ 'ਲਾਵਾਂ' ਦੇ ਨਾਮ ਨਾਲ ਪ੍ਰਸਿੱਧ ਹੈ। ਉਹਨਾਂ ਨੇ ਆਪ ਇਸ ਦਾ ਸਿਰਲੇਖ 'ਲਾਵਾਂ' ਨਹੀਂ ਲਿਖਿਆ। ਪਰ ਸਿੱਖ ਧਰਮ ਵਿਚ ਵਿਆਹ ਦੀ ਰਸਮ ਵਿਚ ਛੰਤ ਦੇ ਚਾਰ ਬੰਦਾਂ ਦੇ ਉਚਾਰਣ ਦੇ ਨਾਲ ਫੇਰੇ ਜਾਂ ਪ੍ਰਕਰਮਾ ਲੈ ਕੇ ਹੀ ਸੰਪੂਰਣ ਹੁੰਦੀ ਹੈ। ਇਹ ਧਿਆਨ ਰਹੇ। ਗੁਰਮਤਿ ਵਿਚ 'ਲਾਵਾਂ' ਛੰਤ ਬਾਣੀ ਵਿਚੋਂ ਹੀ ਪੜ੍ਹੀਆਂ ਜਾਂਦੀਆਂ ਹਨ ਤੇ ਇਹ ਸਹਿਜੇ ਹੀ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ ਕਿ ਛੰਤ ਬਾਣੀ ਦੀ ਮੁੱਖ ਥੀਮ ਵਿਆਹ ਦੇ ਰੂਪ ਰਾਹੀਂ ਪੇਸ਼ ਹੁੰਦੀ ਹੈ। ਇਥੇ ਇਸ ਛੰਤ ਉਪਰ ਵਿਚਾਰ ਕਰ ਲੈਣ ਜੋਗੀ ਪ੍ਰਤੀਤ ਹੁੰਦੀ ਹੈ।

ਇਸ ਛੰਤ ਦਾ ਆਰੰਭ ਹੈ-ਸੂਹੀ ਮਹਲਾ ੪ ''ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਓ'' ਸਾਡੇ ਆਮ ਮੁਹਾਵਰੇ ਵਿਚ ਲਾਂ ਇਕ ਲੰਮੀ ਰੱਸੀ ਨੂੰ ਕਿਹਾ ਜਾਂਦਾ ਹੈ ਜਿਸ ਨਾਲ ਪਸ਼ੂਨੂੰ ਬੰਨ੍ਹਿਆ ਜਾਂਦਾ ਹੈ। ਇਥੇ ਲਾਵ ਇਕ ਪ੍ਰਤੀਕ ਹੈ-ਇਕ ਨਾਂ ਟੁੱਟਣ ਵਾਲੀ ਰੱਸੀ ਜਾਂ ਬੰਧਨ ਜੋ ਸ਼ਾਦੀ ਦੇ ਸਮੇਂ ਲੜਕੀ ਨੂੰਪਾਇਆ ਜਾਂਦਾ ਹੈ ਭਾਵ ਉਸ ਨੂੰਪਤੀ ਨਾਲ ਬੰਨ੍ਹਿਆ ਜਾਂਦਾ ਹੈ।

ਮਨੁੱਖ ਦੀ ਜ਼ਿੰਦਗੀ ਵਿਚ ਇਹ ਇਕ ਅਜੇਹਾ ਬਿੰਦੂ ਹੈ ਜੋ ਮਹਾਨ ਤਬਦੀਲੀ ਭਰਿਆ ਹੁੰਦਾ ਹੈ। ਇਸ ਬਿੰਦੂਤੋਂ ਅਗਲਾ ਪਲ ਜ਼ਿੰਮੇਵਾਰੀਆਂ ਨਾਲ ਲੱਦਿਆ ਜਾਂਦਾ ਹੈ।

ਸ਼ਾਇਦ ਇਹੀ ਕਾਰਨ ਹੈ, ਹਰ ਧਰਮ ਵਿਚ ਅਜਿਹੇ ਮੋਕੇ ਉਪਰ ਉਪਦੇਸ਼ ਦਿੱਤਾ ਜਾਂਦਾ ਹੈ। ਜ਼ਿੰਮੇਵਾਰੀਆਂ ਦਾ ਅਹਿਸਾਸ ਕਰਾਇਆ ਜਾਂਦਾ ਹੈ। ਸਨਾਤਨੀ ਮਤ ਵਿਚ ਸਤ ਤੇ ਸਿੱਖ ਮਤ ਵਿਚ ਚਾਰ ਲਾਵਾਂ ਹਨ। ਇਹ ਸਮਾਜਿਕ ਸਿਖਿਆ ਦੇ ਨਾਲ-ਨਾਲ ਅਧਿਆਤਮਕ ਉਪਦੇਸ਼ ਦੀਆਂ ਵੀ ਪ੍ਰਤੀਕ ਹਨ। ਜਿਥੇ ਵਿਵਹਾਰਕ ਵਿਧੀ ਲਾਵਾਂ ਨਾਲ ਸੰਪੂਰਣ ਹੁੰਦੀ ਹੈ ਉਥੇ ਅਧਿਆਤਮਕ ਵਿਚਾਰਾਂ ਦੀ ਵੀ ਸੰਪੰਨਤਾ ਹੁੰਦੀ ਹੈ। ਹੈਰਤ ਦੀ ਗੱਲ ਹੈ, ਗੁਰੂ ਸਾਹਿਬਾਨ ਨੇ ਜਿਥੇ ਆਪਣੀ ਭਾਵ-ਅਨੁਭੂਤੀ ਦੀ ਅਭਿਵਿਅੰਜਨਾ ਜੀਵਾਤਮਾ ਤੇ ਪ੍ਰਮਾਤਮਾ ਨੂੰ ਪਤੀ-ਪਤਨੀ ਦੇ ਰੂਪਕ ਰਾਹੀਂ ਕੀਤੀ ਹੈ। ਉਥੇ ਵਿਆਹ ਦੇ ਸਮੇਂ ਵੀ ਲੜਕੀ ਨੂੰਉਪਦੇਸ਼ ਦੇਣ ਲਗੇ ਉਸ ਨੂੰਜੀਵਾਤਮਾ ਤੇ ਪਰਮੇਸ਼ਰ ਨੂੰਪਤੀ ਦੇ ਰੂਪ ਵਿਚ ਕਲਪਿਤ ਕੀਤਾ ਹੈ। ਜੀਵ ਰੂਪੀ ਇਸਤ੍ਰੀ ਪਤੀ ਪਰਮੇਸ਼ਰ ਦੇ ਨਾਲ ਨਿਯਮਿਤ ਸੰਬੰਧ ਵਿਚ ਜੁੜ ਜਾਂਦੀ ਹੈ। ਪੁਰਾਤਨ ਗ੍ਰੰਥਾਂ ਵਿਚ ਇਸਤ੍ਰੀ-ਪੁਰਖ (ਜੀਵਾਤਮਾ ਤੇ ਪ੍ਰਮਾਤਮਾ) ਦੇ ਨਿਯਮਿਤ ਸੰਬੰਧਾਂ ਨੂੰਗਿਆਨ ਦੀਆਂ ਸਤ ਭੂਮਿਕਾਵਾਂ ਨਾਲ ਪੇਸ਼ ਕੀਤਾ ਗਿਆ ਹੈ। ਪ੍ਰਤਿੱਭਾਵਾਨ ਪੁਰਖ ਲੋੜ ਅਨੁਸਾਰ ਪਰੰਪਰਾ ਵਿਚ ਤਬਦੀਲੀ ਜਾਂ ਵਿਸਤਾਰ ਕਰਦੇ ਰਹਿੰਦੇ ਹਨ। ਗੁਰੂ ਰਾਮਦਾਸ ਨੇ ਗਿਆਨ ਦੀਆਂ ਸਤ ਭੂਮਿਕਾਵਾਂ ਦਾ ਅੰਤਰਭਾਵ ਚਾਰ ਲਾਵਾਂ ਜਾਂ ਭੂਮਿਕਾਵਾਂ ਵਿਚ ਕੀਤਾ ਹੈ। ਇਨ੍ਹਾਂ ਸਤ ਭੂਮਿਕਾਵਾਂ ਬਾਰੇ ਸੰਖੇਪ ਉਲੇਖ ਕਰਨਾ ਜੋਗ ਪ੍ਰਤੀਤ ਹੁੰਦਾ ਹੈ :

1. ਸ਼ੁਭ ਇੱਛਾ : ਸਤਿਸੰਗ, ਸਾਧ ਸੇਵਾ, ਈਸ਼ਵਰ ਨਾਲ ਪ੍ਰੇਮ ਸ਼ਰਧਾ, ਨਿਸ਼ਕਾਮਤਾ, ਪਦਾਰਥਾਂ ਤੋਂ ਉਦਾਸੀ ਇਸ ਦਾ ਫਲ : ਮਲਵ੍ਰਿਤੀ ਹੈ।

2. ਸੁਵਿਚਾਰਣਾ : ਇਸ ਦੇ ਅੰਤਰਗਤ ਸ੍ਰਵਣ, ਮਨਨ, ਆਤਮਸਤ ਨਿਸਚੈ, ਜਗਤ ਮਿਥਿਆ ਨਿਸਚੈ, ਆਤਮਾ ਵਿਚ ਦ੍ਰਿੜ ਪ੍ਰਤੀਤੀ, ਜਗਤ ਦੀ ਆਸਥਾ ਦਾ ਤਿਆਗ ਕਰਨਾ ਆਉਂਦਾ ਹੈ। ਇਸ ਦਾ ਫਲ : ਸੰਸੇ ਨਵਿਰਤੀ ਹੈ।

3. ਤਨ ਮਾਨਸਾ ਇਸ ਦੇ ਅੰਤਰਗਤ ਪੰਜ ਯਮ, ਪੰਜ ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਯਹਾਰ ਧਾਰਣਾ, ਧਿਆਨ ਤੇ ਸਮਾਧੀ ਦੇ ਨਿਯਮ ਆਉਜਦੇ ਹਨ ਇਥੇ ਇਣ ਕ੍ਰਮਵਾਰ ਪੇਸ਼ ਹਨ:

(i) ਪੰਜ ਯਮ :

(1) ਅਹਿੰਸਾ, ਮਨ, ਬਾਣੀ ਸਰੀਰ ਕਰਕੇ ਹੱਤਿਆ ਨਾ ਕਰਨੀ।
(2) ਸਤ ਬੋਲਣਾ
(3) ਅਸਤੇਯ (ਚੋਰੀ ਨਾ ਕਰਨਾ)
(4) ਬ੍ਰਹਮ ਚਰਜ
(5) ਅਪਰ ਗ੍ਰਹਿ (ਕਿਸੇ ਵੀ ਪਦਾਰਥਕ ਵਸਤੂਨੂੰਕੋਲ ਨਾ ਰੱਖਣਾ)



(ii) ਪੰਜ ਨਿਯਮ :

(1) ਸੋਚ (ਸਰੀਰਕ ਤੇ ਮਨ ਦੀ ਪਵਿੱਤਰਤਾ)
(2) ਸੰਤੋਸ਼ ਪ੍ਰਾਰਬਧ ਅਨੁਸਾਰ ਜੋ ਮਿਲੇ ਉਸ ਉਪਰ ਸੰਤੋਖ ਕਰਨਾ।
(3) ਤਪ : ਮਨ ਅਤੇ ਇੰਦ੍ਰੀਆਂ ਨੂੰਰੋਕਣਾ।
(4) ਸਵਾਧਿਆਏ : ਅਧਿਆਤਮ ਵਿਦਿਆ ਨੂੰਪੜ੍ਹਨਾ ਪੜ੍ਹਾਣਾ।
(5) ਈਸ਼ਵਰ ਪ੍ਰਨਿਧਾਨ : ਸਾਰੇ ਕਰਮ ਈਸ਼ਵਰ ਦੇ ਅਰਪਣ ਕਰ ਦੇਣੇ।

(iii) ਆਸਨ : ਪਦਮਾਸਨ ਤੇ ਸਿੱਧਾਸਨ।
(iv) ਪ੍ਰਾਣਾਯਾਮ : ਸੁਆਸ ਸੁਆਸ ਨਾਮ ਜਪਣਾ।
(v) ਪ੍ਰਤਹਾਰ : ਇੰਦ੍ਰੀਆਂ ਉਤੇ ਕਾਬੂਪਾਉਣਾ।
(vi) ਧਾਰਣਾ : ਮਨ ਨੂੰਇਕਾਗਰ ਕਰਕੇ ਪ੍ਰਭੂਨਾਮ ਨੂੰਧਾਰਨ ਕਰਨਾ।
(vii) ਧਿਆਨ : ਧਿਆਨਾ, ਧਿਆਨ ਤੇ ਧੇਇ ਤਿੰਨਾਂ ਦਾ ਇਕ ਰੂਪ ਹੋਣਾ।
(viii) ਸਮਾਧੀ : ਧਿਆਨ ਵਿਚ ਪ੍ਰਪੱਕ ਹੋਣਾ ਹੀ ਸਮਾਧੀ ਹੈ।

ਉਪਰੋਕਤ ਸਭ ਕੁਝ ਪ੍ਰਾਪਤ ਕਰਨ ਦਾ ਫਲ ਹੈ, ਚਿੱਤ ਦੀ ਇਕਗਰਤਾ।

4. ਸਤ੍ਵਾਪਤੀ : ਬ੍ਰਹਮ ਚਿੰਤਨ, ਬ੍ਰਹਮ ਕਥਨ, ਪਰਸਪਰ ਬ੍ਰਹਮ ਬੋਧਨ ਸਾਰਿਆਂ ਵਿਚ ਬ੍ਰਹਮਕਾਰ ਵ੍ਰਿਤੀ ਦਾ ਹੋਣਾ ਹੀ ਮੰਨਣਾ। ਇਸ ਦਾ ਫਲ : ਅਗਿਆਨ ਦੀ ਨਵਿਰਤੀ ਹੈ।

5. ਅਸੰਸਕਤੀ : ਉਪਰਾਮਤਾ, ਨਿਰਮਾਨਤਾ, ਪ੍ਰਵਿਰਤੀ-ਆਭਾਵ, ਵਾਦ ਵਿਵਾਦ-ਅਭਾਵ, ਦੁਖ ਅਭਾਵ ਨੂੰਮੰਨਦਾ। ਇਸ ਦਾ ਫਲ : ਵਾਸਨਾ ਅਭਾਵ ਹੈ।

6. ਪਦਾਰਥ ਅਭਾਵਨਾ: ਤੱਤ੍ਵ ਗਿਆਨ, ਮਨੋਨਾਸ, ਵਾਸ਼ਨਾ ਨਾਸ, ਸਮ ਦ੍ਰਿਸ਼ਟੀ ਪ੍ਰਾਪਤ ਕਰਨਾ। ਇਸ ਦਾ ਫਲ : ਆਨੰਦ ਸਥਿਤੀ ਹੈ।

7. ਤੁਰੀਆ : ਸਰਵ ਸੰਕਲਪ ਅਭਾਵ, ਸਰਬ ਵ੍ਰਿਤੀ ਅਭਾਵ, ਹਿਰਦੇ ਗਰੰਥੀ ਅਪਾਵ, ਬ੍ਰਹਮਾਕਾਰ ਵ੍ਰਿਤੀ ਅਭਾਵ। ਇਸ ਦਾ ਫਲ ਬਿਦੇਹ ਮੁਕਤੀ ਹੈ। ਇਹਨਾਂ ਸੱਤਾਂ ਭੂਮਿਕਾਵਾਂ ਜਾਂ ਅਵਸਥਾਵਾਂ ਨੂੰ ਚਉਥੇ ਗੁਰੂ ਨੇ ਚਾਰ ਲਾਵਾਂ ਵਿਚ ਸਮੇਟ ਲਿਆ ਹੈ :

ਪਹਿਲੀ ਲਾਵ : ਧਰਮ ਦ੍ਰਿੜਹੁ ਹਰਿ ਨਾਮ ਧਿਆਵਹੁ ਵਿਚ ਸ਼ੁਭ ਇੱਛਾ ਤੇ ਸੁਵਿਚਾਰਣਾਂ ਭੂਮਿਕਾਵਾਂ ਦਾ ਅੰਤਰਭਾਵ ਹੋ ਜਾਂਦਾ ਹੈ।

ਦੂਜੀ ਲਾਵ : ਸਤਿਗੁਰੂ ਪੁਰਖ ਦੀ ਪ੍ਰਾਪਤੀ, ਨਿਰਭਉ ਹੋਣ ਤੇ ਸਾਰਿਆਂ ਵਿਚ ਆਤਮਾ ਨੂੰ ਅਨੁਭਵ ਕਰਨ ਦਾ ਉਪਦੇਸ਼ ਦ੍ਰਿੜ ਕਰਵਾਇਆ ਗਿਆ ਹੈ ਇਸ ਵਿਚ ਤਨ ਮਾਨਸਾ ਤੇ ਤਸ੍ਵਪਤੀ ਦਾ ਸਮੇਵੇਸ਼ ਹੋ ਜਾਦਾ ਹੈ।

ਤੀਜੀ ਲਾਵ : ਵੈਰਾਗਵਾਨ ਹੋ ਕੇ ਪ੍ਰਭੂ ਦੀ ਪ੍ਰੇਮ ਨਾਲ ਪ੍ਰਾਪਤੀ ਕਰਨੀ ਇਸ ਵਿਚ ਅਸੰਸਕਤੀ ਤੇ

ਪਦਾਰਥ ਆਭਾਵਨੀ ਦੀਆਂ ਭੂਮਿਕਾਵਾਂ ਆ ਜਾਂਦੀਆਂ ਹਨ।

ਚੌਥੀ ਲਾਵ : ਸਹਿ ਪ੍ਰਾਪਤੀ-ਪ੍ਰਭੂਹੀ ਧਿਆਰਾ ਲਗਣਾ, ਹਮੇਸ਼ਾਂ ਪ੍ਰਭਊਚਿੰਤਨ ਕਰਨਾ, ਬ੍ਰਹਮ ਦ੍ਰਿਸ਼ਟੀ ਤੇ ਬਿਦੇਹ ਮੁਕਤੀ ਆਦਿ ਇਹ ਤੁਰੀਆ ਅਵਸਥਾ ਦੇ ਹੀ ਸਮਰੂਪ ਹੈ।

ਸਪਸ਼ਟ ਹੈ, ਇਹ ਲਾਵਾਂ ਕਿਸੇ ਰਸਮ ਦੀ ਬਾਹਰੀ ਰੀਤੀ ਜਾਂ ਵਿਧੀ ਨੂੰਹੀ ਨਹੀਂ ਰੂਪਮਾਨ ਕਰਦੀਆਂ ਸਗੋਂ ਜੀਵਾਤਮਾ ਦਾ ਪਰਮਾਤਮਾ ਨਾਲ ਗਿਆਨਾਤਮਕ ਸੰਬੰਧ ਸਥਾਪਿਤ ਕਰਦੀਆਂ ਹਨ। ਲਾਵਾਂ ਦਾ ਰੂਪਕ ਪੂਰਾ ਤਦੋਂ ਹੁੰਦਾ ਹੈ ਜਦੋਂ ਗੁਰੂ ਰਾਮਦਾਸ ਫੇਰੇ ਤਤ ਦਿਵਾਏ ਕਹਿ ਕੇ ਪਰਕਰਮਾ ਜਾਂ ਪਰਦੱਖਣਾ ਕਰਨ ਵਲ ਸੰਕੇਤ ਕਰਦੇ ਹਨ। ਲਾਵਾਂ ਦਾ ਉਚਾਰਣ ਵਿਆਹ ਦੇ ਸਮੇਂ ਜਦੋਂ ਕੀਤਾ ਜਾਦਾ ਹੈ ਤਾਂ ਲਾੜਾ ਲਾੜੀ ਆਪਦੇ ਇਸ਼ਟ ਦੇਵ ਦੇ ਦੁਆਲੇ ਫੇਰੇ ਲੈਂਦੇ ਹਨ ਜਾਂ ਪਰਕਰਮਾ ਕਰਦੇ ਹਨ। ਗੁਰੂ ਰਾਮਦਾਸ ਫੇਰਿਆਂ ਦੇ ਬਾਹਰੀ ਰੂਪ ਨਾਲੋਂ ਅੰਤ੍ਰੀਵ ਅਰਥਾਂ ਪ੍ਰਤੀ ਸੁਚੇਤ ਹਨ। ਫੇਰੇ ਤਤ ਦਿਵਾਏ ਤੋਂ ਭਾਵ ਤੱਤ ਸਰੂਪ ਪਰਮਾਤਮਾ ਦੇ ਬੌਧਿਕ ਮਹਾਂ ਵਾਕਾਂ ਜਾਂ ਉਪਦੇਸ਼ਾਂ ਨੂੰਬਾਰ-ਬਾਰ ਦੁਹਰਾਣਾ ਹੀ ਫੇਰੇ ਲੈਣਾ ਹੈ। ਪਰਕਰਮਾ ਕਰਨ ਦਾ ਰਿਵਾਜ ਅੱਜ ਵੀ ਸਾਡੇ ਤੀਰਥ ਅਸਥਾਨਾਂ ਉਪਰ ਹੈ। ਭਗਤ ਆਚਾਰੀਆਂ ਅਨੁਸਾਰ ਇਸ਼ਟ ਦੀ ਪੂਜਾ ਸੋਲ੍ਹਾਂ ਤਰ੍ਹਾਂ ਕੀਤੀ ਜਾਂਦੀ ਹੈ। ਉਨ੍ਹਾਂ ਵਿਚੋਂ ਪਰਕਰਮਾ ਦਾ ਸਥਾਨ ਵਿਸ਼ੇਸ਼ ਹੈ। ਗੁਰੂ ਇਤਿਹਾਸ ਵਿਚ ਗੁਰੂਗੱਦੀ ਦੇਣ ਸਮੇਂ ਗਰੂ ਸਾਹਿਬਾਨ ਵੀ ਪਰਕਰਮਾ ਕਰਕੇ ਹੀ ਭਾਵੀ ਗੁਰੂ ਨੂੰ ਗੁਰੂਗੱਦੀ ਸੌਂਪਦੇ ਰਹੇ ਹਨ। ਅੱਜ ਵੀ ਹਰਿਮੰਦਰ ਸਾਹਿਬ, ਹਜ਼ੂਰ ਸਾਹਿਬ ਪਰਕਰਮਾ ਕਰਨ ਦੀ ਪਿਰਤ ਹੈ। ਪਰੰਪਰਾ ਅਨੁਸਾਰ ਪਰਕਰਮਾ ਕਰਨ ਨਾਲ ਇਸ਼ਟ ਦੀ ਪ੍ਰਸੰਨਤਾ ਹਾਸਲ ਹੁੰਦੀ ਹੈ। ਇਹੀ ਕਾਰਣ ਹੈ, ਆਨੰਦ ਕਾਰਜ ਸਮੇਂ ਲਾੜਾ ਲਾੜੀ ਗੁਰੂਗ੍ਰੰਥ ਸਾਹਿਬ ਦੀ ਪਰਕਰਮਾ ਵੀ ਕਰਦੇ ਹਨ।

ਗੁਰੂ ਰਾਮਦਾਸ ਦੇ ਛੰਤਾਂ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਨੂੰ ਭਰਪੂਰ ਸਥਾਨ ਮਿਲਿਆ ਹੈ। ਗੁਰੂ ਰਾਮਦਾਸ ਜੀ ਨੇ ਕੁੜਮਾਈ ਲੈ ਕੇ ਆਉਣਾ ਪਤਰੀ ਵਿਖਾਣਾ, ਲਗਨ ਗਿਣਾਨਾ, ਹੱਥਾਂ ਉਤੇ ਸਗਨ ਦੀ ਮਹਿੰਦੀ ਲਾਉਣੀ, ਜੰਞ (ਹਰਿ ਪ੍ਰਭ ਕਾਜ ਰਚਾਇਆ ਗੁਰਮੁਖਿ ਵਿਆਹੁਣ ਆਇਆ) ਦਾ ਆਉਣਾ, ਫੇਰੇ ਲੈਣਾ, ਦਾਜ ਦੇਣਾ, ਸੁਹਾਣੀ ਸੇਜ ਦਾ ਸੁਖ ਮਾਣਨਾ ਪ੍ਰਭੂਪਤੀ ਦੀ ਮਹਿਮਾ ਆਦਿ ਵਲ ਉਚੇਚਾ ਧਿਆਨ ਦਿੱਤਾ ਹੈ। ਇਨ੍ਹਾਂ ਬਿੰਬਾਂ ਦੀ ਵਰਤੋਂ ਦਾ ਦੁਹਰਾਉ ਅਨੇਕ ਵਾਰ ਹੋਇਆ ਹੈ। ਮਨੁੱਖ ਜਦ ਲੋਹੜੇ ਦਾ ਪ੍ਰਸੰਨ ਹੁੰਦਾ ਹੈ ਉਦੋਂ ਕਿਧਰੇ ਅਚੇਤ ਹੀ ਸੰਸੇ ਨੂੰ ਵੀ ਜੀਅ ਰਿਹਾ ਹੁੰਦਾ ਹੈ। ਅਸੁਰਖਿਅਤਾ ਦੀ ਭਾਵਨਾ ਮਨੁੱਖ ਵਿਚ ਬਹੁਤ ਹੀ ਬਲਵਾਨ ਹੈ। ਅਸਲੀ ਵਿਚ ਜਿੰਦਗੀ ਵਿਚ ਸੁਖ ਦੀ ਮਾਤਰਾ ਘੱਟ ਹੈ :

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਉ ਨਾ ਕੋਇ।।

ਪਰ

ਸੁਖ ਮਾਂਗਤ ਦੁਖ ਆਗਲ ਆਵੈ।।

ਨਤੀਜਾ ਇਹ ਨਿਕਲਦਾ ਹੈ, ਅੰਤਾਂ ਦੀ ਖੁਸ਼ੀ ਦੇ ਸਮੇਂ ਵੀ ਮਨੁੱਖੀ ਮਨ ਸ਼ੰਕਾਲੂਹੋ ਜਾਂਦਾ ਹੈ। ਮਨ ਵਿਚ ਅਨੇਕਾਂ ਭਰਮ ਜਾਗਦੇ ਹਨ। ਗੁਰੂਰਾਮਦਾਸ ਜਿਹਨਾਂ ਛੰਤਾਂ ਵਿਚ ਨਿਰੋਲ ਵਿਆਹ ਦਾ ਰੂਪ ਸਿਰਜ ਰਹੇ



ਹੁੰਦੇ ਹਨ ਉਹਨਾਂ ਛੰਤਾਂ ਵਿਚ ਸਹਿਜੇ ਹੀ ਭਰਮ ਦੀ ਗੱਲ ਵੀ ਕਰ ਜਾਂਦੇ ਹਨ। ਸੁਖਾਵੇਂ ਪਲਾਂ ਵਿਚ ਭਰਮ ਦਾ ਜਾਗਣਾ ਅਤਿਅੰਤ ਸੁਭਾਵਕ ਹੈ। ਆਸਾ, ਬਿਹਾਗੜਾ, ਧਨਾਸਰੀ ਅਤੇ ਸੂਹੀ ਦੇ ਛੰਤਾਂ ਵਿਚੋਂ ਅਜੇਹੀਂ ਅਨੇਕ ਪੰਕਤੀਆਂ ਕੱਢੀਆਂ ਜਾ ਸਕਦੀਂਅ ਹਨ ਜਿਥੇ ਪ੍ਰਸੰਨਤਾ ਅਤੇ ਭਰਮ ਨਾਲੋ ਨਾਲ ਵਿਅਕਤ ਹੋਏ ਹਨ। ਕੁਝ ਪੰਕਤੀਆਂ ਪੇਸ਼ ਹਨ :

(ੳ) ਮੁੰਧੁ ਇਆਣੀ ਪੇਈਅੜੇ ਕਿਉ ਕਰ ਹਰਿ ਦਰਸਨ ਪਿਖੈ।।

(ਅ) ਅਨੇਕ ਕਰਮ ਕਰਹਿ ਅਭਿਮਾਨੀ ਹਰਿ ਨਾਮੋ ਨਾਮੁ ਚੋਰਾਇਆ।।

(ੲ) ਆਵਣ ਜਾਣ ਭਰਮ ਭਉ ਭਾਗਾ ਹਰਿ ਹਰਿ ਹਰਿ ਗਾਇਆ।।

(ਸ) ਜੁਗੁ ਦੁਆਪਰ ਆਇਆ ਭਰਮ ਭਰਮਾਇਆ
ਹਰਿ ਗੋਪੀ ਕਾਨ ਉਪਾਇ ਜੀਉ।।

(ਹ) ਮਨਮੁਖ ਹਉਮੈ ਵਿਛੜੇ ਮੇਰੀ ਜਿੰਦੜੀਏ ਬਿਖੁ ਬਾਧੇ ਹਉਮੈ ਜਾਲੇ ਰਾਮ।।

(ਕ) ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜ ਮਿਲਾਇਆ।।

(ਖ) ਉਝੜ ਪੰਥ ਭ੍ਰਮੈ ਗਾਵਾਰੀ ਖਿਨੁ ਖਿਨ ਧਕੇ ਖਾਇਆ।।

(ਗ) ਮਾਰੇਹਿ ਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ।।
ਦੇਹ ਕੰਚਨ ਵੇ ਵੰਨੀਆ ਇਨਿ ਹਉਮੈ ਮਾਰਿ ਵਿਗੁਤੀਆ।।

(ਘ) ਵਸਿ ਆਣਹੁ ਵੇ ਜਨ ਇਸ ਮਨ ਕਉ ਮਨ ਬਾਸੇ ਜਿਉ ਨਿਤ ਭਉਦਿਆ।।

ਸਪਸ਼ਟ ਹੈ, ਗੁਰੂ ਰਾਮਦਾਸ ਮਨੁੱਖੀ ਮਨ ਵਿਚ ਇਕੋ ਵੇਲੇ ਵਾਪਰਨ ਵਾਲੇ ਸੁਖ ਦੇ ਨਾਲ ਦੁਖ, ਤ੍ਰਿਪਤੀ ਦੇ ਨਾਲ ਸ਼ੰਕਾ, ਭਉ ਦੇ ਨਾਲ ਭਾਉ ਆਦਿ ਸੰਸਕਾਰ ਨੂੰ ਵੀ ਨਾਲੋ ਨਾਲ ਪੇਸ਼ ਕਰਦੇ ਹਨ। ਇਥੇ ਭਰਮ ਬਾਰੇ ਹਲਕੀ ਜਿਹੀ ਵਿਚਾਰ ਕਰ ਲੈਣੀ ਉਚਿਤ ਹੋਵੇਗੀ ਇਹ ਧਿਆਨ ਰਹੇ, ਇਕ ਉਹ ਭਰਮ ਹਨ ਜੋ ਵਿਹਾਰਕ ਜੀਵਨ ਵਿਚ ਵਾਪਰਦੇ ਹਨ। ਦੂਜੇ ਉਹ ਹਨ ਜੋ ਅਧਿਆਤਮਕ ਮਾਰਗ ਵਿਚ ਵਾਪਰਦੇ ਹਨ। ਬਾਣੀ ਵਿਚ ਅਧਿਆਤਮ ਮਾਰਗ ਵਿਚ ਵਾਪਰਣ ਵਾਲੇ ਭਰਮਾਂ ਦਾ ਜ਼ਿਕਰ ਵੀ ਹੈ ਤੇ ਨਵਿਰਤੀ ਲਈ ਸਾਧਨ ਵੀ ਦੱਸੇ ਗਏ ਹਨ।

ਵੇਦਾਂਤੀਆਂ ਨੇ ਪੰਜ ਤਰ੍ਹਾਂ ਦੇ ਭਰਮਾਂ ਦੀ ਕਲਪਨਾ ਕੀਤੀ ਹੈ :

ਭੇਦ ਭਰਮ : ਜੀਵ ਨੂੰ ਇਹ ਨਿਸ਼ਚੈ ਹੋਣਾ ਕਿ ਪ੍ਰਭੂ ਜੀਵ ਤੋਂ ਭਿੰਨ ਹੈ। ਅਸਲ ਵਿਚ ਇਹ ਸੱਚ ਨਹੀਂ। ਜਿਸ ਤਰ੍ਹਾਂ ਬਿੰਬ ਤੇ ਪ੍ਰਤਿਬਿੰਬ ਜਲ ਤੇ ਜਲ ਵਿਚ ਪਿਆ ਪਰਛਾਵਾਂ ਇਕ ਦੂਜੇ ਤੋਂ ਵਖ ਨਹੀਂ ਇਸੇ ਤਰ੍ਹਾਂ ਈਸ਼ਵਰ ਤੇ ਜੀਵ ਵੀ ਇਕ ਦੂਜੇ ਤੋਂ ਵਖ ਨਹੀਂ।

ਕਰਤ੍ਰਿਤ ਭਰਮ : ਜੀਵ ਨੂੰ ਇਹ ਨਿਸਚੈ ਹੋਣਾ ਜਾਂ ਇਉਂ ਕਹੋ ਕਿ ਮੈ ਕਰਮ ਕਰਦਾ ਹਾਂ ਇਸ ਦਾ ਫਲ ਨਰਕ ਤੇ ਸੁਰਗ ਆਦਿ ਭੁਗਤਾਂਗਾ। ਪਰ ਜਿਸ ਤਰ੍ਹਾਂ ਕੱਚ ਦੇ ਨੇੜੇ ਰੱਖੇ ਫੁੱਲ ਦੀ ਸਮੀਪਤਾ ਤੋਂ ਕੱਚ ਵਿਚ ਰੰਗ ਦੀ ਲੱਸ ਆ ਜਾਂਦੀ ਹੈ। ਇਸੇ ਤਰ੍ਹਾਂ ਆਤਮਾ ਵਿਚ ਕਰਤਾਪਨ ਨਹੀਂ ਹੈ। ਆਤਮਾ ਕਰਮ ਤੋਂ ਮੁਕਤ ਹੈ।

ਸੰਗ ਭਰਮ : ਦੇਹ ਨੂੰ ਆਤਮਾ ਨਾਲ ਅਭੇਦ ਜਾਣ ਕੇ ਉਸ ਉਪਰ ਦੇਹ ਦੇ ਧਰਮ ਅਰੋਪਤ ਕਰਨਾ ਸੰਗ ਭਰਮ ਹੈ। ਉਦਾਹਰਣ ਲਈ ਮੈਂ ਗੋਰਾ ਜਾਂ ਕਾਲਾ ਹਾਂ, ਉਹ ਖੱਤਰੀ ਜਾਂ ਬ੍ਰਾਹਮਣ ਹੈ। ਕਾਲਾ, ਗੋਰਾ, ਖੱਤਰੀ ਜਾਂ ਬ੍ਰਾਹਮਣ ਆਦਿ ਗੁਣ ਸ਼ਰੀਰ ਦੇ ਹਨ। ਆਤਮਾ ਇਹਨਾਂ ਤੋਂ ਰਹਿਤ ਹੈ। ਇਸ ਨੂੰ ਇਕ ਹੋਰ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ : ਪਾਣੀ ਦੇ ਘੜੇ ਵਿਚ ਅਕਾਸ਼ ਦਿਸਦਾ ਹੈ ਪਰ ਅਕਾਸ਼ ਘੜੇ ਤੋਂ ਨਿਰਲੇਪ ਹੈ।

ਵਿਕਾਰ ਭਰਮ : ਜਗਤ ਨੂੰ ਬ੍ਰਹਮ ਦਾ ਕਾਰਜ ਮੰਨ ਕੇ ਇਹ ਨਿਸਚੈ ਕਰਾ ਕਿ ਜਗਤ ਬ੍ਰਹਮ ਤੋਂ ਉਤਪੰਨ ਹੋਇਆ ਹੈ। ਅਸਲ ਵਿਚ ਜਗਤ ਦਾ ਸਿਰਜਕ ਬ੍ਰਹਮ ਨਹੀਜ, ਮਾਇਆ ਹੈ। ਰੱਸੀ ਸੱਪ ਦਾ ਭੁਲੇਖਾ ਪਾਉਂਦੀ ਹੈ ਪਰ ਕਾਰਜ ਰਹਿਤ ਹੁੰਦੀ ਹੈ। ਇਸੇ ਤਰ੍ਹਾਂ ਆਤਮਾ ਸਦਾ ਨਿਰਵਿਕਾਰ ਹੁੰਦੀ ਹੈ।

ਜਗਸਤੱਤ੍ਵ ਭਰਵ : ਜਗਤ ਨੂੰਬ੍ਰਹਮ ਤੋਂ ਵੱਖ ਮੰਨਣਾ ਪਰ ਅਸਲ ਵਿਚ ਬ੍ਰਹਮ ਵੀ ਸੱਤਯ ਹੈ ਤੇ ਜਗਤ ਵੀ ਸੱਤਯ ਹੈ। ਸੋਨੇ ਤੋਂ ਬਿਨਾ ਗਹਿਣਾ ਨਹੀਂ ਬਣਦਾ। ਇਸੇ ਤਰ੍ਹਾਂ ਜਗਤ ਤੋਂ ਬਿਨਾਂ ਬ੍ਰਹਮ ਨਹੀਂ। ਪਰਿਵਰਤਨ ਜਗਤ ਦਾ ਨੇਮ ਹੈ। ਉਂਜ ਜਗਤ ਸੱਤਯ ਹੀ ਹੈ।

ਜ਼ਾਹਿਰ ਹੈ, ਗੁਰੂ ਰਾਮਦਾਸ ਜੀ ਨੇ ਗਿਆਨ-ਮਾਰਗੀ ਸਾਧਨ ਜਾਂ ਭਗਤ ਅਧਿਆਤਮਕ ਮਾਰਗ ਉਤੇ ਤੁਰਦਿਆਂ ਜਿਹਨਾਂ ਭਰਮਾਂ ਦਾ ਸ਼ਿਕਾਰ ਹੋ ਸਕਦਾ ਹੈ ਉਨ੍ਹਾਂ ਦਾ ਵਰਨਣ ਅਨੇਕ ਵਾਰ ਕੀਤਾ ਹੈ। ਗੁਰੂ ਰਾਮਦਾਸ ਜੀ ਨੇ ਜੀਵਾਤਮਾ ਦੀ ਪਰਮਾਤਮਾ ਨਾਲ ਅਭੇਦਤਾ ਦੀ ਪ੍ਰਕਿਰਿਆ ਸਮਝਾਉਣ ਨਹੀ ਜਿਥੇ ਵਿਆਹ ਦੇ ਰੂਪਕ ਦੀ ਵਰਤੋਂ ਕੀਤੀ ਹੈ ਉਥੇ ਵਿਵਹਾਰਕ ਤੌਰ ਉਤੇ ਭਰਮ ਦਾ ਨਿਰੂਪਣ ਵੀ ਕੀਤਾ ਹੈ। ਜਿਸ ਤਰ੍ਹਾਂ ਜੀਵਾਤਮਾ ਤੇ ਪਰਮਾਤਮਾ ਦੀ ਸ਼ਾਦੀ ਪ੍ਰਤੀਕਾਤਮਕ ਹੈ ਇਸੇ ਤਰ੍ਹਾਂ ਭਰਮ, ਸ਼ੰਕੇ ਆਦਿ ਵੀ ਵਿਹਾਰਕ ਨਾ ਹੋ ਕੇ ਅਧਿਆਤਮੀ ਦੀ ਸੂਝ ਨੂੰ ਤਿਖਿਆ ਕਰਨ ਵਾਲੇ ਹਨ। ਸ਼ੰਕੇ ਬਿਨਾਂ ਸਪਸ਼ਟਤਾ ਨਹੀਂ ਹੁੰਦੀ ਤੇ ਪਰਮ ਬਿਨਾਂ ਗਿਆਨ ਨਹੀਂ। ਗੁਰੂ ਰਾਮਦਾਸ ਦੀ ਬਾਣੀ ਦੀ ਮੂਲ ਇਕਾਈ ਭਗਤੀ ਹੀ ਹੈ ਤੇ ਭਗਤ ਦਾ ਪਾਰਬ੍ਰਹਮ ਨਾਲ ਮਿਲਾਪ ਕਿਵੇਂ ਹੋ ਸਕਦਾ ਹੈ ਇਸ ਲਈ ਉਨ੍ਹਾਂ ਨੇ ਉਹਨਾਂ ਕੋਸ਼ਾਂ ਜਾਂ ਪੜਦਿਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਸਹਾਰੇ ਹੀ ਅੰਤਿਮ ਆਨੰਦ ਦੀ ਪ੍ਰਾਪਤੀ ਹੋ ਸਕਦੀ ਹੈ। ਦੂਜੇ ਪਾਸੇ, ਭਾਵੇਂ ਪ੍ਰਸ਼ਨੋਤਰੀ ਸ਼ੈਲੀ ਦਾ ਪ੍ਰਯੋਗ ਹੀਂ ਕੀਤਾ ਗਿਆ, ਪਰ ਪਰਮ ਦਾ ਵਰਣਨ ਤੇ ਭਰਮ-ਨਵਿਰਤੀ ਦਾ ਵਰਨਣ ਵੀ ਬਾਰੰਬਾਰ ਕੀਤਾ ਹੈ। ਭਰਮ-ਨਵਿਰਤੀ ਬਿਨਾਂ ਨਿੱਤਾਨੰਦ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ। ਨਿੱਤਾਨੰਦ ਦੀ ਪ੍ਰਕਿਰਿਆ ਨੂੰ ਸਮਝਾਉਣ ਲਈ ਗੁਰੂ ਰਾਮਦਾਸ ਜੀ ਨੇ ਵਿਆਹ ਦੇ ਸੰਸਕਾਰਾਂ ਨੂੰ ਇਕ ਜੁਗਤ ਦੇ ਤੌਰ 'ਤੇ ਵਰਤਿਆ ਹੈ।

ਗੁਰੂ ਰਾਮਦਾਸ ਦੀ ਬਾਣੀ ਵਿਚ ਪੇਸ਼ ਹੋਇਆ ਭਗਤ, ਗਿਆਨੀ ਭਗਤ ਹੈ ਜੋ ਦਰਸ਼ਨ ਦੀ ਪੱਧਰ ਉਪਰ ਆਤਮ ਵਿਚਾਰ ਕਰਦਾ ਹੈ। ਭਗਤ ਦੀ ਸਭ ਤੋਂ ਆਖਰੀ ਤੇ ਮੂਲ ਲੋੜ ਹੈ ਪਰਮਾਤਮਾ ਨਾਲ ਅਭੇਦ ਹੋਣ ਦੀ। ਅਭੇਦਤਾ ਨੂੰ ਪ੍ਰਾਪਤ ਕਰਨ ਲਈ ਨੌਂ ਪ੍ਰਕਾਰੀ ਭਗਤੀ ਤਾਂ ਸਾਧਕ ਕਰਦਾ ਹੀ ਹੈ ਪਰ ਕਈ ਵਾਰ ਅਜੇਹੇ ਸਾਧਨ ਵੀ ਪੁੱਛਦਾ ਹੈ ਜਿਸ ਨਾਲ ਪਰਮਾਤਮਾ ਦੀ ਫੌਰੀ ਪ੍ਰਾਪਤੀ ਹੋ ਜਾਵੇ। ਗੁਰੂ ਰਾਮਦਾਸ ਜੀ ਅਜੇਹੇ ਪ੍ਰਸ਼ਨਾਂ ਦਾ ਸਮਾਧਾਨ ਆਸਾ ਮਹਲਾ ੪ ਦੇ ਛੰਤ ਵਿਚ ਕਰਦੇ ਹਨ :



ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥
ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥
ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥
ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ ਹਰਿ ਦਰਗਹ ਪਾਵੈ ਮਾਨੁ ਜੀਉ ॥
ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥੧॥
ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥
ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥
ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥
ਅੰਤਰਿ ਮਮਤਾ ਰੋਗੁ ਲਗਾਨਾ ਹਉਮੈ ਅਹੰਕਾਰੁ ਵਧਾਇਆ ॥
ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥
ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥੨॥
ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ ॥
ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ ॥
ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ ॥
ਮਹਾ ਜੁਧ ਜੋਧ ਬਹੁ ਕੀਨ੍ਹੇ ਵਿਚਿ ਹਉਮੈ ਪਚੈ ਪਚਾਇ ਜੀਉ ॥
ਦੀਨ ਦਇਆਲਿ ਗੁਰੁ ਸਾਧੁ ਮਿਲਾਇਆ ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ ॥
ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ ॥੩॥
ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥
ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥
ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ ਹਰਿ ਹਰਿ ਨਾਮੁ ਖੇਤੁ ਜਮਾਇਆ ॥
ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥
ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ ਹਿਰਦੈ ਨਾਮੁ ਲਖਾਇ ਜੀਉ ॥
ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ॥[4]

ਆਦਿ ਕਾਲ ਤੋਂ ਹੀ ਧਰਮ ਇਕ ਨਿਯਮਤ ਰੂਪ ਗ੍ਰਹਿਣ ਕਰ ਗਿਆ ਸੀ। ਹਰ ਦੇਸ਼, ਹਰ ਸੰਸਕ੍ਰਿਤੀ ਵਿਚ ਧਰਮ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਸਥਾਨਾਂਤਰਣ ਕਰਕੇ ਧਰਮ ਦਰਸ਼ਨ ਤੇ ਧਰਮ-ਰਹਿਤ ਮਰਿਆਦਾ ਵਿਚ ਬਹੁਰੰਗਤਾ ਹੈ। ਅਨੇਕਾਂ ਆਚਾਰੀਆਂ ਨੇ ਬ੍ਰਹਮ ਤੇ ਜਗਤ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕੀਤਾ ਹੈ। ਕਈ ਆਚਾਰੀਆਂ ਨੇ ਭਰਮ ਵਰਗੀ ਮੂਲ ਹੋਂਦ ਦਾ ਸੰਬੰਧ ਸਮੇਂ ਨਾਲ

ਜੋੜ ਕੇ ਸਮੇਂ ਵਿਸ਼ੇਸ਼ ਦੇ ਧਰਮ ਦੇ ਵਿਲੱਖਣ ਗੁਣ-ਲੱਛਣਾਂ ਨੂੰ ਪਛਾਨਣ ਦਾ ਜਤਨ ਕੀਤਾ ਹੈ। ਭਗਤੀ ਆਚਾਰੀਆਂ ਨੇ ਧਰਮ ਨੂੰਬੈਲ ਦੇ ਰੂਪਕ ਰਾਹੀਂ ਸਮਝਾਉਣ ਦਾ ਜਤਨ ਕੀਤਾ ਹੈ। ਬੈਲ ਦੇ ਚਾਰ ਪੈਰ ਹੁੰਦੇ ਹਨ। ਇਸੇ ਤਰ੍ਹਾਂ ਧਰਮ ਦੇ ਵੀ ਚਾਰ ਪੈਰ ਹਨ। ਇਸ ਤੋ ਛੁਟ ਜਗਤ ਦੀ ਕਲਪਨਾ ਚਾਰ ਜੁਗਾਂ ਵਿਚ ਕੀਤੀ ਗਈ ਹੈ। ਦੂਸਰੇ ਸ਼ਬਦ ਵਿਚ ਦ੍ਰਿਸ਼ਟਮਾਨ ਜਗਤ ਦੇ ਰਹਿਣ ਜਾਂ ਅਸਤਿਤਵ ਦਾ ਸਮਾਂ ਚਾਰ ਜੁਗ ਹੈ। ਜੁਗ ਅਸਲ ਵਿਚ ਜਗਤ ਦੇ ਬਣਨ ਦੇ ਸਮੇਂ ਨੂੰ ਸੰਕੇਤ ਕਰਦੇ ਹਨ। ਹਿੰਦੂ ਧਰਮ ਗ੍ਰੰਥ ਬ੍ਰਹਿਮੰਡ ਦੀ ਚਾਰ ਜੁਗ ਆਰਜਾ ਮੰਨਦੇ ਹਨ ਇਸੇ ਤਰ੍ਹਾਂ ਧਰਮ ਦੇ ਵੀ ਚਾਰ ਪੈਰ ਹੁਦੇ ਹਨ। ਗੁਰੂ ਰਾਮਦਾਸ ਜੀ ਨੇ ਵੀ ਧਰਮ ਦੇ ਚਾਰ ਪੈਰਾਂ ਦੀ ਸਾਰਥਕਤਾ ਜੁਗ ਨਾਲ ਜੋੜ ਕੇ ਨਿਰੂਪਿਤ ਕੀਤੀ ਹੈ। ਧਰਮ ਚਾਰ ਪੈਰਾਂ ਦਾ ਧਾਰਣੀ ਹੈ। ਜੁਗ ਵਿਸ਼ੇਸ਼ ਵਿਚ ਪੈਰ ਵਿਸ਼ੇਸ਼ ਦੀ ਪ੍ਰਧਾਨਤਾ ਰਹੀ ਹੈ। ਜਿਵੇਂ-ਜਿਵੇਂ ਜੁਗ ਬੀਤਦਾ ਗਿਆ ਤਿਵੇਂ ਤਿਵੇਂ ਇਕ-ਇਕ ਪੈਰ ਟੁੱਟਦਾ ਗਿਆ। ਅਸਲ ਵਿਚ, ਇਹ ਪੈਰ ਲੋਕਾਂ ਦੀ ਬਿਰਤੀ ਦੇ ਪ੍ਰਤੀਕ ਹਨ। ਜਿਵੇਂ ਜਿਵੇਂ ਜੁਗ ਬੀਤਦਾ ਗਿਆ ਲੋਕਾਂ ਦੀ ਬਿਰਤੀ ਕਰਮ ਵਿਸ਼ੇਸ਼ ਵਿਚ ਘਟਦੀ ਗਈ। ਧਰਮ ਦੇ ਚਾਰ ਪੈਰਾਂ ਦਾ ਉਲੇਖ ਨਾਨਕ-ਬਾਣੀ ਵਿਚ ਇਸ ਤਰ੍ਹਾਂ ਮੌਜੂਦ ਹੈ :

> ਸਤਿਜੁਗ ਸਤਿ ਤੇਤਾ ਜਗੀ ਦੁਆਪਰ ਪੂਜਾ ਚਾਰ
> ਤੀਨੋ ਜੁਗ ਤੀਨੋ ਦਿੜੇ ਕਲ ਕੇਵਲ ਨਾਮ ਆਧਾਰ
> ਸਤਜੁਗ-ਸਤਿ
> ਤ੍ਰੇਤਾ-ਜਗੀ/ਯਗ ਆਦਿ
> ਦੁਆਪਰ-ਪੂਜਾ ਚਾਰ ਅਥਵਾ ਆਚਾਰ
> ਕੁਲਜੁਗ-ਦਾਨ

ਸਤਿਜੁਗ ਵਿਚ ਲੋਕ ਸੰਤੋਖ ਪਰਾਇਣ ਸਨ। ਇਹੀ ਕਾਰਨ ਹੈ ਉਦੋਂ ਧਰਮ ਦੇ ਚਾਰੇ ਪੈਰ ਮੌਜੂਦ ਸਨ। ਤ੍ਰੇਤੇ ਜੁਗ ਵਿਚ ਮਨੁੱਖ ਵਿਚ ਹਉਮੈ ਨੇ ਜੋਰ ਪਾਇਆ ਤਾਂ ਧਰਮ ਦਾ ਇਕ ਪੈਰ ਸਤਿ ਖਿਸਕ ਗਿਆ। ਦੁਆਪਰ ਜੁਗ ਵਿਚ ਲੋਕ ਕ੍ਰਿਸ਼ਨ ਦੀ ਪੂਜਾ ਤਪ ਆਦਿ ਕਰਨ ਲਗ ਪਏ। ਇਸ ਤਰ੍ਹਾਂ ਧਰਮ ਦਾ ਦੂਜਾ ਪੈਰ ਯਗ ਆਦਿ ਟੁੱਟ ਗਿਆ। ਕਲਜੁਗ ਵਿਚ ਧਰਮ ਦੇ ਤਿੰਨ ਪੈਰ ਸਤਿ ਯਗ ਤੇ ਪੂਜਾ ਤਪ ਆਦਿ ਸਮਾਪਤ ਹੋ ਗਏ ਹਨ। ਇਸ ਜੁਗ ਵਿਚ ਧਰਮ ਦਾ ਚੌਥਾ ਪੈਰ ਦਾਨ ਹੈ। ਦਾਨ ਵੀ ਲੋਕ ਹਉਮੈ ਅਧੀਨ ਕਰਦੇ ਹਨ ਇਸ ਲਈ ਸਭ ਤੋਂ ਚੰਗਾ ਕਲਜੁਗ ਵਿਚ ਹਰੀ ਦਾ ਨਾਮ ਜਪਣਾ ਹੀ ਹੈ। ਨਾਮ ਜਪਣਾ ਹੀ ਇਸ ਜੁਗ ਦਾ ਅਸਲ ਵਿਚ ਚਉਥਾ ਪੈਰ ਹੈ। ''ਕਲਿਜੁਗ ਬੀਜ ਬੀਜੈ ਬਿਨ ਨਾਵੈ ਸਭੁ ਲਾਹਾ ਮੂਲ ਗਵਾਇਆ।।'' ਕਲਜੁਗ ਵਿਚ ਨਾਮ ਦਾ ਮਹੱਤਵ ਗੁਰੂ ਸੰਸਥਾ ਨੇ ਸਭ ਤੋਂ ਵਧ ਸਵੀਕਾਰ ਕੀਤਾ ਹੈ। ਗੁਰੂ ਨਾਨਕ ਦੇਵ ਦੀ ਅਨੁਸਾਰਤਾ ਕਰਦੇ ਹੋਏ ਹੀ ਗੁਰੂ ਰਾਮਦਾਸ ਨੇ ਵੀ ਇਸੇ ਤੱਥ ਨੂੰ ਦ੍ਰਿੜ ਕਰਾਇਆ ਹੈ। ਭਗਤੀ ਤਾਂ ਹੈ ਹੀ ਨਾਮ ਜਪਣਾ।

ਨਾਮ ਜਪਣਾ ਅਸਲੀ ਵਿਚ ਇਕ ਅਨੁਭਵ ਹੈ, ਇਕ ਕਿਰਿਆ ਹੈ, ਇਕ ਪ੍ਰਕਿਰਿਆ ਹੈ।



ਸੰਸ਼ਲੇਸ਼ਣਾਤਮਕ ਹੋਦਾ ਅਨੁਭਵ ਦੀ ਸਹਿਜ ਪ੍ਰਕਿਰਤੀ ਹੈ। ਧਾਰਮਿਕ ਅਨੁਭਵ ਵਿਚ ਅਧਿਆਤਮੀ, ਰਹੱਸਵਾਦੀ ਤੇ ਤੱਤਕਾਲੀ ਇਤਿਹਾਸਕ ਅੰਸ਼ ਇਕ ਦੂਜੇ ਵਿਚ ਇਸ ਤਰ੍ਹਾਂ ਸਮਾਏ ਹੁੰਦੇ ਹਨ ਕਿ ਉਨ੍ਹਾਂ ਨੂੰ ਇਕ ਦੂਜੇ ਤੋਂ ਨਿਖੇੜਿਆ ਜਾ ਹੀ ਨਹੀਂ ਸਕਦਾ। ਇਸ ਤੋਂ ਉਲਟ ਵਿਸ਼ਲੇਸ਼ਣ ਤਾਂ ਹੋ ਹੀ ਨਿਆਇ ਦੀ ਪੱਧਰ ਉਪਰ ਸਕਦਾ ਹੈ। ਬਾਣੀ ਦਾ ਚਰਿੱਤਰ ਰਹੱਸਵਾਦੀ ਹੋਣ ਕਰਕੇ ਸੰਸ਼ਲੇਸ਼ਣਾਤਮਕ ਬਿਰਤੀ ਦਾ ਧਾਰਣੀ ਹੈ। ਇਕ ਪਾਸੇ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ ਹੈ ਤਾਂ ਦੂਜੇ ਪਾਸੇ ਸਦਾਚਾਰਕ ਪੱਖ ਉਭਾਰਿਆ ਜਾਂਦਾ ਹੈ ਤੇ ਉਸੇ ਵਿਚ ਹੀ ਨਾਮ ਜਪਣ ਦੀ ਪ੍ਰੇਰਣਾ ਵੀ ਹੁੰਦੀ ਹੈ ਜੋ ਧਾਰਮਿਕ ਜੀਵਨ ਦਾ ਵਿਹਾਰਕ ਪੱਖ ਹੈ। ਧਰਮ ਤੇ ਸਾਹਿਤ ਦੋਵੇਂ ਹੀ ਆਪਣੇ ਚਰਿਤਰ ਵਿਚ ਇਕ ਹਨ। ਧਰਮ ਦੀ ਬਹੁਤਵਿਧ ਵਿਆਖਿਆ ਤੇ ਸਾਹਿਤ ਦਾ ਅਨੇਕ ਮੁਖ ਸ਼ਾਸਤਰ ਇਸੇ ਤੱਥ ਦੀ ਪੁਸ਼ਟੀ ਕਰਦਾ ਹੈ। ਇਕ ਗੱਲ ਜੋ ਸਾਹਿਤ ਤੇ ਧਰਮ ਵਿਚ ਸਾਂਝੀ ਹੈ, ਉਹ ਹੈ ਭਾਸ਼ਾ ਦੋਵੇਂ ਭਾਸ਼ਾ ਰਾਹੀਂ ਹੀ ਪ੍ਰਵਾਨ ਚੜ੍ਹਦੇ ਹਨ। ਦੋਹਾਂ ਦਾ ਸੰਚਾਰ-ਮਾਧਿਅਮ ਭਾਸ਼ਾ ਹੈ। ਦੋਹਾਂ ਦਾ ਆਧਾਰ ਅਨੁਭਵ ਹੈ। ਦੋਵੇਂ ਦੇਸ਼ ਕਾਲ ਦੀ ਸੀਮਾ ਵਿਚ ਵੀ ਵਿਚਰਦੇ ਹਨ ਤੇ ਪਾਰਗਾਮੀ ਵੀ ਹਨ। ਦੋਵੇਂ ਕਲਾਤਮਿਕਤਾ ਦੇ ਧਾਰਣੀ ਹਨ। ਦੋਵੇਂ ਸੁਹਜ-ਅਨੁਭਵ ਨਾਲ ਭਰਪੂਰ ਹਨ। ਦੋਵੇਂ ਪਰੰਪਰਿਕ ਵੀ ਹਨ ਤੇ ਪਰੰਪਰਾ ਵਿਸਤਾਰਦੇ ਵੀ ਹਨ।

ਗੁਰੂ ਅਮਰਦਾਸ ਦਾ ਸੰਬੋਧਨ ਨਾਰੀ ਸੰਸਾਰ ਨਾਲ ਵਧੇਰੇ ਕਰੇ ਸੰਬੰਧਿਤ ਹੈ। ਹਾਲਾਂਕਿ ਉਨ੍ਹਾਂ ਨੇ ਨਰ-ਮਾਦਾ ਦਾ ਰੂਪਕ ਹੀ ਵਰਤਿਆ ਹੈ, ਵਿਆਹ ਦਾ ਨਹੀਂ। ਉਨਾਂ ਨੇ ਮਾਦਾ ਸੰਸਾਰ ਵਿਚੋ ਵੀ ਕੁਝ ਚੋਣਵੇਂ ਸ਼ਬਦਾਂ ਦੀ ਹੀ ਵਰਤੋਂ ਕੀਤੀ ਹੈ :

ਧਨ : ਧਨਿਕਾ ਸੰਸਕ੍ਰਿਤ ਵਿਚ ਧਨਿਕਾ ਦਾ ਅਰਥ ਹੈ ਜੁਆਨ ਇਸਤ੍ਰੀ। ਧਨ ਧਨਿਕਾ ਦਾ ਤਦਭਵ ਰੂਪ ਹੈ।

ਸਾਧਨ : ਸਾਧਵੀ (ਸੰਸਕ੍ਰਿਤ) ਦਾ ਤਦਤਵ ਰੂਪ ਹੈ ਜਿਸ ਦਾ ਅਰਥ ਹੈ ਸ੍ਰੇਸ਼ਟ ਇਸਤ੍ਰੀ। ਸਾਧਨ ਤੇ ਸਾਧਵੀ ਪ੍ਰਯਾਇਵਾਚੀ ਸ਼ਬਦ ਹਨ।

ਕਾਮਣਿ : ਕਾਮਨਾ ਸਾਹਿਤ ਇਸਤ੍ਰੀ। ਗੁਰਬਾਣੀ ਵਿਚ ਕਾਮਣਿ ਦੇ ਦੋ ਹੋਰ ਰੂਪ ਮਿਲਦੇ ਹਨ : ਕਾਰਣ-ਜਿਸ ਦਾ ਅਰਥ ਹੈ, ਟੂਣਾ। ਕਾਮਣੁ-ਕਾਮਨਾ ਵਾਸਤੇ ਕਿਸੇ ਆਰਾਧ ਦੇਵਤਾ ਦੀ ਉਸਤਤ ਕੀਤੀ ਜਾਏ।

ਮੁੰਧ : ਸਿੰਧੀ ਭਾਸ਼ਾ ਵਿਚ ਇਸ ਦਾ ਅਰਥ ਹੈ ਇਸਤ੍ਰੀ। ਮਤਲਬ ਇਹ ਕਿ ਤੀਸਰੇ ਗੁਰੂ ਨੇ ਮਾਦਾ ਸੰਸਾਰ ਵਿਚੋਂ ਜਗਿਆਸੂ ਸਾਧਕ ਲਈ ਚਾਰ ਪ੍ਰਤੀਕਾਤਮਕ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਇਸ ਤੋਂ ਉਲਟ ਗੁਰੂ ਰਾਮਦਾਸ ਅਜੇਹੇ ਸੰਬੋਧਨਾ ਨਾਲੋਂ ਅਜੇਹੇ ਸੰਬੋਧਨ ਵਧੇਰੇ ਚੁਣਦੇ ਹਨ ਜਿਹਨਾਂ ਦਾ ਸੰਬੰਧ ਨਰ ਸੰਸਾਰ ਨਾਲ ਹੈ:

(ੳ) ਮੇਰੇ ਮਨ ਪਰਦੇਸੀ ਵੇ ਪਿਆਰੇ ਆਓ ਘਰੇ

(ਅ) ਹਰਿ ਹਰਿ ਨਾਮ ਧਿਆਈਐ ਮੇਰੀ ਜਿੰਦੜੀਏ

(ੲ) ਮੇਰੇ ਮਨ ਮੇਰੇ ਮਨ ਸਤਿਗੁਰ ਪ੍ਰੀਤ ਲਗਾਈ ਰਾਮ

(ਸ) ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮ ਸਭ ਬਿਨਸੇ ਹਉਮੈ ਪਾਪਾ ਰਾਮ

(ਹ) ਆਵਹੁ ਸੰਤ ਜਨਹੁ ਗੁਣ ਗਾਵਹ ਗੋਬਿੰਦ ਕੇਰੇ ਰਾਮ

(ਕ) ਵਸਿ ਆਣਹੁ ਵੇ ਜਨ ਇਸੁ ਮਨ ਕਉ

ਉਪਰੋਕਤ ਸੰਬੋਧਨਾਂ ਤੋਂ ਇਕ ਹੋਰ ਤਥ ਸਾਹਮਣੇ ਆਉਂਦਾ ਹੈ ਇਹ ਸੰਬੋਧਨ ਕੇਵਲ ਨਰ-ਸੰਸਾਰ ਨਾਲ ਹੀ ਸੰਬੰਧਿਤ ਨਹੀਂ ਸਗੋਂ ਕਿਸੇ ਵੀ ਪ੍ਰਾਣੀ ਮਾਤਰ ਲਈ ਵਰਤੇ ਜਾ ਸਕਦੇ ਹਨ। ਉਹ ਪ੍ਰਾਣੀ ਜੋ ਧਰਮ ਦੇ ਰਾਹ ਉਪਰ ਤੁਰਦੇ ਹਨ। ਧਰਮ ਸੰਸਾਰ ਵਿਚ ਵਿਅਕਤੀ ਵਿਸ਼ੇਸ਼ ਨਹੀਂ ਹੁੰਦਾ ਸਗੋਂ ਜਗੱਤਰੀ (Unirersal) ਜੀਵ ਹੁੰਦਾ ਹੈ। ਅਜੇਹੇ ਸੰਬੋਧਨ ਸਮਾਜਿਕ ਪਰਿਵਾਰ ਨਾਲੋ ਧਾਰਮਿਕ ਸੰਸਾਰ ਦੇ ਰਜਿਸਟਰ ਵਿਚੋਂ ਲਏ ਗਏ ਹਨ। ਇਸ ਦਾ ਕਾਰਣ ਇਹ ਵੀ ਹੋ ਸਕਦਾ ਹੈ, ਗੁਰੂਰਾਮਦਾਸ ਤਕ ਪੁਜਦਿਆਂ ਗੁਰੂ ਸੰਸਥਾ ਆਪਣੀ ਨਿਸਚਿਤ ਨੁਹਾਰ ਲੈ ਚੁਕੀ ਸੀ। ਪਰ ਜੋ ਤਥ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ, ਉਹ ਹੈ ਨਾਮ ਨੂੰ ਧਿਆਉਣ ਉਪਰ ਬਲ। ਇਸ ਤੋਂ ਉਲਟ ਗੁਰੂ ਅਮਰਦਾਸ ਦਾ ਬਲ ਗੁਰੁ ਸੇਵਾ ਉਪਰ ਹੈ। ਗੁਰੂ ਰਾਮਦਾਸ ਨੇ ਸਭ ਤੋਂ ਜ਼ਿਆਦਾ ਜਿੰਦੜੀਏ ਸੰਬੋਧਨ ਦੀ ਵਰਤੋਂ ਕੀਤੀ ਹੈ ਤੇ ਦੂਸਰੇ ਦਰਜੇ ਉਪਰ ਮਨ ਨੂੰ ਸੰਬੋਧਨ ਕੀਤਾ ਹੈ। ਇਹ ਸੰਬੋਧਨ ਅਸੰਪ੍ਰਦਾਇਕਤਾ ਦਾ ਝਾਵਲਾ ਦੇਂਦੇ ਹਨ। ਇਹ ਉਹ ਸੰਬੋਧਨ ਹਨ ਜੋ ਪ੍ਰਾਣੀ ਵਿਸ਼ੇਸ਼ ਤੇ ਜਨ ਸਾਧਾਰਣ ਦੋਹਾਂ ਲਈ ਵਰਤੇ ਜਾ ਸਕਦੇ ਹਨ। ਗੁਰੂ ਰਾਮਦਾਸ ਜੀ ਨੇ ਪਰਮ ਹੋਂਦ ਲਈ ਕੁਝ ਵਿਸ਼ੇਸ਼ ਵਿਸ਼ੇਸ਼ਣਾ ਦਾ ਪ੍ਰਯੋਗ ਵੀ ਕੀਤਾ ਹੈ ਜਿਹਾ ਕਿ :

ਅਪਰੰਪਰ-ਜਿਸ ਕੋਲ ਮਨੁੱਖ ਦੀ ਪਹੁੰਚ ਨਾ ਹੋਵੇ। ਅਪਰ ਦਾ ਅਰਥ ਹੈ ਦੇਵਤਾ ਆਦਿ-ਦੇਵਤਿਆਂ ਤੋਂ ਵੀ ਜੋ ਪਰੇ ਹੈ ਉਸ ਨੂੰ ਅਪਰੰਪਰ ਕਿਹਾ ਗਿਆ ਹੈ।

ਆਦਿ ਪੁਰਖ-ਵੇਦ ਅਨੁਸਾਰ ਪੁਰਖ ਸ਼ਬਦ ਦਾ ਪ੍ਰਯੋਗ ਵਿਸ਼ਨੂੰ ਲਈ ਕੀਤਾ ਹੈ। ਆਦਿ ਪੁਰਖ ਦੇਵਤਾਦਿ ਦਾ ਸਿਰਜਣਾ ਕਰਨ ਵਾਲਾ, ਅਥਵਾ ਬ੍ਰਹਮ।

ਪੁਰਖ ਸੁਜਾਣ-ਸੁ-ਜਾਣ ਚੰਗੀ ਤਰ੍ਹਾਂ ਜਾਣਨ ਜਾਂ ਸਮਝਣ ਵਾਲਾ ਪੁਰਖ ਅਥਵਾ ਬ੍ਰਹਮ।

ਅਗੋਚਰ-ਗੋ ਦਾ ਅਰਥ ਹੈ ਇੰਦ੍ਰੀਆਂ ਤੇ ਚਰ ਦਾ ਅਰਥ ਹੈ ਵਿਸ਼ੇ ਕਰਨਾ, ਅਗੋਚਰ ਜਿਸ ਨੂੰ ਇੰਦ੍ਰੀਆਂ ਵਿਸ਼ੇ ਨਾ ਕਰ ਸਕਣ ਅਥਵਾ ਜੋ ਇੰਦ੍ਰੀਆਂ ਦਾ ਵਿਸ਼ਾ ਨਹੀਂ।

ਜ਼ਾਹਿਰ ਹੈ, ਇਹਨਾਂ ਵਿਸ਼ੇਸ਼ਣਾਂ ਦਾ ਸੰਬੰਧ ਵੀ ਧਰਮ-ਸੰਸਾਰ ਨਾਲ ਹੈ। ਇਹ ਵਿਸ਼ੇਸ਼ਣ, ਪਰਮਾਤਮਾ ਵਰਗੀ ਦਿੱਬ-ਹਸਤੀ ਲਈ ਵਰਤੇ ਗਏ ਹਨ। ਕੁਲ ਮਿਲਾ ਕੇ, ਛੰਤ-ਸਿਰਜਣ-ਸੰਸਾਰ ਧਰਮ ਦਾ ਸੰਸਾਰ ਹੈ। ਵਿਆਹ ਇਕ ਅਜੇਹਾ ਰੂਪਕ ਹੈ ਜਿਸ ਦੀ ਯਾਤਰਾ ਲੌਕਿਕ ਧਰਾਤਲ ਤੋਂ ਆਰੰਭ ਹੋ ਕੇ ਅਲੌਕਿਕ ਦਿੱਬ ਹੋਂਦ ਵਿਚ ਸਮਾਪਤ ਹੁੰਦੀ ਹੈ। ਜਗਿਆਸੂ ਮੁੰਧ ਇਆਣੀ ਵਾਂਗ ਅਧਿਆਤਮਕ ਮਾਰਗ ਉਪਰ ਤੁਰਦਾ ਹੈ। ਨਵਜੋਬਨ ਬਾਲੀ ਹੌਲੀ ਹੌਲੀ ਵਕਤ ਨਾਲ ਸਿਆਣੀ ਹੁੰਦੀ ਜਾਂਦੀ ਹੈ। ਜ਼ਿੰਮੇਵਾਰੀਆਂ ਨੂੰ ਸੰਭਾਲਣ ਦੇ ਜੋਗ ਬਣਨ ਲਗ ਜਾਂਦੀ ਹੈ। ਠੀਕ ਇਸੇ ਤਰ੍ਹਾਂ ਪੰਜ ਕੋਸ਼ਾਂ ਰਾਹੀਂ



ਅਧਿਆਤਮਕ ਪੰਧ ਦੀ ਰਾਹਨੁਮਾਈ ਕੀਤੀ ਗਈ ਹੈ। ਭਗਤ ਅੰਤ ਅਗਿਆਨਤਾ ਤੋਂ ਪ੍ਰਕਾਸ਼ਮਾਨ ਹੁੰਦਾ ਹੋਇਆ ਅਨੰਦਮਈ ਕੋਸ਼ ਨੂੰ ਪ੍ਰਾਪਤ ਹੁੰਦਾ ਹੈ। ਸਾਧਨ-ਆਨੰਦ ਸਾਹਿਤਕ ਕਿਰਤ ਤਕ ਸਮਾਪਤ ਹੋ ਜਾਂਦਾ ਹੈ। ਧਰਮ ਸੰਸਾਰ ਦੀ ਅੰਤਿਮ ਪ੍ਰਾਪਤੀ ਨਿੱਤਅਨੰਦ ਹੈ। ਇਹ ਵਿਸ਼ੇਸ਼ ਗਿਆਨ-ਅਨੁਭੂਤੀ ਤੋਂ ਪੈਦਾ ਹੁੰਦਾ ਹੈ। ਭਗਤ ਜਗਿਆਸੂ ਅਧਿਆਤਮਕ ਮਾਰਗ ਉਪਰ ਤੁਰਦਿਆਂ ਅਨੇਕ ਭਰਮਾਂ ਦਾ ਸ਼ਿਕਾਰ ਵੀ ਹੁੰਦਾ ਹੈ ਪਰ ਭਰਮ ਨਵਿਰਤੀ ਉਪਰੰਤ ਸਾਧਕ ਅੀਰ ਅਭੇਦ ਅਵਸਥਾ ਨੂੰ ਹੀ ਪ੍ਰਾਪਤ ਹੁੰਦਾ ਹੈ। ਗੁਰੂ ਰਾਮਦਾਸ ਸੰਬੋਧਨ ਤੇ ਵਿਸ਼ੇਸ਼ਣ-ਚੋਣ ਵਿਚ ਵਿਲੱਖਣ ਹਨ ਪਰ ਸਭ ਤੋ ਵਧ ਵਿਲੱਖਣ ਹੈ, ਵਿਆਹ ਦਾ ਅਨੇਕ ਦਿਸ਼ਾਵੀ ਸਾਰ ਗਰਭਿਤ ਰੂਪਕ। ਇਸ ਰਾਹੀਂ ਸੰਪੂਰਨ ਧਰਮ ਸੰਸਾਰ ਉਜਾਗਰ ਵਹੀ ਨਹੀਂ ਹੁੰਦਾ ਸਗੋਂ ਦਾਰਸ਼ਨਿਕ ਪੱਧਰ ਉਪਰ ਭਗਤ ਨਿਰਵੇਦ ਰਾਹੀਂ ਆਤਮ ਨਿਵੇਦਨ ਅਵਸਥਾ ਨੂੰ ਵੀ ਪ੍ਰਾਪਤ ਹੁੰਦਾ ਹੈ। ਇਹੀ ਗੁਰੂ ਰਾਮਦਾਸ ਜੀ ਦੇ ਛੰਤਾਂ ਦਾ ਅਦੁੱਤੀ ਗੁਣ ਹੈ।

ਹਵਾਲੇ:

1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 78.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 773.
3. ਇਹ ਛੰਤ 74, 75 ਪੰਨਾ ਉਪਰ ਅੰਕਿਤ ਹੈ।
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 445.

# ਗੁਰੂ ਰਾਮਦਾਸ: ਜੀਵਨ ਅਤੇ ਰਚਨਾ

**ਡਾ. ਪਰਮਵੀਰ ਸਿੰਘ***

ਗੁਰੂ ਰਾਮਦਾਸ (1534-81) ਦਾ ਪਹਿਲਾ ਨਾਂ ਭਾਈ ਜੇਠਾ ਸੀ ਅਤੇ ਬਚਪਨ ਤੋਂ ਹੀ ਇਹ ਗੁਰੂ-ਘਰ ਨਾਲ ਜੁੜੇ ਹੋਏ ਸਨ। 1534 ਈਸਵੀ ਵਿਚ ਚੂਨਾ ਮੰਡੀ, ਲਾਹੌਰ ਵਿਖੇ ਠਾਕੁਰ ਹਰਦਾਸ[1] ਅਤੇ ਮਾਤਾ ਦਯਾ ਕੌਰ ਦੇ ਘਰ ਇਹਨਾਂ ਦਾ ਪ੍ਰਕਾਸ਼ ਹੋਇਆ। ਮੌਜੂਦਾ ਸਮੇਂ ਵਿਚ ਇਥੇ ਗੁਰਦੁਆਰਾ ਜਨਮ ਅਸਥਾਨ ਸਸ਼ੋਭਿਤ ਹੈ।[2] ਸੱਤ ਸਾਲ ਦੀ ਉਮਰ ਵਿਚ ਹੀ ਮਾਤਾ-ਪਿਤਾ ਦਾ ਹੱਥ ਸਿਰ ਤੋਂ ਉੱਠ ਜਾਣ ਕਾਰਨ ਇਹਨਾਂ ਦਾ ਪਾਲਣ-ਪੋਸ਼ਣ ਇਹਨਾਂ ਦੇ ਨਾਨਕੇ ਪਿੰਡ ਬਾਸਰਕੇ ਵਿਖੇ ਹੋਇਆ ਸੀ। ਪਿਤਾ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਨਾਨੀ ਇਹਨਾਂ ਨੂੰ ਬਾਸਰਕੇ ਪਿੰਡ ਲੈ ਆਈ ਸੀ। ਗੁਰੂ ਅਮਰਦਾਸ ਵੀ ਏਸੇ ਪਿੰਡ ਨਾਲ ਸੰਬੰਧਿਤ ਸਨ। ਗੁਰੂ ਅੰਗਦ ਦੇਵ ਦੇ ਆਦੇਸ਼ ਅਨੁਸਾਰ ਗੁਰੂ ਅਮਰਦਾਸ ਨੇ ਗੋਇੰਦਵਾਲ ਪਿੰਡ ਵਸਾਇਆ ਤਾਂ ਇਸ ਪਿੰਡ ਨੂੰ ਖ਼ੁਸ਼ਹਾਲ ਕਰਨ ਲਈ ਉਹਨਾਂ ਨੇ ਆਪਣਾ ਪਰਿਵਾਰ ਬਾਸਰਕੇ ਤੋਂ ਗੋਇੰਦਵਾਲ ਵਿਖੇ ਲਿਆ ਵਸਾਇਆ ਸੀ ਅਤੇ ਨਾਲ ਹੀ ਪਿੰਡ ਦੇ ਹੋਰਨਾਂ ਲੋਕਾਂ ਨੂੰ ਵੀ ਇਥੇ ਆ ਵਸਣ ਦੀ ਪ੍ਰੇਰਨਾ ਕੀਤੀ ਸੀ। ਏਸੇ ਪ੍ਰੇਰਨਾ ਅਧੀਨ ਭਾਈ ਜੇਠਾ ਨੂੰ ਲੈ ਕੇ ਇਹਨਾਂ ਦੀ ਨਾਨੀ ਗੋਇੰਦਵਾਲ ਪਿੰਡ ਆ ਵਸੀ ਸੀ। ਜਦੋਂ ਭਾਈ ਜੇਠਾ (ਗੁਰੂ ਰਾਮਦਾਸ) ਨੇ ਇਥੇ ਆ ਕੇ ਗੁਰੂ ਅਮਰਦਾਸ ਦੇ ਦਰਸ਼ਨ ਕੀਤੇ ਤਾਂ ਮਨ ਅਨੰਦਿਤ ਹੋ ਗਿਆ ਸੀ[3] ਅਤੇ ਉਹ ਇਥੇ ਹੀ ਘੁੰਗਣੀਆਂ ਵੇਚਣ ਦਾ ਕੰਮ ਕਰਨ ਲੱਗੇ ਸਨ। ਭਾਈ ਜੇਠਾ ਗੁਰੂ-ਘਰ ਤੋਂ ਗੁਰਮਤਿ ਦੀ ਵਿੱਦਿਆ ਹਾਸਲ ਕਰਕੇ ਆਪਣਾ ਜੀਵਨ ਗੁਰੂ-ਅਨੁਸਾਰੀ ਬਣਾਉਣ ਦਾ ਯਤਨ ਕਰਨ ਲੱਗੇ ਸਨ। ਸੇਵਾ ਅਤੇ ਪਰਉਪਕਾਰ ਨੂੰ ਇਹਨਾਂ ਨੇ ਆਪਣੇ ਜੀਵਨ ਦਾ ਅੰਗ ਬਣਾਇਆ ਹੋਇਆ ਸੀ ਅਤੇ ਆਪਣੇ ਏਸੇ ਸੁਭਾਅ ਅਨੁਸਾਰ ਕਈ ਵਾਰ ਘੁੰਗਣੀਆਂ ਵੇਚਣ ਦੀ ਬਜਾਏ ਲੋੜਵੰਦਾਂ ਨੂੰ ਬਿਨਾਂ ਪੈਸੇ ਲਏ ਵੀ ਛਕਾ ਆਉਂਦੇ ਸਨ। ਇਹਨਾਂ ਦੀ ਜੀਵਨਜਾਚ ਨੇ ਬਹੁਤ ਸਾਰੀ ਸਿੱਖ ਸੰਗਤ ਨੂੰ ਪ੍ਰਭਾਵਿਤ ਕੀਤਾ ਸੀ।

ਗੁਰੂ ਅਮਰਦਾਸ ਦੀ ਸਪੁੱਤਰੀ ਬੀਬੀ ਭਾਨੀ ਵਿਆਹੁਣ ਯੋਗ ਹੋਈ ਤਾਂ ਮਾਤਾ-ਪਿਤਾ ਵੱਲੋਂ ਲੜਕੇ ਦੀ ਦੇਖਭਾਲ ਅਰੰਭ ਹੋ ਗਈ। ਇਕ ਦਿਨ ਭਾਈ ਜੇਠਾ ਘੁੰਗਣੀਆਂ ਵੇਚ ਰਹੇ ਸਨ ਤਾਂ ਗੁਰੂ ਅਮਰਦਾਸ ਦੇ ਮਹਿਲ ਉਹਨਾਂ ਨੂੰ ਦੇਖ ਕੇ ਬੋਲੇ ਕਿ ਲੜਕੇ ਵਿਚ ਭਾਈ ਜੇਠੇ ਜਿਹੇ ਗੁਣ ਹੋਣੇ ਚਾਹੀਦੇ ਹਨ। ਗੁਰੂ ਅਮਰਦਾਸ ਨੇ ਇਹ ਸੁਣ ਕੇ ਭਾਈ ਜੇਠੇ ਨੂੰ ਆਪਣੇ ਕੋਲ ਬੁਲਾਇਆ ਅਤੇ ਉਸ ਨਾਲ ਕੁੱਝ ਵਿਚਾਰ ਕਰਨ ਉਪਰੰਤ ਕਿਹਾ ਕਿ "ਬੱਸ ਏਸ ਜੇਹਾ ਤਾਂ ਏਹੋ ਹੈ ਹੋਰ ਦੇਖਣ ਦੀ ਕੋਈ ਲੋੜ ਨਹੀਂ, ਚੰਗਾ ਹੋਇਆ ਜੋ ਮਨ ਇੱਛਤ ਲੜਕਾ ਮਿਲ ਗਿਆ।"[4] ਭਾਈ ਜੇਠਾ



ਨਾਲ ਬੀਬੀ ਭਾਨੀ ਦਾ ਵਿਆਹ ਕਰ ਦਿੱਤਾ ਗਿਆ ਅਤੇ ਇਹਨਾਂ ਦੇ ਘਰ ਤਿੰਨ ਪੁੱਤਰ ਪੈਦਾ ਹੋਏ – ਪ੍ਰਿਥੀ ਚੰਦ, ਮਹਾਂਦੇਵ ਅਤੇ (ਗੁਰੂ) ਅਰਜਨ ਦੇਵ।

ਭਾਈ ਜੇਠਾ ਨੇ ਕਦੇ ਵੀ ਆਪਣੇ ਆਪ ਨੂੰ ਗੁਰੂ ਅਮਰਦਾਸ ਦਾ ਜਵਾਈ ਨਹੀਂ ਸਮਝਿਆ ਸੀ। ਗੁਰੂ-ਘਰ ਪ੍ਰਤੀ ਸੇਵਾ, ਨਿਮਰਤਾ ਅਤੇ ਸ਼ਰਧਾ ਕਰ ਕੇ ਇਹ ਆਪਣੇ ਆਪ ਨੂੰ ਹਮੇਸ਼ਾਂ ਇਕ ਸਧਾਰਨ ਸੇਵਾਦਾਰ ਹੀ ਸਮਝਦੇ ਰਹੇ ਅਤੇ ਪਹਿਲਾਂ ਵਾਂਗ ਹੀ ਗੁਰਮਤਿ ਦਾ ਗਿਆਨ ਹਾਸਲ ਕਰਨ ਅਤੇ ਗੁਰੂ-ਘਰ ਦੀ ਸੇਵਾ ਮਨ ਲਾ ਕੇ ਕਰਦੇ ਰਹੇ। ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਇਕ ਵਾਰੀ ਗੁਰੂ ਅਮਰਦਾਸ ਨੇ ਆਪਣੇ ਚੁਣਵੇਂ ਸਿੱਖਾਂ ਨੂੰ ਬਾਉਲੀ ਦੁਆਲੇ ਥੜ੍ਹੇ ਬਣਾਉਣ ਲਈ ਕਿਹਾ ਤਾਂ ਸਭ ਨੇ ਬਹੁਤ ਉਤਸ਼ਾਹ ਨਾਲ ਬਣਾਏ। ਉਹ ਥੜ੍ਹੇ ਗੁਰੂ ਜੀ ਦੇ ਪਸੰਦ ਨਾ ਆਏ ਤਾਂ ਉਹਨਾਂ ਢਹਾ ਦਿੱਤੇ ਅਤੇ ਫੇਰ ਥੜ੍ਹੇ ਬਣਾਉਣ ਲਈ ਕਹਿ ਦਿੱਤਾ। ਇਹ ਕਾਰਜ ਕਈ ਵਾਰ ਦੁਹਰਾਇਆ ਗਿਆ, ਗੁਰੂ ਜੀ ਦੇ ਪੁੱਤਰ ਅਤੇ ਸੇਵਕ ਥੜ੍ਹੇ ਬਣਾਉਣ ਅਤੇ ਗੁਰੂ ਜੀ ਢੁਹਾ ਕੇ ਫੇਰ ਨਵੇਂ ਬਣਾਉਣ ਲਈ ਕਹਿ ਦੇਣ। ਹੌਲੀ-ਹੌਲੀ ਸਾਰਿਆਂ ਦਾ ਸੰਜਮ ਖਤਮ ਹੋ ਗਿਆ ਅਤੇ ਉਨ੍ਹਾਂ ਨੇ ਹੋਰ ਥੜ੍ਹੇ ਬਣਾਉਣ ਤੋਂ ਇਨਕਾਰ ਕਰ ਦਿੱਤਾ ਪਰ ਭਾਈ ਜੇਠਾ ਗੁਰੂ ਜੀ ਦੀ ਦੱਸੀ ਕਾਰ ਵਿਚ ਨਿਰੰਤਰ ਲੱਗੇ ਰਹੇ। ਜਦੋਂ ਭਾਈ ਜੇਠਾ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਹਨਾਂ ਕਿਹਾ ਕਿ "ਮੈਂ ਤਾਂ ਮਹਾਰਾਜ ਦਾ ਹੁਕਮ ਮੰਨਣਾ ਹੈ ਤੇ ਸੇਵਾ ਕਰਨੀ ਹੈ, ਚਾਹੇ ਉਮਰ ਭਰ ਏਹੋ ਕੰਮ ਕਰਾਈ ਜਾਣ।"[5] ਭਾਈ ਜੇਠਾ ਦਾ ਧੀਰਜ ਦੇਖ ਕੇ ਗੁਰੂ ਅਮਰਦਾਸ ਬਹੁਤ ਖ਼ੁਸ਼ ਹੋਏ ਅਤੇ ਉਹਨਾਂ ਨੇ ਭਾਈ ਜੇਠਾ ਨੂੰ ਗੁਰੂ ਨਾਨਕ ਦੇਵ ਦੀ ਗੱਦੀ ਦਾ ਵਾਰਸ ਬਣਾ ਦਿੱਤਾ ਅਤੇ ਉਸ ਦਿਨ ਤੋਂ ਇਹਨਾਂ ਦਾ ਨਾਂ ਗੁਰੂ ਰਾਮਦਾਸ ਪ੍ਰਸਿੱਧ ਹੋ ਗਿਆ। ਭਾਈ ਜੇਠਾ ਜਦੋਂ ਗੁਰੂ ਰਾਮਦਾਸ ਦੇ ਰੂਪ ਵਿਚ ਗੁਰਗੱਦੀ 'ਤੇ ਸਸ਼ੋਭਿਤ ਹੋਏ ਤਾਂ ਇਹਨਾਂ ਅੰਦਰ ਮੌਜੂਦ ਨਿਮਰਤਾ ਦਾ ਗੁਣ ਹੋਰ ਵਧੇਰੇ ਪ੍ਰਚੰਡ ਹੋ ਗਿਆ ਸੀ। ਗੁਰੂ ਰਾਮਦਾਸ ਨੇ ਇਹੀ ਗੁਣ ਸਿੱਖਾਂ ਨੂੰ ਜੀਵਨ ਵਿਚ ਧਾਰਨ ਕਰਨ ਦਾ ਉਪਦੇਸ਼ ਦਿੱਤਾ ਸੀ। ਉਹ ਜਾਣਦੇ ਸਨ ਕਿ ਨਿਮਰਤਾ ਹੀ ਧਰਮ ਦਾ ਅਧਾਰ ਅਤੇ ਵਿਸਤਾਰ ਹੈ। ਸਿੱਖ ਪਰੰਪਰਾ ਵਿਚ ਗੁਰੂ ਜੀ ਦੇ ਇਸ ਉੱਤਮ ਗੁਣ ਨੂੰ ਉਸ ਸਮੇਂ ਉਜਾਗਰ ਕੀਤਾ ਜਾਂਦਾ ਹੈ ਜਦੋਂ ਇਹਨਾਂ ਦਾ ਬਾਬਾ ਸ੍ਰੀ ਚੰਦ ਨਾਲ ਮੇਲ ਹੋਇਆ ਸੀ।[6] ਇਸ ਦੇ ਨਾਲ ਹੀ ਗੁਰੂ ਜੀ ਨੇ ਉਹਨਾਂ ਮਨੁੱਖਾਂ ਤੋਂ ਦੂਰ ਰਹਿਣ ਦੀ ਸਿੱਖਿਆ ਵੀ ਦਿੱਤੀ ਹੈ ਜਿਨ੍ਹਾਂ ਦੇ ਮਨ ਵਿਚ ਕਾਮ ਅਤੇ ਕ੍ਰੋਧ ਜਿਹੇ ਵਿਕਾਰ ਭਾਰੂ ਹੋ ਜਾਂਦੇ ਹਨ।[7]

ਗੁਰੂ ਰਾਮਦਾਸ ਨੂੰ ਗੁਰਗੱਦੀ ਦੀ ਬਖ਼ਸ਼ਿਸ਼ ਸੰਬੰਧੀ ਬਹੁਤ ਸਾਰੇ ਹਵਾਲੇ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਨਾਲ ਸੰਬੰਧਿਤ ਗ੍ਰੰਥਾਂ ਵਿਚ ਮੌਜੂਦ ਹਨ। ਸਮੂਹ ਗ੍ਰੰਥਾਂ ਵਿਚ ਗੁਰੂ ਨਾਨਕ ਦੇਵ ਦੇ ਉੱਤਰਾਧਿਕਾਰੀਆਂ ਨੂੰ ਉਹਨਾਂ ਦੀ ਜੋਤ ਅਤੇ ਜੁਗਤ ਦੇ ਨਵੀਨ ਪ੍ਰਗਟਾਵੇ ਵੱਜੋਂ ਦੇਖਿਆ ਗਿਆ ਹੈ। ਬਾਬਾ ਸੁੰਦਰ ਕਹਿੰਦੇ ਹਨ ਕਿ ਗੁਰੂ ਅਮਰਦਾਸ ਨੇ ਆਪ ਹੀ ਗੁਰਗੱਦੀ ਗੁਰੂ

*ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਾਮਦਾਸ ਨੂੰ ਸੌਂਪ ਕੇ ਸਮੁੱਚੀ ਸਤਿਸੰਗਤ ਨੂੰ ਉਹਨਾਂ ਨਾਲ ਜੋੜ ਦਿੱਤਾ ਸੀ।[8] ਭੱਟ ਕਹਿੰਦੇ ਹਨ ਕਿ ਗੁਰੂ ਰਾਮਦਾਸ ਨੇ ਗੁਰੂ ਅਮਰਦਾਸ ਦੀ ਸੇਵਾ ਅਤੇ ਸਾਧਨਾ ਰਾਹੀਂ ਪਰਮਪਦਿ ਦੀ ਪ੍ਰਾਪਤੀ ਕਰ ਲਈ ਸੀ।[9] ਗੁਰੂ ਨਾਨਕ ਦੇਵ ਨੇ ਅਕਾਲ ਪੁਰਖ ਤੋਂ ਬਖ਼ਸ਼ਿਸ਼ ਪ੍ਰਾਪਤ ਕੀਤੀ ਸੀ ਅਤੇ ਜਦੋਂ ਭਾਈ ਲਹਿਣਾ ਗੁਰੂ ਨਾਨਕ ਦੇਵ ਦੇ ਸਿੱਖਿਆ ਅਤੇ ਸੰਦੇਸ਼ ਨਾਲ ਇਕਸੁਰ ਹੋ ਗਿਆ ਸੀ ਤਾਂ ਉਹ ਗੁਰੂ ਅੰਗਦ ਦੇਵ ਦੇ ਰੂਪ ਵਿਚ ਇਹ ਬਖ਼ਸ਼ਿਸ਼ ਗ੍ਰਹਿਣ ਕਰ ਗਏ ਸਨ। ਗੁਰੂ ਅੰਗਦ ਦੇਵ ਤੋਂ ਗੁਰੂ ਅਮਰਦਾਸ ਨੇ ਅਤੇ ਅੱਗੇ ਉਹਨਾਂ ਤੋਂ ਗੁਰੂ ਰਾਮਦਾਸ ਨੇ ਪ੍ਰਭੂ-ਬਖ਼ਸ਼ਿਸ਼ ਹਾਸਲ ਕੀਤੀ ਸੀ।[10]

ਗੁਰੂ ਨਾਨਕ ਦੇਵ ਨੇ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਸੌਂਪ ਕੇ ਉਹਨਾਂ ਨੂੰ ਖਡੂਰ ਸਾਹਿਬ ਭੇਜ ਦਿੱਤਾ ਸੀ ਅਤੇ ਗੁਰੂ ਅੰਗਦ ਦੇਵ ਨੇ ਗੁਰੂ ਅਮਰਦਾਸ ਨੂੰ ਗੁਰਗੱਦੀ ਸੌਂਪ ਕੇ ਗੋਇੰਦਵਾਲ ਨਿਵਾਸ ਕਰਨ ਲਈ ਕਹਿ ਦਿੱਤਾ ਸੀ। ਏਸੇ ਤਰ੍ਹਾਂ ਗੁਰੂ ਅਮਰਦਾਸ ਨੇ ਸੁਲਤਾਨ ਪਿੰਡ, ਤੁੰਗ, ਗੁਮਟਾਲਾ ਅਤੇ ਗਲਵਾਲੀ ਦੇ ਪਿੰਡਾਂ ਦੇ ਪੈਂਚਾਂ ਨੂੰ ਬੁਲਾ ਕੇ ਉਹਨਾਂ ਤੋਂ ਜ਼ਮੀਨ ਲੈ ਲਈ ਅਤੇ ਉਸ ਜ਼ਮੀਨ 'ਤੇ ਗੁਰੂ ਰਾਮਦਾਸ ਨੂੰ ਨਵਾਂ ਨਗਰ ਵਸਾਉਣ ਲਈ ਕਿਹਾ। ਗੁਰੂ ਰਾਮਦਾਸ ਨੇ ਇਸ ਨਵੇਂ ਨਗਰ ਦੀ ਸਥਾਪਨਾ ਕਰਨ ਲਈ ਇਥੇ ਇਕ ਤਲਾਉ ਖਟਾਇਆ।[11] ਗੁਰੂ ਰਾਮਦਾਸ ਦੇ ਇਥੇ ਨਿਵਾਸ ਕਾਰਨ ਇਸ ਨਗਰ ਦਾ ਨਾਂ 'ਰਾਮਦਾਸਪੁਰ' ਪ੍ਰਸਿੱਧ ਹੋ ਗਿਆ ਸੀ। ਇਸ ਪਿੰਡ ਨੂੰ ਆਬਾਦ ਕਰਨ ਲਈ ਗੁਰੂ ਜੀ ਨੇ ਪੁਰਜੋਰ ਯਤਨ ਕੀਤੇ ਸਨ। ਉਹਨਾਂ ਨੇ ਸੰਗਤ ਦੀ ਸਹੂਲਤ ਲਈ ਨਿਵਾਸ, ਲੰਗਰ ਆਦਿ ਦਾ ਪ੍ਰਬੰਧ ਕਰਨ ਦੇ ਨਾਲ-ਨਾਲ ਹਰ ਤਰ੍ਹਾਂ ਦੀਆਂ ਲੋੜਾਂ ਦੀ ਪੂਰਤੀ ਲਈ ਬਜ਼ਾਰ ਵਸਾ ਦਿੱਤੇ ਸਨ ਜਿਨ੍ਹਾਂ ਦਾ ਜ਼ਿਕਰ ਕਰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ "ਪਿੰਡਾਂ ਦੇ ਲੋਕਾਂ ਤੇ ਸੰਗਤਾਂ ਨੇ ਤੁਰੰਤ ਛੱਪਰ ਕੋਠੇ ਤਿਆਰ ਕਰਾ ਦਿੱਤੇ ਅਤੇ ਕਈ ਦੁਕਾਨਾਂ ਬਣਾਈਆਂ, ਜਿਨ੍ਹਾਂ ਦਾ ਨਾਂ ਹੁਣ ਗੁਰੂ ਕਾ ਬਜ਼ਾਰ ਹੈ। ਫੇਰ ਇਹ ਨਗਰ ਸੰਗਤਾਂ ਦੇ ਆਉਣ ਕਰਕੇ ਬਹੁਤ ਛੇਤੀ ਵੱਸ ਗਿਆ। ਭਾਈ ਸਾਲੋ, ਰੂਪਰਾਮ, ਗੁਰੀਆ, ਗੁਰਦਾਸ, ਉਦਮ ਆਦਿ ਸਿੱਖਾਂ ਨੇ 52 ਜ਼ਾਤਾਂ ਦੇ ਲੋਕ ਗੁਰੂ ਜੀ ਦੇ ਮਹਿਲਾਂ ਦੇ ਗਿਰਦੇ-ਗਿਰਦੇ ਵਸਾ ਦਿੱਤੇ ਸਨ। ਜਦ ਤੱਕ ਗੁਰੂ ਅਮਰਦਾਸ ਬੜੀ ਪ੍ਰੀਤ ਨਾਲ ਟਹਿਲ ਕਰਦੇ ਰਹੇ ਤੇ ਓਨ੍ਹਾਂ ਦੇ ਦੇਹ ਤਿਆਗਣ ਪਿੱਛੋਂ ਗੁਰੂ ਰਾਮਦਾਸ ਸੁਤੰਤ੍ਰ ਗੁਰੂ ਹੋ ਕੇ ਅੰਮ੍ਰਿਤਸਰ ਰਹਿਣ ਲੱਗੇ ਤੇ ਗੁਰਿਆਈ ਦਾ ਕਾਰ ਬਾਰ ਸੰਭਾਲਿਆ।"[12] ਇਸ ਨਗਰ ਵਿਚ ਸਤਿਸੰਗਤਿ ਦੀ ਸੋਭਾ ਅਤੇ ਪ੍ਰਭਾਵ ਦੇਖ ਕੇ ਗੁਰੂ ਅਰਜਨ ਦੇਵ ਬਚਨ ਕਰਦੇ ਹਨ ਕਿ ਇਸ ਦਾ ਮੁੱਢ ਪਰਮਾਤਮਾ ਨੇ ਆਪ ਬੰਨਿਆ ਹੈ ਅਤੇ ਜਿਹੜਾ ਅਨੰਦ ਇਥੇ ਮਿਲਦਾ ਹੈ ਹੋਰ ਕਿਤੇ ਨਜ਼ਰ ਨਹੀਂ ਆਉਂਦਾ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥



ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥[13]

ਗੁਰੂ ਰਾਮਦਾਸ ਰਾਮਦਾਸਪੁਰ ਵਿਖੇ ਸੰਗਤ ਨੂੰ ਪ੍ਰਭੂ-ਨਾਮ ਨਾਲ ਜੁੜਨ ਦਾ ਉਪਦੇਸ਼ ਕਰਦੇ ਅਤੇ ਗੁਰੂ ਨਾਨਕ ਦੇਵ ਦੀ ਸਿੱਖਿਆ ਅਨੁਸਾਰ ਜੀਵਨਜਾਚ ਧਾਰਨ ਕਰਨ 'ਤੇ ਜ਼ੋਰ ਦਿੰਦੇ ਸਨ। ਗੁਰਮਤਿ ਜੀਵਨਜਾਚ ਦ੍ਰਿੜ ਕਰਾਉਣਾ ਉਹਨਾਂ ਦੇ ਨਿੱਤ ਦੇ ਕਰਮ ਵਿਚ ਸ਼ਾਮਲ ਸੀ। ਪਰਮਾਤਮਾ ਨੂੰ ਇਸ਼ਟ ਮੰਨਦੇ ਹੋਏ ਗੁਰੂ ਜੀ ਹਰ ਇਕ ਸਿੱਖ ਨੂੰ ਉਸ ਦਾ ਸਿਮਰਨ ਅਤੇ ਬੰਦਗੀ ਕਰਨ ਦਾ ਆਦੇਸ਼ ਕਰਦੇ ਸਨ। ਉਹ ਕਹਿੰਦੇ ਸਨ ਕਿ ਸਿੱਖ ਦਾ ਪਹਿਲਾ ਫ਼ਰਜ਼ ਗੁਰੂ ਦੇ ਆਦੇਸ਼ ਦਾ ਪਾਲਣ ਕਰਨਾ ਹੈ ਅਤੇ ਜਿਹੜਾ ਇਸ ਆਗਿਆ ਦਾ ਪਾਲਣ ਕਰਦਾ ਹੈ ਉਹ ਰੋਜ਼ਾਨਾ ਨਿਰਵਿਘਨ ਅੰਮ੍ਰਿਤ ਵੇਲੇ ਉਠ ਕੇ ਸਭ ਤੋਂ ਪਹਿਲਾਂ ਪਰਮਾਤਮਾ ਦਾ ਸਿਮਰਨ ਕਰ ਕੇ ਉਸ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਦਾ ਹੈ। ਇਸ ਸੰਬੰਧੀ ਗੁਰੂ ਜੀ ਦਾ ਇਕ ਸ਼ਬਦ ਬਹੁਤ ਹੀ ਮਹੱਤਵਪੂਰਨ ਹੈ ਜਿਸ ਵਿਚ ਉਹ ਦੱਸਦੇ ਹਨ ਕਿ ਸਿੱਖ ਗੁਰੂ ਦੇ ਅੰਮ੍ਰਿਤਮਈ ਸ਼ਬਦ ਦੇ ਸਰੋਵਰ ਵਿਚ ਇਸ਼ਨਾਨ ਕਰਦਾ ਹੈ ਜਿਸ ਨਾਲ ਉਸ ਦੇ ਜੀਵਨ ਵਿਚੋਂ ਹਰ ਤਰ੍ਹਾਂ ਦੇ ਦੁੱਖ ਦਰਦ ਦੂਰ ਹੁੰਦੇ ਹਨ ਅਤੇ ਉਹ ਸਮੂਹ ਪਾਪਾਂ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ।[14] ਗੁਰੂ ਰਾਮਦਾਸ ਦੇ ਨਿਤਨੇਮ ਸੰਬੰਧੀ ਟਿੱਪਣੀ ਕਰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਉਹ "ਨਿੱਤ ਸਵਾ ਪਹਿਰ ਦੇ ਤੜਕੇ ਸੌਚ ਇਸ਼ਨਾਨ ਕਰ ਤਾੜੀ ਲਾ ਕੇ ਆਤਮਾ ਪਰਮਾਤਮਾ ਦੇ ਸਰੂਪ ਵਿਚ ਮਨ ਨੂੰ ਜੋੜਕੇ ਤਾੜੀ ਲਾ ਬੈਠਦੇ। ਪੋਹ ਫੁੱਟੀ ਤੋਂ ਸਭਾ ਵਿਚ ਆ ਕਰ ਆਸਾ ਦੀ ਵਾਰ ਦਾ ਕੀਰਤਨ ਸੁਣਦੇ, ਜੋ ਸੱਤਾ ਬਲਵੰਡ ਕਰਿਆ ਕਰਦੇ, ਅਤੇ ਸੰਗਤਾਂ ਨੂੰ ਉਪਦੇਸ਼ ਦਿੰਦੇ। ਫੇਰ ਸਭ ਨੂੰ ਸਮ (ਇਕੋ ਜਿਹਾ) ਲੰਗਰ ਵਰਤਾ ਕੇ ਦੋ ਪਹਿਰ ਨੂੰ ਤੰਬੂਰਾ ਵਜਵਾ ਕੇ ਪਰਮੇਸ਼ਰ ਤੇ ਗੁਰਾਂ ਦੇ ਗੁਣਾਨੁਬਾਦ, ਸੰਤਾਂ ਦੀ ਮਹਿਮਾ ਦੇ ਭਰੇ ਹੋਏ ਸ਼ਬਦ ਨਵੇਂ ਨਵੇਂ ਰਚ ਕੇ ਐਸੇ ਸੁਰੀਲੀ ਤੇ ਮਿੱਠੀ ਸੁਰ ਨਾਲ ਗਾਉਂਦੇ ਜੋ ਸੁਣਨ ਵਾਲੇ ਤਨੋ ਮਨੋ ਦਾਸ ਹੋ ਰਹਿੰਦੇ। ਏਨ੍ਹਾਂ ਦਾ ਵੈਰਾਗ ਤੇ ਪ੍ਰੇਮਾ ਭਗਤੀ ਤਾਂ ਏਨ੍ਹਾਂ ਦੇ ਸ਼ਬਦਾਂ ਤੋਂ ਹੀ ਪ੍ਰਗਟ ਹੈ। ਉਦਾਰ ਐਸੇ ਸਨ ਕਿ ਜੋ ਕੁਛ ਪੂਜਾ ਭੇਟਾ ਕੋਈ ਦੇ ਜਾਂਦਾ ਓਸੇ ਵੇਲੇ ਗਰੀਬਾਂ ਅਨਾਥਾਂ ਨੂੰ ਵੰਡ ਦਿੰਦੇ।"[15]

ਗੁਰੂ ਰਾਮਦਾਸ ਸਿੱਖਾਂ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛੱਕਣ ਦੀ ਸਿੱਖਿਆ ਦਿੰਦੇ ਸਨ ਜਿਹੜੀ ਗ੍ਰਹਿਸਤ ਵਿਚ ਉਦਾਸ ਰਹਿਣ ਦਾ ਮਾਰਗ ਦਰਸਾਉਂਦੀ ਹੈ। ਗੁਰੂ ਜੀ ਦੇ ਸਮੇਂ ਸੰਨਿਆਸ ਧਾਰਨ ਕਰਨ ਦੀ ਜਿਹੜੀ ਪ੍ਰਥਾ ਜ਼ੋਰ ਫੜ ਚੁੱਕੀ ਸੀ, ਉਸ ਨੂੰ ਠੱਲ੍ਹ ਪਾਉਣ ਅਤੇ ਸਮਾਜ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਲਈ ਸਮੂਹ ਗੁਰੂ ਸਾਹਿਬਾਨ ਨੇ ਪੁਰਜ਼ੋਰ ਸਫ਼ਲ ਯਤਨ ਕੀਤੇ ਸਨ। ਗੁਰੂ-ਘਰ ਆਉਣ ਵਾਲੇ ਹਰੇਕ ਸ਼ਰਧਾਲੂ ਨੂੰ ਪ੍ਰਭੂ ਨਾਲ ਜੁੜਨ, ਗ੍ਰਹਿਸਤੀ ਜੀਵਨ ਧਾਰਨ ਕਰਨ ਅਤੇ ਲੋਕ-ਭਲਾਈ ਦੇ ਕਾਰਜ ਕਰਨ ਦੀ ਪ੍ਰੇਰਨਾ ਦਿੱਤੀ ਜਾਂਦੀ ਸੀ। ਗੁਰਬਾਣੀ ਦੱਸਦੀ ਹੈ ਕਿ ਮਨੁੱਖੀ ਜੀਵਨ ਔਗੁਣਾਂ ਦੇ ਜੰਗਲ ਨਾਲ ਭਰਿਆ ਪਿਆ ਹੈ ਅਤੇ

ਇਸ ਨੂੰ ਪਾਰ ਕਰਨਾ ਬਹੁਤ ਕਠਿਨ ਕਾਰਜ ਹੈ। ਦੁਨਿਆਵੀ ਮਾਇਆ-ਮੋਹ ਅਤੇ ਪਰਿਵਾਰ ਮਨੁੱਖ ਦੀ ਅਧਿਆਤਮਿਕ ਸਾਧਨਾ ਵਿਚ ਰੁਕਾਵਟਾਂ ਹਨ ਜਿਨ੍ਹਾਂ ਵਿਚ ਖਚਿਤ ਹੋਣ ਵਾਲਾ ਮਨੁੱਖ ਅੰਮ੍ਰਿਤ ਭਰਪੂਰ ਜੀਵਨਜਾਚ ਛੱਡ ਕੇ ਵਿਕਾਰੀ ਮਾਰਗ ਧਾਰਨ ਕਰਨ ਵੱਲ ਰੁਚਿਤ ਹੋ ਜਾਂਦਾ ਹੈ।[16] ਗ੍ਰਿਹਸਤੀ ਜੀਵਨ ਨੂੰ ਵਿਕਾਰੀ ਮਾਰਗ ਦੱਸ ਕੇ ਜੋਗੀ ਅਤੇ ਸੰਨਿਆਸੀ ਇਨ੍ਹਾਂ ਨੂੰ ਛੱਡਣ 'ਤੇ ਬਹੁਤ ਜ਼ੋਰ ਦੇਣ ਲੱਗੇ ਸਨ। ਗੁਰੂ ਸਾਹਿਬਾਨ ਨੇ ਵਿਅਕਤੀ ਨੂੰ ਪਰਿਵਾਰ ਅਤੇ ਸਮਾਜ ਨਾਲੋਂ ਤੋੜਨ ਦੀ ਬਜਾਏ ਇਸ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੱਤਾ ਸੀ। ਸਭ ਤੋਂ ਵੱਡਾ ਪ੍ਰਸ਼ਨ ਇਹ ਸੀ ਕਿ ਸਮਾਜ ਵਿਚ ਰਹਿੰਦੇ ਹੋਏ ਇਸ ਦੇ ਬੁਰੇ ਪੱਖ ਤੋਂ ਕਿਵੇਂ ਬਚਿਆ ਜਾਵੇ? ਗੁਰੂ ਸਾਹਿਬਾਨ ਨੇ ਸਮਝਾਇਆ ਕਿ ਵਿਕਾਰ ਮਨੁੱਖ ਨੂੰ ਵਿਕਾਰੀ ਅਤੇ ਵਿਭਚਾਰੀ ਬਣਾਉਂਦੇ ਹਨ ਅਤੇ ਜਿਹੜਾ ਮਨੁੱਖ ਇਨ੍ਹਾਂ ਤੋਂ ਬੱਚ ਜਾਵੇ ਉਹ ਪਰਿਵਾਰ ਅਤੇ ਸਮਾਜ ਵਿਚ ਰਹਿ ਕੇ ਵੀ ਅਧਿਆਤਮਿਕ ਪ੍ਰਾਪਤੀ ਕਰ ਸਕਦਾ ਹੈ। ਸਮਾਜ ਵਿਚ ਰਹਿੰਦੇ ਹੋਏ ਕਿਹੜਾ ਮਾਰਗ ਹੈ ਜਿਹੜਾ ਵਿਕਾਰਾਂ ਨੂੰ ਜੀਵਨ 'ਤੇ ਪ੍ਰਭਾਵੀ ਹੋਣ ਤੋਂ ਰੋਕ ਸਕੇ। ਗੁਰਬਾਣੀ ਵਿਚ ਸਤਿਸੰਗਤ ਨੂੰ ਸਭ ਤੋਂ ਸਰਬੋਤਮ ਮਾਰਗ ਮੰਨਿਆ ਗਿਆ ਹੈ ਜਿਹੜਾ ਕਿ ਸਮਾਜ ਵਿਚ ਰਹਿਣ ਵਾਲੇ ਮਨੁੱਖ ਨੂੰ ਸੁਰਗ ਜਿਹਾ ਅਨੰਦ ਪ੍ਰਦਾਨ ਕਰ ਸਕਦਾ ਹੈ। ਸਤਿਸੰਗਤ ਵਿਚ ਸਤਿਗੁਰੂ ਨੂੰ ਹਾਜ਼ਰ-ਨਾਜ਼ਰ ਜਾਣ ਕੇ ਗ੍ਰਿਹਸਤੀ ਜੀਵਨ ਬਸਰ ਕਰਨ ਅਤੇ ਸਮਾਜ ਵਿਚ ਕਿਰਿਆਸ਼ੀਲ ਹੋਣ ਦੀ ਪ੍ਰੇਰਨਾ ਮਿਲਦੀ ਹੈ, ਇਸ ਕਰ ਕੇ ਇਸ ਨੂੰ ਸਰਬੋਤਮ ਮਾਰਗ ਮੰਨਿਆ ਗਿਆ ਹੈ। ਭੱਟ ਕੀਰਤ ਸਤਿਸੰਗਤ ਨੂੰ ਉਤਮ ਪੰਥ ਮੰਨ ਕੇ ਗੁਰੂ ਰਾਮਦਾਸ ਦੀ ਸ਼ਰਨ ਵਿਚ ਰਹਿਣ ਦੀ ਅਰਦਾਸ ਕਰਦਾ ਹੋਇਆ ਕਹਿੰਦਾ ਹੈ:

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥[17]

ਗੁਰੂ ਰਾਮਦਾਸ ਦੀ ਉਸਤਤ ਕਰਦੇ ਹੋਏ ਭੱਟ ਸੱਲ ਕਹਿੰਦਾ ਹੈ ਕਿ ਸਮੂਹ ਵਿਕਾਰ ਗੁਰੂ ਜੀ ਦੇ ਕਾਬੂ ਵਿਚ ਹਨ ਅਤੇ ਉਹਨਾਂ ਦੀ ਸ਼ਰਨ ਆਉਣ ਵਾਲੇ ਸਮੂਹ ਜੀਵ ਦੁਨਿਆਵੀ ਭਵ-ਸਾਗਰ ਤੋਂ ਪਾਰ ਹੋ ਜਾਂਦੇ ਹਨ।[18] ਗੁਰੂ ਰਾਮਦਾਸ ਕਹਿੰਦੇ ਹਨ ਕਿ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਮਨੁੱਖ ਪਾਣੀ ਵਿਚ ਖਿੜੇ ਹੋਏ ਕੰਵਲ ਵਾਂਗ ਗ੍ਰਿਹਸਤੀ ਜੀਵਨ ਬਸਰ ਕਰਦੇ ਹੋਏ ਉਦਾਸੀ ਦੀ ਰੀਤ ਧਾਰਨ ਕਰ ਲੈਂਦੇ ਹਨ।[19] ਪ੍ਰੇਮ ਅਤੇ ਸ਼ਰਧਾ ਭਰਪੂਰ ਦਿੱਤੀ ਹੋਈ ਸਿੱਖਿਆ ਮਨ 'ਤੇ ਬਹੁਤ ਪ੍ਰਭਾਵ ਪਾਉਂਦੀ ਹੈ ਏਸੇ ਰੰਗ ਵਿਚ ਗੁਰੂ ਜੀ ਦੁਆਰਾ ਦਿੱਤੀ ਸਿੱਖਿਆ ਤੋਂ ਨਾ ਕੇਵਲ ਵਿਅਕਤੀ ਪ੍ਰਭਾਵਿਤ ਹੀ ਹੁੰਦਾ ਹੈ ਬਲਕਿ ਆਪਣਾ ਬਚਿਆ ਜੀਵਨ ਉਸੇ ਅਨੁਸਾਰ ਬਣਾਉਣਾ ਵੀ ਲੋਚਦਾ ਹੈ। ਇਕ ਵਾਰੀ ਭਾਈ ਤੀਰਥਾ ਆਪਣੇ ਸਾਥੀਆਂ ਸਮੇਤ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ 'ਤੇ ਬੇਨਤੀ ਕੀਤੀ ਕਿ "ਆਪ ਸੱਚੇ ਸਤਗੁਰੂ ਹੋ ਕ੍ਰਿਪਾ ਕਰਕੇ ਸਾਨੂੰ ਕੁਟੰਬ ਸਮੇਤ ਸੰਸਾਰ ਥੀਂ ਪਾਰ ਕਰੋ। ਗੁਰੂ ਸਾਹਿਬ ਜੀ ਨੇ ਖ਼ੁਸ਼ੀ ਨਾਲ ਆਖਿਆ ਟੱਬਰ ਸਮੇਤ ਤਨ, ਮਨ, ਧਨ ਕਰਕੇ ਸਿੱਖਾਂ



ਸਾਧਾਂ ਦੀ ਸੇਵਾ ਤੇ ਸਤਸੰਗ ਕੀਤਾ ਕਰੋ, ਆਪਨੂੰ ਵਾਹਿਗੁਰੂ ਦੇ ਸੇਵਕ ਮੰਨੋਂ। ਓਹਨਾਂ ਆਖਿਆ, ਮਹਾਰਾਜ! ਕੁਟੰਬ ਦਾ ਵਿਹਾਰ ਨਹੀਂ ਚੱਲਦਾ। ਗੁਰੂ ਜੀ ਨੇ ਆਖਿਆ ਭਰੋਸਾ ਚਾਹੀਦਾ ਹੈ, ਕਿਉਂਕਿ ਜਿਕੂੰ ਖੂਹ ਵਿਚ ਬਥੇਰਾ ਜਲ ਹੈ ਪਰ ਮਿਲਦਾ ਓਤਨਾ ਹੀ ਹੈ ਜਿਤਨਾ ਭਾਂਡਾ ਵਹਾਉਗੇ, ਏਸੇ ਤਰ੍ਹਾਂ ਸ੍ਰਿਸ਼ਟੀ ਅਨੇਕ ਪਦਾਰਥਾਂ ਨਾਲ ਭਰੀ ਹੋਈ ਹੈ ਪਰ ਜਿਤਨਾ-ਜਿਤਨਾ ਜਿਸ ਦਾ ਭਾਗ ਹੈ ਓਤਨਾ ਹੀ ਪਦਾਰਥ ਮਿਲਦਾ ਹੈ। ...ਹਰ ਕਾਰਜ ਦੇ ਆਰੰਭ ਵਿਚ ਅਰਦਾਸ ਕਰੋ ਤਾਂ ਸਭ ਕਾਰਜ ਰਾਸ ਰਹਿਣਗੇ। ਮੁੰਡ ਮੁੰਡਾਏ, ਖਾਕ ਰਮਾਏ, ਗੇਰੂਏ ਬਸਤ੍ਰ ਰੰਗਾਏ, ਤੀਰਥ ਭ੍ਰਮਾਏ, ਤਪ ਤਪਾਏ ਕਲਯਾਣ ਨਹੀਂ ਹੁੰਦੀ। ਗ੍ਰਿਹਸਤੀ ਦੀ ਮੁਕਤੀ ਸੇਵਾ, ਭਗਤੀ, ਨਿਮਰਤਾ, ਸ਼ਰਧਾ ਨਾਲ ਕਰਨੇ ਕਰਕੇ ਹੁੰਦੀ ਹੈ।"[20]

ਗੁਰੂ ਰਾਮਦਾਸ ਬਾਣੀ ਨੂੰ ਗੁਰੂ ਮੰਨਦੇ ਸਨ[21] ਅਤੇ ਉਹ ਸਿੱਖਾਂ ਨੂੰ ਗੁਰੂ ਨਾਨਕ ਦੇਵ ਦੁਆਰਾ ਸਥਾਪਤ ਇਸ ਸਿਧਾਂਤ ਅਨੁਸਾਰ ਜੀਵਨ ਬਸਰ ਕਰਨ 'ਤੇ ਜ਼ੋਰ ਦਿੰਦੇ ਸਨ। ਉਹ ਸਮਝਾਉਂਦੇ ਸਨ ਕਿ ਗੁਰੂ ਦੀ ਬਾਣੀ ਹੀ ਦੁਨਿਆਵੀ ਭਵਸਾਗਰ ਤੋਂ ਪਾਰ ਕਰ ਕੇ ਪਰਮਪਦਿ ਦੀ ਪ੍ਰਾਪਤੀ ਵੱਲ ਲੈ ਜਾਂਦੀ ਹੈ ਅਤੇ ਜਿਹੜਾ ਸਿੱਖ ਸਤਿਸੰਗਤ ਵਿਚੋਂ ਇਹ ਦ੍ਰਿਸ਼ਟੀ ਗ੍ਰਹਿਣ ਕਰ ਲੈਂਦਾ ਹੈ ਉਹ ਦਵੈਤ-ਭਾਵ ਤੋਂ ਮੁਕਤ ਹੋ ਕੇ ਕੇਵਲ ਇਕ ਨੂੰ ਜੀਵਨ-ਉਦੇਸ਼ ਦੀ ਪ੍ਰਾਪਤੀ ਦਾ ਸਾਧਨ ਮੰਨ ਲੈਂਦਾ ਹੈ।

ਗੁਰੂ ਦੀ ਸਿੱਖਿਆ ਨੂੰ ਗੁਰੂ ਦਾ ਆਦੇਸ਼ ਮੰਨ ਕੇ ਧਾਰਨ ਕਰਨਾ ਅਤੇ ਆਪਣਾ ਸਮੁੱਚਾ ਜੀਵਨ ਉਸੇ ਅਨੁਸਾਰੀ ਬਣਾਉਣਾ ਗੁਰਮਤਿ ਦਾ ਉਦੇਸ਼ ਹੈ। ਗੁਰੂ ਦੀ ਆਗਿਆ ਦਾ ਪਾਲਣ ਕਰਨ ਵਾਲਾ ਸਿੱਖ ਕਿਤੇ ਵੀ ਬੈਠਾ ਹੋਵੇ, ਗੁਰੂ ਆਪ ਉਸ ਦੇ ਹਰ ਕਾਰਜ ਵਿਚ ਸਹਾਈ ਹੁੰਦਾ ਹੈ। ਗੁਰੂ ਦੀ ਆਗਿਆ ਦਾ ਪਾਲਣ ਨਾ ਕਰਨ ਵਾਲੇ ਨੂੰ ਮਨਮੁਖ ਕਿਹਾ ਜਾਂਦਾ ਹੈ ਅਤੇ ਅਜਿਹੇ ਵਿਅਕਤੀਆਂ ਨੂੰ ਕਈ ਵਾਰੀ ਸਿੱਖੀ ਵਿਚੋਂ ਬਾਹਰ ਵੀ ਕਰ ਦਿੱਤਾ ਗਿਆ ਹੈ, ਭਾਵੇਂ ਉਹ ਗੁਰੂ-ਪੁੱਤਰ ਹੀ ਕਿਉਂ ਨਾ ਹੋਵੇ। ਅਜਿਹੀ ਹੀ ਇਕ ਮਿਸਾਲ ਸਾਨੂੰ ਗੁਰੂ ਰਾਮਦਾਸ ਦੇ ਜੀਵਨ ਵਿਚ ਵੇਖਣ ਨੂੰ ਮਿਲਦੀ ਹੈ ਜਿਨ੍ਹਾਂ ਨੇ ਪ੍ਰਿਥੀ ਚੰਦ ਦੇ ਜੀਵਨ ਨੂੰ ਗੁਰਮਤਿ ਸਿੱਖਿਆ ਦੇ ਅਨੁਕੂਲ ਨਾ ਜਾਣ ਕੇ ਉਸਨੂੰ ਗੁਰਗੱਦੀ ਦਾ ਹੱਕਦਾਰ ਨਹੀਂ ਸੀ ਸਮਝਿਆ। ਗੁਰਗੱਦੀ ਚਲਾਕੀਆਂ ਅਤੇ ਚਤੁਰਾਈਆਂ ਨਾਲ ਨਹੀਂ ਬਲਕਿ ਗੁਰੂ-ਘਰ ਦੀ ਸੇਵਾ ਅਤੇ ਸੰਦੇਸ਼ ਨੂੰ ਜੀਵਨ ਵਿਚ ਗ੍ਰਹਿਣ ਕਰ ਕੇ ਕਮਾਉਣੀ ਪੈਂਦੀ ਹੈ। ਗੁਰੂ ਦੇ ਨੇੜੇ ਰਹਿਣ ਵਾਲਾ ਵੀ ਕਈ ਵਾਰੀ ਗੁਰੂ ਦੀ ਸਿੱਖਿਆ ਨੂੰ ਜੀਵਨ ਵਿਚ ਧਾਰਨ ਕਰਨ ਤੋਂ ਵਾਂਝਾ ਰਹਿ ਜਾਂਦਾ ਹੈ। ਭਾਈ ਗੁਰਦਾਸ ਕਹਿੰਦੇ ਹਨ ਕਿ ਜਿਵੇਂ ਚੰਦਨ ਦੇ ਨੇੜੇ ਰਹਿਣ ਵਾਲਾ ਬਾਂਸ ਵੀ ਸੁਗੰਧਿਤ ਨਹੀਂ ਹੁੰਦਾ ਉਸੇ ਤਰ੍ਹਾਂ ਗੁਰੂ ਦੇ ਨੇੜੇ ਰਹਿਣ ਵਾਲਾ ਚਤੁਰ ਵੀ ਗੁਰੂ ਦੀ ਬਖ਼ਸ਼ਿਸ਼ ਦਾ ਹੱਕਦਾਰ ਨਹੀਂ ਬਣ ਸਕਦਾ।[22]

ਗੁਰੂ ਸਾਹਿਬ ਨੇ ਇਹ ਸਪਸ਼ਟ ਕਰ ਦਿੱਤਾ ਸੀ ਕਿ ਗੁਰਗੱਦੀ ਵਿਰਾਸਤ ਵਿਚ ਨਹੀਂ

ਮਿਲਦੀ ਬਲਕਿ ਇਸ ਦੀ ਪ੍ਰਾਪਤੀ ਲਈ ਗੁਰਮਤਿ ਅਨੁਸਾਰੀ ਯੋਗਤਾ ਹੋਣੀ ਜ਼ਰੂਰੀ ਹੈ। ਕੋਈ ਵੀ ਸਿੱਖ ਜਾਂ ਗੁਰੂ-ਪੁੱਤਰ ਜਿਹੜਾ ਯੋਗਤਾ ਰੱਖਦਾ ਹੋਵੇ, ਗੁਰਗੱਦੀ ਹਾਸਲ ਕਰ ਸਕਦਾ ਹੈ। ਗੁਰੂ ਰਾਮਦਾਸ ਦੇ ਤਿੰਨ ਪੁੱਤਰ ਸਨ ਪਰ ਗੁਰੂ ਜੀ ਨੇ ਆਪਣੇ ਸਭ ਤੋਂ ਛੋਟੇ ਸੁਪੁੱਤਰ (ਗੁਰੂ) ਅਰਜਨ ਦੇਵ ਨੂੰ ਗੁਰਗੱਦੀ ਦਾ ਯੋਗ ਵਾਰਸ ਜਾਣ ਕੇ ਉਹਨਾਂ ਨੂੰ ਇਹ ਸੇਵਾ ਸੌਂਪ ਦਿੱਤੀ ਸੀ। ਪ੍ਰਿਥੀ ਚੰਦ ਘਰ ਵਿਚ ਸਭ ਤੋਂ ਵੱਡਾ ਪੁੱਤਰ ਸੀ, ਸਮੂਹ ਸੰਗਤ ਨਾਲ ਉਸਦਾ ਰਾਬਤਾ ਸੀ, ਗੁਰੂ ਦਰਸ਼ਨਾਂ ਨੂੰ ਆਉਣ ਵਾਲੀ ਸੰਗਤ ਤੋਂ ਚੜ੍ਹਾਵਾ ਵੀ ਉਹ ਆਪ ਲੈਂਦਾ ਸੀ ਅਤੇ ਉਹਨਾਂ ਦੀ ਸੇਵਾ ਵਜੋਂ ਉਹਨਾਂ ਦਾ ਸਤਿਕਾਰ ਅਤੇ ਉਹਨਾਂ ਨੂੰ ਸਿਰੋਪੇ ਦੇਣ ਦਾ ਕਾਰਜ ਵੀ ਉਹ ਆਪ ਕਰਦਾ ਸੀ ਜਿਸ ਕਾਰਨ ਉਸ ਦਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੇ ਮੁੱਖੀ ਸਿੱਖਾਂ ਨਾਲ ਨੇੜਲਾ ਸੰਬੰਧ ਸਥਾਪਤ ਹੋ ਗਿਆ ਸੀ। ਇੰਨਾ ਸਭ ਕੁੱਝ ਹੋਣ ਦੇ ਬਾਵਜੂਦ ਵੀ ਗੁਰੂ ਰਾਮਦਾਸ ਦੀ ਨਜ਼ਰ ਵਿਚ ਉਹ ਗੁਰਗੱਦੀ ਦਾ ਯੋਗ ਅਧਿਕਾਰੀ ਨਹੀਂ ਸੀ। ਇਸ ਦਾ ਕਾਰਨ ਮਨ ਵਿਚ ਲਾਲਚੀ, ਹੰਕਾਰੀ ਅਤੇ ਗੁਰੂ ਦੀ ਆਗਿਆ ਪਾਲਣ ਨਾ ਕਰਨ ਦੀ ਬਿਰਤੀ ਪੈਦਾ ਹੋਣਾ ਮੰਨਿਆ ਜਾ ਸਕਦਾ ਹੈ। ਇਸ ਸੰਬੰਧ ਵਿਚ ਇਕ ਪ੍ਰਸਿਧ ਘਟਨਾ ਦਾ ਜ਼ਿਕਰ ਲਗਪਗ ਸਮੂਹ ਸਿੱਖ ਇਤਿਹਾਸਕਾਰ ਕਰਦੇ ਹਨ ਕਿ ਇਕ ਵਾਰੀ ਗੁਰੂ ਰਾਮਦਾਸ ਦੇ ਤਾਏ ਦੇ ਪੁੱਤਰ ਸਹਾਰੀਮੱਲ ਨੇ ਉਹਨਾਂ ਨੂੰ ਆਪਣੇ ਪੁੱਤਰ ਦੇ ਵਿਆਹ ਮੌਕੇ ਲਾਹੌਰ ਆਉਣ ਦਾ ਸੱਦਾ ਦਿੱਤਾ ਸੀ। ਗੁਰੂ ਜੀ ਆਪ ਇਸ ਵਿਆਹ ਵਿਚ ਨਹੀਂ ਜਾਣਾ ਚਾਹੁੰਦੇ ਸਨ, ਇਸ ਲਈ ਉਹਨਾਂ ਨੇ ਆਪਣੇ ਸਭ ਤੋਂ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਵਿਆਹ ਮੌਕੇ ਲਾਹੌਰ ਜਾਣ ਲਈ ਕਿਹਾ ਪਰ ਉਸ ਨੇ ਇਨਕਾਰ ਕਰ ਦਿੱਤਾ। ਫਿਰ ਗੁਰੂ ਜੀ ਨੇ ਆਪਣੇ ਪੁੱਤਰ ਮਹਾਂਦੇਵ ਨੂੰ ਲਾਹੌਰ ਜਾਣ ਲਈ ਕਿਹਾ ਪਰ ਉਹ ਵੀ ਜਾਣ ਲਈ ਰਾਜ਼ੀ ਨਾ ਹੋਇਆ। ਪਰ ਜਦੋਂ ਇਹੀ ਗੱਲ ਉਹਨਾਂ ਨੇ ਆਪਣੇ ਸਭ ਤੋਂ ਛੋਟੇ ਸੁਪੁੱਤਰ (ਗੁਰੂ) ਅਰਜਨ ਦੇਵ ਨੂੰ ਕਹੀ ਤਾਂ ਉਹਨਾਂ ਨੇ ਇਸ ਨੂੰ ਗੁਰੂ-ਆਦੇਸ਼ ਮੰਨਦੇ ਹੋਏ ਤੁਰੰਤ ਪ੍ਰਵਾਨ ਕਰ ਲਿਆ ਸੀ। ਲਾਹੌਰ ਜਾਣ ਤੋਂ ਪਹਿਲਾਂ ਉਹਨਾਂ (ਗੁਰੂ) ਅਰਜਨ ਦੇਵ ਨੂੰ ਇਹ ਵੀ ਕਹਿ ਦਿੱਤਾ ਸੀ ਕਿ ਵਿਆਹ ਉਪਰੰਤ ਉਹ ਉਥੇ ਹੀ ਰਹਿ ਕੇ ਗੁਰਮਤਿ ਪ੍ਰਚਾਰ ਕਰਨ ਅਤੇ ਜਦੋਂ ਤੱਕ ਵਾਪਸ ਨਾ ਬੁਲਾਇਆ ਜਾਵੇ, ਉਥੇ ਹੀ ਨਿਵਾਸ ਕਰਨ। ਵਿਆਹ ਹੋ ਜਾਣ ਤੋਂ ਬਾਅਦ ਗੁਰੂ ਆਦੇਸ਼ ਅਨੁਸਾਰ (ਗੁਰੂ) ਅਰਜਨ ਦੇਵ ਕੁੱਝ ਸਮਾਂ ਉਥੇ ਹੀ ਟਿਕ ਗਏ ਅਤੇ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾਉਣ ਲੱਗੇ। ਜਦੋਂ ਕਾਫ਼ੀ ਸਮਾਂ ਬੀਤ ਗਿਆ ਅਤੇ ਗੁਰੂ ਰਾਮਦਾਸ ਨੇ ਉਹਨਾਂ ਨੂੰ ਵਾਪਸ ਨਾ ਬੁਲਾਇਆ ਤਾਂ (ਗੁਰੂ) ਅਰਜਨ ਦੇਵ ਨੇ ਗੁਰੂ-ਦਰਸ਼ਨਾਂ ਲਈ ਇਕ ਤੋਂ ਬਾਅਦ ਇਕ ਚਿੱਠੀ ਲਿਖ ਕੇ ਆਪਣੇ ਮਨ ਦੀ ਇੱਛਾ ਜ਼ਾਹਿਰ ਕੀਤੀ ਸੀ। ਪ੍ਰਿਥੀ ਚੰਦ ਇਹ ਚਿੱਠੀਆਂ ਲੁਕੋ ਲੈਂਦਾ ਸੀ ਅਤੇ ਇਸ ਤਰ੍ਹਾਂ ਉਸ ਨੇ (ਗੁਰੂ) ਅਰਜਨ ਦੇਵ ਨੂੰ ਬਹੁਤ ਸਮਾਂ ਅੰਮ੍ਰਿਤਸਰ ਆਉਣ ਤੋਂ ਰੋਕੀ ਰੱਖਿਆ। ਜਦੋਂ ਇਸ ਗੱਲ ਦੀ ਜਾਣਕਾਰੀ ਗੁਰੂ ਰਾਮਦਾਸ ਨੂੰ ਮਿਲੀ ਤਾਂ ਉਹ ਪ੍ਰਿਥੀ ਚੰਦ ਤੋਂ ਬਹੁਤ ਨਰਾਜ਼ ਹੋਏ ਅਤੇ ਅਖੀਰ



ਉਹਨਾਂ (ਗੁਰੂ) ਅਰਜਨ ਦੇਵ ਨੂੰ ਗੁਰਗੱਦੀ ਦੇ ਯੋਗ ਜਾਣ ਕੇ ਇਹ ਸੇਵਾ ਉਹਨਾਂ ਨੂੰ ਸੌਂਪ ਦਿੱਤੀ।[23] ਲਗਪਗ ਸੱਤ ਸਾਲ ਤੱਕ ਗੁਰਿਆਈ ਦੀ ਜ਼ੁੰਮੇਵਾਰੀ ਨਿਭਾਉਣ ਉਪਰੰਤ 1581 ਵਿਚ ਗੁਰੂ ਰਾਮਦਾਸ ਗੋਇੰਦਵਾਲ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ।

## ਗੁਰੂ ਰਾਮਦਾਸ ਦੇ ਸਮੇਂ ਮੁਖੀ ਸਿੱਖ

ਗੁਰੂ ਸਾਹਿਬਾਨ ਪਰਮਾਤਮਾ ਦਾ ਸੰਦੇਸ਼ ਲੋਕਾਈ ਨੂੰ ਪ੍ਰਦਾਨ ਕਰਨ ਲਈ ਯਤਨਸ਼ੀਲ ਸਨ। ਜਿਹੜਾ ਵੀ ਵਿਅਕਤੀ ਇਹਨਾਂ ਦੇ ਸਨਮੁਖ ਆਇਆ ਜਾਂ ਜਿਸ ਨੇ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ, ਉਹ ਇਹਨਾਂ ਤੋਂ ਪ੍ਰਭਾਵਿਤ ਹੋਏ ਬਗ਼ੈਰ ਨਾ ਰਹਿ ਸਕਿਆ। ਗੁਰੂ ਸਾਹਿਬ ਦੇ ਸ਼ਬਦ ਦਾ ਉਹਨਾਂ 'ਤੇ ਅਜਿਹਾ ਅਸਰ ਹੁੰਦਾ ਸੀ ਕਿ ਉਹ ਸਿੱਖੀ ਧਾਰਨ ਕਰ ਲੈਂਦੇ ਸਨ। ਗੁਰੂ ਸਾਹਿਬਾਨ ਸੰਗਤ ਵਿਚ ਵਿਚਰਦੇ ਸਨ ਅਤੇ ਜਦੋਂ ਮੌਕਾ ਮਿਲਦਾ ਤਾਂ ਸਿੱਖ ਜਿਗਿਆਸਾ ਵੱਸ ਉਹਨਾਂ ਨਾਲ ਬਚਨ-ਬਿਲਾਸ ਕਰਿਆ ਕਰਦੇ ਸਨ। ਗੁਰੂ ਸਾਹਿਬਾਨ ਗ੍ਰਹਿਸਤੀ ਜੀਵਨ ਵਿਚ ਰਹਿੰਦੇ ਹੋਏ ਪਰਮਾਤਮਾ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਕਰਦੇ ਸਨ ਪਰ ਬਹੁਤ ਸਾਰੇ ਲੋਕਾਂ 'ਤੇ ਸਮਕਾਲੀ ਭਾਰਤੀ ਪਰੰਪਰਾ ਦਾ ਪ੍ਰਭਾਵ ਸੀ ਜਿਸ ਅਧੀਨ ਜੀਵਨ ਦੇ ਆਖ਼ਰੀ ਪੜਾਅ 'ਤੇ ਪਰਮਾਤਮਾ ਦੀ ਬੰਦਗੀ ਕਰਨ ਵਾਲੇ ਸੰਸਕਾਰ ਉਹਨਾਂ ਦੇ ਜੀਵਨ 'ਤੇ ਭਾਰੂ ਸਨ। ਦੁਨਿਆਵੀ ਜੀਵਨ ਦੌਰਾਨ ਉਹ ਨੌਕਰੀ, ਖੇਤੀ, ਵਪਾਰ ਆਦਿ ਕਾਰਜਾਂ ਵਿਚ ਲੱਗੇ ਰਹਿੰਦੇ ਸਨ ਅਤੇ ਸਮਝਦੇ ਸਨ ਕਿ ਅਜਿਹੇ ਸਮੇਂ ਦੌਰਾਨ ਪਰਮਾਤਮਾ ਦੀ ਭਗਤੀ ਅਤੇ ਧਰਮ ਦਾ ਮਾਰਗ ਸੰਭਵ ਨਹੀਂ ਹੈ। ਗੁਰੂ ਸਾਹਿਬਾਨ ਨਾਲ ਮਿਲਾਪ ਅਤੇ ਵਾਰਤਾਲਾਪ ਦੌਰਾਨ ਜਿਹੜੇ ਪ੍ਰਸ਼ਨ ਉਹਨਾਂ ਦੇ ਮਨ ਵਿਚ ਸਨ ਉਹਨਾਂ ਤੋਂ ਪਤਾ ਲੱਗਦਾ ਹੈ ਕਿ ਉਹ ਦੁਨਿਆਵੀ ਭਾਵਸਾਗਰ ਨੂੰ ਪਾਰ ਕਰਨ ਦੀ ਰੁਚੀ ਵੀ ਰੱਖਦੇ ਸਨ ਜਿਵੇਂ ਗ੍ਰਹਿਸਤ ਵਿਚ ਉਦਾਸ (ਨਿਰਲੇਪ) ਕਿਵੇਂ ਰਿਹਾ ਜਾ ਸਕਦਾ ਹੈ? ਜਨਮ-ਮਰਨ ਕਿਵੇਂ ਕਟਿਆ ਜਾ ਸਕਦਾ ਹੈ? ਗ੍ਰਹਿਸਤੀ ਜੀਵਨ ਦੌਰਾਨ ਮੁਕਤੀ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਸਚਿਆਰਾ ਜੀਵਨ ਕਿਵੇਂ ਧਾਰਨ ਕੀਤਾ ਜਾ ਸਕਦਾ ਹੈ? ਅਜਿਹੇ ਪ੍ਰਸ਼ਨ ਉਹਨਾਂ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ। ਭਾਈ ਮਨੀ ਸਿੰਘ ਦੀ ਰਚਨਾ ਸਿੱਖਾਂ ਦੀ ਭਗਤਮਾਲਾ ਵਿਚ ਉਹਨਾਂ ਸਿੱਖਾਂ ਦੇ ਪ੍ਰਸ਼ਨਾਂ ਦਾ ਜ਼ਿਕਰ ਹੈ ਜਿਨ੍ਹਾਂ ਦਾ ਜ਼ਿਕਰ ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਵਿਚ ਆਇਆ ਹੈ। ਭਾਈ ਗੁਰਦਾਸ ਨੇ ਤਾਂ ਕੇਵਲ ਮੁਖੀ ਸਿੱਖਾਂ ਦੇ ਨਾਵਾਂ ਦਾ ਹੀ ਜ਼ਿਕਰ ਕੀਤਾ ਹੈ ਪਰ ਉਹਨਾਂ ਸੰਬੰਧੀ ਵਧੇਰੇ ਜਾਣਕਾਰੀ ਹੋਰਨਾਂ ਗ੍ਰੰਥਾਂ ਵਿਚ ਮਿਲਦੀ ਹੈ। ਗੁਰੂ ਰਾਮਦਾਸ ਦੇ ਸਮੇਂ ਦੇ ਜਿਹੜੇ ਮੁਖੀ ਸਿੱਖਾਂ ਦਾ ਜ਼ਿਕਰ ਭਾਈ ਗੁਰਦਾਸ ਨੇ ਕੀਤਾ ਹੈ ਉਹ ਹਨ - ਸੈਸਾਰੂ, ਜਾਪਾ, ਜੇਠਾ, ਡੂੰਗਰ ਦਾਸ, ਤਾਰੂ, ਤੀਰਥਾ, ਤੁਲਸਾ ਵਹੁਰਾ, ਦੀਪਾ, ਨਈਆ ਖੁਲਰ, ਪਦਾਰਥ, ਪੂਰੋ, ਬਰ੍ਹਮਦਾਸ, ਬਿਸਨਦਾਸੁ, ਬਿਧੀਚੰਦ, ਬੂਲਾ, ਭਾਰੂ, ਮਹਾਨੰਦ, ਮਾਈਆ, ਮਾਨਕਚੰਦ।[24]

**ਰਚਨਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਰਾਗ ਮੌਜੂਦ ਹਨ। ਇਨ੍ਹਾਂ ਵਿਚੋਂ ਗੁਰੂ ਅਰਜਨ ਦੇਵ ਨੇ 30 ਰਾਗਾਂ ਵਿਚ ਸੰਪੂਰਨ ਬਾਣੀ ਦਾ ਸਰੂਪ ਤਿਆਰ ਕੀਤਾ ਸੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਸ਼ਾਮਲ ਕਰਨ ਸਮੇਂ ਇਕ ਜੈਜਾਵੰਤੀ ਰਾਗ ਗੁਰੂ ਗੋਬਿੰਦ ਸਿੰਘ ਨੇ ਇਸ ਵਿਚ ਦਰਜ ਕੀਤਾ ਸੀ। ਗੁਰੂ ਰਾਮਦਾਸ ਨੇ 30 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਇਸ ਦਾ ਭਾਵ ਹੈ ਕਿ ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਜਿੰਨੇ ਵੀ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੇ ਗਏ ਸਨ ਉਨ੍ਹਾਂ ਸਾਰਿਆਂ ਵਿਚ ਗੁਰੂ ਜੀ ਦੀ ਬਾਣੀ ਦਰਜ ਹੈ।

**ਸੋਲਹੇ:** ਸੋਲਾਂ ਪਦਾਂ ਦੇ ਛੰਦ ਨੂੰ ਸੋਲਹਾ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਇਸ ਕਾਵਿ-ਰੂਪ ਦੀ ਵਰਤੋਂ ਮਾਰੂ ਰਾਗ ਵਿਚ ਕੀਤੀ ਗਈ ਹੈ। ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਦੇ ਰਚੇ ਹੋਏ ਸੋਲਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਗੁਰੂ ਰਾਮਦਾਸ ਨੇ ਸੋਲਾਂ-ਸੋਲਾਂ ਪਦਿਆਂ ਵਾਲੇ ਦੋ ਛੰਦਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਇਸ ਰਚਨਾ ਵਿਚ ਗੁਰੂ ਜੀ ਦੱਸਦੇ ਹਨ ਕਿ ਪ੍ਰਭੂ ਸ੍ਰਿਸ਼ਟੀ ਦਾ ਸਿਰਜਨਹਾਰ ਹੈ ਉਹ ਇਸ ਨੂੰ ਪੈਦਾ ਕਰ ਕੇ ਇਸ ਵਿਚ ਹਰ ਥਾਂ ਵਿਆਪਕ ਹੈ। ਪਰਮਾਤਮਾ ਸਮੂਹ ਜੀਵਾਂ ਅੰਦਰ ਵਿਦਮਾਨ ਹੈ ਅਤੇ ਮਨੁੱਖ ਇਸ ਦੀ ਹੋਂਦ ਨੂੰ ਮਹਿਸੂਸ ਕਰਨ ਦੇ ਸਮਰੱਥ ਹੈ ਪਰ ਹਉਮੈ ਵੱਸ ਉਹ ਇਸ ਦਿਸ਼ਾ ਵੱਲ ਯਤਨਸ਼ੀਲ ਨਹੀਂ ਹੁੰਦਾ। ਜਦੋਂ ਸਤਿਗੁਰੂ ਦੀ ਬਖ਼ਸ਼ਿਸ਼ ਹੁੰਦੀ ਹੈ ਤਾਂ ਪਰਮਾਤਮਾ ਪ੍ਰਤੱਖ ਨਜ਼ਰ ਆਉਣ ਲੱਗਦਾ ਹੈ। ਇਸ ਦਾ ਭਾਵ ਹੈ ਕਿ ਸਮੂਹ ਮਨੁੱਖਾਂ ਅੰਦਰ ਵੱਸਦਾ ਪਰਮਾਤਮਾ ਸਤਿਗੁਰੂ ਦੀ ਚਰਨੀਂ ਲੱਗਿਆਂ ਜ਼ਾਹਿਰ ਹੋ ਜਾਂਦਾ ਹੈ।[25]

ਇਸ ਰਚਨਾ ਵਿਚ ਗੁਰੂ ਰਾਮਦਾਸ ਦੱਸਦੇ ਹਨ ਕਿ ਪਰਮਾਤਮਾ ਹੀ ਸਮੂਹ ਜੀਵਾਂ ਦਾ ਦਾਤਾ ਹੈ ਅਤੇ ਉਹੀ ਜਲ ਅਤੇ ਥਲ 'ਤੇ ਰਹਿਣ ਵਾਲੇ ਸਭਨਾਂ ਜੀਵਾਂ ਦਾ ਪਾਲਣ-ਪੋਸ਼ਣ ਕਰਦਾ ਹੈ, ਉਸ ਨੂੰ ਸਭ ਦੀ ਚਿੰਤਾ ਹੈ। ਗੁਰੂ ਦੇ ਦੱਸੇ ਮਾਰਗ 'ਤੇ ਚੱਲ ਕੇ ਪ੍ਰਭੂ ਦਾ ਸਿਮਰਨ ਕਰਨ ਨਾਲ ਉਹ ਮਨ ਵਿਚ ਵੱਸ ਜਾਂਦਾ ਹੈ। ਪ੍ਰਭੂ ਨਾਲ ਜੁੜੇ ਹੋਏ ਮਨੁੱਖ 'ਤੇ ਦੁਨਿਆਵੀ ਪਦਾਰਥ ਆਪਣਾ ਪ੍ਰਭਾਵ ਨਹੀਂ ਪਾ ਸਕਦੇ ਅਤੇ ਉਹ ਕਮਲ ਫੁੱਲ ਦੀ ਤਰ੍ਹਾਂ ਗ੍ਰਹਿਸਤ ਵਿਚ ਉਦਾਸ ਹੋ ਜਾਂਦਾ ਹੈ। ਗੁਰੂ ਜੀ ਪ੍ਰਭੂ ਅੱਗੇ ਪੂਰਨ ਆਤਮ-ਸਮਰਪਣ ਕਰਨ ਦੀ ਸਿੱਖਿਆ ਦਿੰਦੇ ਹੋਏ ਬਚਨ ਕਰਦੇ ਹਨ:

ਕਿਸ ਹੀ ਜੋਰੁ ਅਹੰਕਾਰ ਬੋਲਣ ਕਾ॥
ਕਿਸ ਹੀ ਜੋਰੁ ਦੀਬਾਨ ਮਾਇਆ ਕਾ॥
ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ
ਤੂ ਕਰਤੇ ਰਾਖੁ ਮੈ ਨਿਮਾਣੀ ਹੇ॥[26]

**ਕਰਹਲੇ:** ਕਰਹਲੇ ਕਰਹਲ ਦਾ ਬਹੁਵਚਨ ਹੈ। ਕਰਹਲ ਦਾ ਅਰਥ ਹੈ ਊਠ। ਊਠ ਦਾ ਜ਼ਿਆਦਾ



ਸੰਬੰਧ ਰੇਗਿਸਤਾਨ ਨਾਲ ਹੈ ਕਿਉਂਕਿ ਉਥੇ ਰੇਤਲਾ ਇਲਾਕਾ ਹੋਣ ਕਰਕੇ ਊਠ ਨੂੰ ਚੱਲਣਾ ਆਸਾਨ ਰਹਿੰਦਾ ਹੈ। ਇਸ ਕਾਵਿ ਰੂਪ ਨੂੰ ਯਾਤਰਾ ਨਾਲ ਸੰਬੰਧਿਤ ਕੀਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਜਦੋਂ ਵਪਾਰੀ ਊਠਾਂ ਤੇ ਸਮਾਨ ਲੱਦ ਕੇ ਦੂਰ-ਦੁਰਾਡੇ ਦੇਸਾਂ ਵਿਚ ਵਪਾਰ ਕਰਨ ਜਾਂਦੇ ਹਨ ਤਾਂ ਲੰਮੀ ਹੇਕ ਨਾਲ ਉਹ ਜੋ ਗਾਇਨ ਕਰਦੇ ਸਨ, ਉਨ੍ਹਾਂ ਨੂੰ ਕਰਹਲੇ ਕਿਹਾ ਜਾਣ ਲੱਗਾ ਸੀ।

ਗਉੜੀ ਰਾਗ ਵਿਚ ਗੁਰੂ ਰਾਮਦਾਸ ਦੀਆਂ ਦੋ ਅਸਟਪਦੀਆਂ 'ਕਰਹਲੇ' ਸਿਰਲੇਖ ਅਧੀਨ ਦਰਜ ਹਨ। ਗੁਰੂ ਜੀ ਮਨੁੱਖ ਦੇ ਮਾਇਆ ਵਿਚ ਫਸੇ ਹੋਏ ਮਨ ਨੂੰ ਕਰਹਲਾ ਕਹਿੰਦੇ ਹਨ ਜਿਹੜਾ ਹਮੇਸ਼ਾਂ ਊਠ ਵਾਂਗ ਭਟਕਦਾ ਰਹਿੰਦਾ ਹੈ। ਹਉਮੈਂ ਮਨ ਨੂੰ ਗੁਰਮਤਿ ਮਾਰਗ 'ਤੇ ਚੱਲਣ ਵਿਚ ਰੁਕਾਵਟ ਪਾਉਂਦੀ ਹੈ। ਨਉ ਨਿਧੀਆਂ ਰੂਪੀ ਨਾਮ ਦਾ ਖ਼ਜ਼ਾਨਾ ਮਨੁੱਖ ਦੀ ਦੇਹ ਦੇ ਅੰਦਰ ਛੁਪਿਆ ਹੋਇਆ ਹੈ ਪਰ ਹਉਮੈਂ ਕਰਕੇ ਉਹ ਨਜ਼ਰ ਨਹੀਂ ਪੈਂਦਾ। ਇਹ ਤਾਂ ਹੀ ਸੰਭਵ ਹੈ ਜੇਕਰ ਮਨੁੱਖ ਚਤੁਰਾਈਆਂ ਛੱਡ ਕੇ ਪਰਮਾਤਮਾ ਵੱਲ ਮੁੜਨ ਦਾ ਯਤਨ ਕਰੇ ਅਤੇ ਗੁਰੂ ਦੀ ਦੱਸੀ ਹੋਈ ਸਿੱਖਿਆ ਨੂੰ ਧਾਰਨ ਕਰੇ:

ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ॥
ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ॥[27]
ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ॥
ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ॥[28]

**ਘੋੜੀਆ (ਘੋੜੀਆਂ):** ਲਾੜੇ ਦੇ ਘੋੜੀ ਚੜ੍ਹਨ ਸਮੇਂ ਜੋ ਗੀਤ ਗਾਏ ਜਾਂਦੇ ਹਨ ਉਨ੍ਹਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ। ਗੁਰੂ ਰਾਮਦਾਸ ਨੇ ਇਸ ਕਾਵਿ ਰੂਪ ਦੀ ਵਰਤੋਂ ਵਡਹੰਸ ਰਾਗ ਵਿਚ ਕੀਤੀ ਹੈ। ਦੋ ਛੰਤਾਂ ਵਾਲੀ ਇਸ ਰਚਨਾ ਵਿਚ ਗੁਰੂ ਜੀ ਨੇ ਸਰੀਰ ਨੂੰ ਘੋੜੀ ਕਿਹਾ ਹੈ ਜੋ ਸਾਧ ਸੰਗਤ ਦੀ ਜੰਞਲੈ ਕੇ ਸੰਸਾਰ ਰੂਪੀ ਬਿਖੜੇ ਮਾਰਗ ਨੂੰ ਤੈਅ ਕਰਦੀ ਹੋਈ ਪ੍ਰਭੂ ਨਾਲ ਮਿਲਾਪ ਕਰਦੀ ਹੈ। ਗੁਰੂ ਜੀ ਮਨੁੱਖੀ ਜਾਮੇ ਵਿਚ ਸਰੀਰ ਰੂਪੀ ਘੋੜੀ ਉਤੇ ਚੜ੍ਹ ਕੇ ਪ੍ਰਭੂ ਮਿਲਾਪ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ - ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ॥ ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞਆਈ॥[29]

**ਪਹਰੇ:** ਪਹਰੇ ਗੁਰੂ ਰਾਮਦਾਸ ਦੀ ਰਚਨਾ ਹੈ ਜਿਸ ਵਿਚ ਜੀਵਨ ਨੂੰ ਰਾਤ ਦੇ ਚਾਰ ਪਹਰਿਆਂ ਵਾਂਗ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਹੈ - ਜਨਮ ਤੋਂ ਪਹਿਲਾਂ ਮਾਤ ਗਰਭ ਵਿਚ, ਜਨਮ ਤੋਂ ਬਚਪਨ ਤੱਕ, ਜਵਾਨੀ, ਬਿਰਧ ਅਵਸਥਾ ਜਾਂ ਬੁਢਾਪਾ। ਗੁਰੂ ਸਾਹਿਬ ਇਸ ਬਾਣੀ ਵਿਚ ਮਨੁੱਖ ਨੂੰ ਪਰਮਾਤਮਾ ਦੇ ਨਾਮ ਸਿਮਰਨ ਦਾ ਲਾਹਾ ਖੱਟਣ ਦੀ ਪ੍ਰੇਰਨਾ ਕਰਦੇ ਹਨ। ਜੀਵਨ ਨੂੰ ਹਨੇਰੇ ਵਾਂਗ ਚਿਤਰਿਆ ਗਿਆ ਹੈ ਅਤੇ ਪ੍ਰਭੂ ਮਿਲਾਪ ਨੂੰ ਪ੍ਰਕਾਸ਼ ਦਾ ਨਾਂ ਦਿੱਤਾ ਗਿਆ ਹੈ - ਓਥੈ ਦਿਨ ਐਥੇ ਸਭ ਰਾਤ॥

ਪਹਿਲੇ ਪਹਰ ਵਿਚ ਜਨਮ ਤੋਂ ਪਹਿਲਾਂ ਦੀ ਅਵਸਥਾ ਹੈ ਜਦੋਂ ਪਰਮਾਤਮਾ ਨੇ ਜੀਵ ਦੀ

ਉਤਪਤੀ ਲਈ ਜੋਤਿ ਰੱਖੀ। ਦੂਜੇ ਪਹਰ ਵਿਚ ਜਨਮ ਤੋਂ ਬਾਅਦ ਦੁਨਿਆਵੀ ਸੰਬੰਧਾਂ ਦੀ ਸ਼ੁਰੂਆਤ, ਤੀਜੇ ਪਹਰ ਵਿਚ ਦੁਨਿਆਵੀ ਪਦਾਰਥਾਂ ਵਿਚ ਖਚਿਤ ਹੋਣ ਦਾ ਜ਼ਿਕਰ ਕਰਦੇ ਹੋਏ ਚੌਥੇ ਪਹਰ ਵਿਚ ਬੁਢਾਪੇ ਵੱਲ ਸੰਕੇਤ ਕੀਤਾ ਗਿਆ ਹੈ। ਜੀਵਨ ਦੇ ਕਿਸੇ ਵੀ ਪਹਰ ਵਿਚ ਪ੍ਰਭੂ ਸਿਮਰਨ ਦੁਆਰਾ ਮੁਕਤ ਹੋਣ ਦੀ ਗੱਲ ਕਹੀ ਗਈ ਹੈ।

**ਲਾਵਾਂ:** ਗੁਰੂ ਰਾਮਦਾਸ ਦੀ ਇਸ ਰਚਨਾ ਦੇ ਚਾਰ ਬੰਦ ਹਨ ਜਿਨ੍ਹਾਂ ਨੂੰ ਦੋ ਰੂਪਾਂ ਵਿਚ ਵੇਖਿਆ ਜਾਂਦਾ ਹੈ - ਸਮਾਜਿਕ ਅਤੇ ਅਧਿਆਤਮਿਕ। ਸਮਾਜਿਕ ਪੱਖ ਵਿਚ ਪਤੀ-ਪਤਨੀ ਦੇ ਸੰਯੋਗ ਨੂੰ ਕੁਦਰਤ ਦਾ ਨਿਯਮ ਮੰਨ ਕੇ ਇਸ ਨੂੰ ਚਲਦਾ ਰੱਖਣ ਲਈ 'ਅਨੰਦ ਕਾਰਜ' ਦੀ ਰਸਮ ਕੀਤੀ ਜਾਂਦੀ ਹੈ। ਅਨੰਦ ਕਾਰਜ ਦੀ ਰਸਮ ਸਮੇਂ ਲਈਆਂ ਜਾਂਦੀਆਂ ਲਾਵਾਂ ਵਿਚ ਧਰਮ ਗ੍ਰੰਥ ਦੀ ਸਿੱਖਿਆ ਦ੍ਰਿੜ ਕਰਾਈ ਜਾਂਦੀ ਹੈ ਅਤੇ ਇਸੇ ਅਨੁਸਾਰ ਜੀਵਨ ਬਸਰ ਕਰਨ ਦੀ ਪ੍ਰੇਰਨਾ ਕੀਤੀ ਜਾਂਦੀ ਹੈ। ਅਧਿਆਤਮਿਕ ਪੱਖ ਵਿਚ ਦਰਸਾਇਆ ਗਿਆ ਹੈ ਕਿ ਮਨੁੱਖਾ ਜੀਵਨ ਦਾ ਉਦੇਸ਼ ਪ੍ਰਭੂ-ਮਿਲਾਪ ਹੈ। ਪਹਿਲੀ ਲਾਂਵ ਪ੍ਰਵਿਰਤੀ ਕਰਮ ਵਿਚ ਪ੍ਰਵੇਸ਼ ਕਰਨ ਵੱਲ ਸੰਕੇਤ ਕਰਦੀ ਹੈ। ਇਹ ਦੁਨਿਆਵੀ ਤਾਣੇ-ਬਾਣੇ ਨੂੰ ਇਕ ਸੂਤਰ ਵਿਚ ਪਰੋਣ ਦਾ ਪੜਾਉ ਹੈ। ਦੂਜੀ ਲਾਂਵ ਵਿਚ ਸੱਚੇ ਗੁਰੂ ਦਾ ਮਿਲਾਪ ਹੈ ਜੋ ਕਿ ਪ੍ਰਭੂ ਉਸਤਤਿ ਰਾਹੀਂ ਹਉਮੈਂ ਨੂੰ ਕਾਬੂ ਕਰਨ ਦਾ ਮਾਰਗ ਦੱਸਦਾ ਹੈ। ਤੀਜੀ ਲਾਂਵ ਵਿਚ ਵੈਰਾਗ ਭਾਵਨਾ ਦਾ ਉਤਪੰਨ ਹੋਣਾ ਦੱਸਿਆ ਹੈ। ਵੈਰਾਗ ਦਾ ਭਾਵ ਨਿਰਾਸਤਾ ਅਤੇ ਉਪਰਾਮਤਾ ਕੀਤਾ ਜਾਂਦਾ ਹੈ ਪਰ ਇਥੇ ਦੁਨਿਆਵੀ ਪਦਾਰਥਾਂ ਤੋਂ ਉਪਰ ਉੱਠ ਜਾਣ ਦੀ ਗੱਲ ਕਹੀ ਗਈ ਹੈ। ਸਮਾਜਿਕ ਕਾਰ-ਵਿਹਾਰ ਕਰਦਾ ਹੋਇਆ ਮਨੁੱਖ ਇਨ੍ਹਾਂ ਪਦਾਰਥਾਂ ਵਿਚ ਖਚਿਤ ਨਹੀਂ ਹੁੰਦਾ। ਚੌਥੀ ਲਾਂਵ ਵਿਚ ਸਹਿਜ ਅਵਸਥਾ ਵਿਚ ਰਹਿੰਦੇ ਹੋਏ ਜੀਵ-ਇਸਤਰੀ ਪ੍ਰਭੂ ਮਿਲਾਪ ਕਰ ਲੈਂਦੀ ਹੈ। ਇਹੀ ਅਸਲ ਰੂਪ ਵਿਚ ਅਨੰਦ ਕਾਰਜ ਹੈ।

**ਵਣਜਾਰਾ:** ਵਣਜ (ਵਪਾਰ) ਕਰਨ ਵਾਲੇ ਨੂੰ ਵਣਜਾਰਾ ਕਿਹਾ ਜਾਂਦਾ ਹੈ। ਇਸ ਨੂੰ ਇਕ ਕਬੀਲੇ ਵਿਸ਼ੇਸ਼ ਨਾਲ ਜੋੜ ਕੇ ਵੀ ਵੇਖਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਵਣਜਾਰਾ' ਸਿਰਲੇਖ ਅਧੀਨ ਗੁਰੂ ਰਾਮਦਾਸ ਦੀ ਛੇ ਪਦਿਆਂ ਵਾਲੀ ਰਚਨਾ ਹੈ, ਪੰਜ ਤੁਕਾਂ ਵਾਲੇ ਹਰ ਪਦੇ ਤੋਂ ਬਾਅਦ ਦੋ ਤੁਕਾਂ ਦਾ ਰਹਾਉ ਹੈ। ਇਸ ਰਚਨਾ ਵਿਚ ਜਿਗਿਆਸੂ ਮਨੁੱਖ ਨੂੰ ਵਣਜਾਰਾ ਨਾਂ ਨਾਲ ਸੰਬੋਧਨ ਕੀਤਾ ਗਿਆ ਹੈ। ਇਸ ਰਚਨਾ ਵਿਚ ਤਾਕੀਦ ਕੀਤੀ ਗਈ ਹੈ ਕਿ ਸੱਚਾ ਵਣਜ ਪਰਮਾਤਮਾ ਦਾ ਨਾਮ ਹੈ ਅਤੇ ਜਿਸ ਮਨੁੱਖ ਦੇ ਮਨ ਵਿਚ ਉਸ ਸੱਚੇ ਪ੍ਰਭੂ ਦੇ ਨਾਮ ਦਾ ਪ੍ਰਕਾਸ਼ ਹੋ ਗਿਆ ਹੈ, ਸਹੀ ਰੂਪ ਵਿਚ ਉਹੀ ਵਣਜਾਰਾ ਹੈ - ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ॥ ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ॥ [30]

**ਵਾਰਾਂ ਦਾ ਵਿਸ਼ਾ ਵਸਤੂ:** ਵਾਰ ਕਿਸੇ ਸੂਰਬੀਰ ਜਾਂ ਜੋਧੇ ਦੇ ਗੁਣਾਂ ਦਾ ਵਿਖਿਆਨ ਕਰਦੀ ਹੈ। ਆਮ ਲੋਕ ਉਸ ਦੇ ਗੁਣਾਂ ਤੋਂ ਪ੍ਰਭਾਵਿਤ ਹੁੰਦੇ ਹਨ ਅਤੇ ਉਨ੍ਹਾਂ ਦੇ ਮਨ ਵਿਚ ਉਸੇ ਵਰਗਾ ਬਹਾਦਰ ਜਾਂ ਦਲੇਰ ਬਣਨ ਦਾ ਉਤਸ਼ਾਹ ਪੈਦਾ ਹੁੰਦਾ ਹੈ। ਗੁਰਬਾਣੀ ਵਿਚ ਪਰਮਾਤਮਾ ਨੂੰ



ਨਾਇਕ ਮੰਨਿਆ ਗਿਆ ਹੈ ਅਤੇ ਉਸ ਦੇ ਗੁਣਾਂ ਦਾ ਗਾਇਨ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। 'ਨਿਰਭਉ ਜਪੈ ਸਗਲ ਭਉ ਮਿਟੈ' ਦੀ ਭਾਵਨਾ ਸਿੱਖ ਨੂੰ ਉਸ ਪ੍ਰਭੂ ਦੇ ਗੁਣਾਂ ਦੇ ਅਨੁਸਾਰੀ ਬਣਾਉਣ ਦੀ ਪ੍ਰੇਰਨਾ ਪੈਦਾ ਕਰਦੀ ਹੈ। ਬਾਹਰੀ ਤੌਰ 'ਤੇ ਵਾਰਾਂ ਦੁਨਿਆਵੀ ਜੰਗਾਂ ਜੁੱਧਾਂ ਸਮੇਂ ਜੋਸ਼ ਅਤੇ ਉਤਸ਼ਾਹ ਪੈਦਾ ਕਰਨ ਦਾ ਕਾਰਜ ਕਰਦੀਆਂ ਹਨ ਅਤੇ ਅੰਦਰੂਨੀ ਤੌਰ 'ਤੇ ਇਹ ਸਾਧਕ ਨੂੰ ਵਿਕਾਰਾਂ 'ਤੇ ਜਿੱਤ ਪ੍ਰਾਪਤ ਕਰਕੇ ਪ੍ਰਭੂ-ਪ੍ਰੀਤ ਪੈਦਾ ਕਰਦੀਆਂ ਹਨ। ਵਾਰ ਪਉੜੀਆਂ ਵਿਚ ਹੁੰਦੀ ਹੈ ਅਤੇ ਪਉੜੀਆਂ ਨਾਲ ਸਲੋਕ ਦਰਜ ਕੀਤੇ ਹੋਏ ਹਨ। ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਦਰਜ ਹਨ ਜਿਨ੍ਹਾਂ ਵਿਚੋਂ 8 ਵਾਰਾਂ ਗੁਰੂ ਰਾਮਦਾਸ ਦੀ ਰਚਨਾ ਹਨ ਜਿਨ੍ਹਾਂ ਬਾਰੇ ਇਥੇ ਸੰਖੇਪ ਰੂਪ ਵਿਚ ਜਾਣਨ ਦਾ ਯਤਨ ਕੀਤਾ ਜਾ ਰਿਹਾ ਹੈ।

**ਸਿਰੀ ਰਾਗ ਕੀ ਵਾਰ:** ਗੁਰੂ ਰਾਮਦਾਸ ਦੀ ਇਹ ਵਾਰ ਸਿਰੀ ਰਾਗ ਵਿਚ ਦਰਜ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਰਾਗਾਂ ਵਿਚੋਂ ਸਭ ਤੋਂ ਪਹਿਲਾਂ ਦਰਜ ਹੈ ਅਤੇ ਇਸ ਰਾਗ ਦਾ ਨਾਂ ਹੀ ਸਿਰਲੇਖ ਵਿਚ ਸ਼ਾਮਲ ਕੀਤਾ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 83 ਤੋਂ 91 ਪੰਨਿਆਂ ਤੱਕ ਦਰਜ ਇਸ ਵਾਰ ਦੀਆਂ 21 ਪਉੜੀਆਂ ਹਨ। ਇਸ ਵਾਰ ਵਿਚ 43 ਸਲੋਕ ਦਰਜ ਹਨ ਜਿਨ੍ਹਾਂ ਵਿਚੋਂ ਗੁਰੂ ਨਾਨਕ ਦੇਵ ਦੇ ਸੱਤ, ਗੁਰੂ ਅੰਗਦ ਦੇਵ ਦੇ ਦੋ, ਗੁਰੂ ਅਮਰਦਾਸ ਦੇ ਤੇਤੀ ਅਤੇ ਗੁਰੂ ਅਰਜਨ ਦੇਵ ਦਾ ਇਕ ਸਲੋਕ ਸ਼ਾਮਲ ਹੈ। ਗੁਰੂ ਰਾਮਦਾਸ ਦਾ ਕੋਈ ਵੀ ਸਲੋਕ ਇਸ ਰਚਨਾ ਵਿਚ ਦਰਜ ਨਹੀਂ ਹੈ। ਇਸ ਵਾਰ ਵਿਚ ਗੁਰੂ ਰਾਮਦਾਸ ਦੱਸਦੇ ਹਨ ਕਿ ਪ੍ਰਭੂ ਇਕ ਹੈ, ਉਸ ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਅਤੇ ਉਸੇ ਦਾ ਹੀ ਹੁਕਮ ਇਸ ਸ੍ਰਿਸ਼ਟੀ ਵਿਚ ਵਰਤ ਰਿਹਾ ਹੈ। ਸ੍ਰਿਸ਼ਟੀ ਕਰਤਾ ਨੂੰ ਸਰਬ-ਗਿਆਤਾ ਮੰਨਿਆ ਗਿਆ ਹੈ ਜੋ ਹਰ ਇਕ ਮਨੁੱਖ ਦੇ ਭਲੇ ਬੁਰੇ ਕਰਮਾਂ ਬਾਰੇ ਜਾਣਦਾ ਹੈ, ਡਰਦਾ ਉਹ ਹੈ ਜਿਹੜਾ ਪਾਪ ਕਰਦਾ ਹੈ ਪਰ ਧਰਮੀ ਖੁਸ਼ ਰਹਿੰਦਾ ਹੈ। ਧਰਮੀ ਦੇ ਮਨ ਵਿਚ ਦੁਬਿਧਾ ਨਹੀਂ ਹੁੰਦੀ ਅਤੇ ਉਹ ਹਮੇਸ਼ਾਂ ਪ੍ਰਭੂ ਦਾ ਓਟ-ਆਸਰਾ ਲੈ ਕੇ ਉਸੇ ਨਾਲ ਜੁੜਿਆ ਰਹਿੰਦਾ ਹੈ। ਪ੍ਰਭੂ ਕ੍ਰਿਪਾ ਨਾਲ ਧਰਮੀ ਸਲਾਹਿਆ ਜਾਂਦਾ ਹੈ ਅਤੇ ਪਾਪੀ ਨੂੰ ਦੰਡ ਮਿਲਦਾ ਹੈ - ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥ [31] ਧਰਮੀ ਸਭ ਜਹਾਨਾਂ ਤੋਂ ਸੁਰਖਰੂ ਹੁੰਦਾ ਹੈ ਅਤੇ ਉਸਨੂੰ ਪ੍ਰਭੂ ਬਖ਼ਸ਼ਿਸ਼ ਰੂਪੀ ਸਿਰੋਪੇ ਨਾਲ ਪ੍ਰਵਾਨ ਕਰਦਾ ਹੈ - ਤਿਨ ਐਥੇ ਓਥੈ ਮੁਖ ਉਜਲੇ ਹਰਿ ਦਰਗਹ ਪੈਧੇ ਜਾਹੀ॥ [32] ਇਸ ਵਾਰ ਦੀ ਅੰਤਲੀ ਪਉੜੀ ਵਿਚ ਗੁਰੂ ਜੀ ਆਪਣੇ ਆਪ ਨੂੰ ਪ੍ਰਭੂ ਦਾ ਢਾਢੀ ਕਹਿੰਦੇ ਹਨ ਅਤੇ ਨਾਲ ਹੀ ਦੱਸਦੇ ਹਨ ਕਿ ਉਹਨਾਂ ਨੇ ਪ੍ਰਭੂ ਤੋਂ ਸੱਚੇ ਨਾਮ ਦੀ ਦਾਤ ਪ੍ਰਾਪਤ ਕੀਤੀ ਹੈ।

**ਗਉੜੀ ਕੀ ਵਾਰ:** ਗਉੜੀ ਕੀ ਵਾਰ ਵਿਚ 33 ਪਉੜੀਆਂ ਅਤੇ 68 ਸਲੋਕ ਸ਼ਾਮਲ ਹਨ। ਇਨ੍ਹਾਂ ਵਿਚ 28 ਪਉੜੀਆਂ ਗੁਰੂ ਰਾਮਦਾਸ ਦੀਆਂ ਅਤੇ 5 ਪਉੜੀਆਂ ਗੁਰੂ ਅਰਜਨ ਦੇਵ ਦੀਆਂ ਹਨ। ਗੁਰੂ ਰਾਮਦਾਸ ਦੇ 53 ਸਲੋਕਾਂ ਤੋਂ ਇਲਾਵਾ ਗੁਰੂ ਅਮਰਦਾਸ ਦੇ 7 ਅਤੇ ਗੁਰੂ

ਅਰਜਨ ਦੇਵ ਦੇ 8 ਸਲੋਕ ਇਸ ਵਾਰ ਵਿਚ ਸ਼ਾਮਲ ਹਨ। ਪਰਮਾਤਮਾ ਨੂੰ ਸ੍ਰਿਸ਼ਟੀ ਵਿਚ ਸਰਬੋਤਮ ਮੰਨ ਕੇ ਉਸ ਵੱਲ ਮੁੜਨ ਅਤੇ ਉਸ ਨਾਲ ਜੁੜਨ ਨੂੰ ਜੀਵਨ ਉਦੇਸ਼ ਦੱਸਿਆ ਗਿਆ ਹੈ। ਸਰੀਰ ਇਕ ਕਿਲੇ ਦੀ ਤਰ੍ਹਾਂ ਮੰਨਿਆ ਗਿਆ ਹੈ, ਅਧਿਆਤਮਿਕਤਾ ਦਾ ਸਾਰਾ ਖ਼ਜ਼ਾਨਾ ਜਿਸ ਦੇ ਅੰਦਰ ਛੁਪਿਆ ਹੋਇਆ ਹੈ। ਜਿਹੜੇ ਇਹ ਖ਼ਜ਼ਾਨਾ ਬਾਹਰ ਲੱਭਦੇ ਹਨ, ਉਹ ਮੂਰਖ ਹਨ। ਉਨ੍ਹਾਂ ਦੀ ਹਾਲਤ ਉਸ ਹਿਰਨ ਵਰਗੀ ਹੈ, ਕਸਤੂਰੀ ਜਿਸ ਦੇ ਅੰਦਰ ਛੁਪੀ ਹੋਈ ਹੈ ਪਰ ਉਹ ਇਸ ਦੀ ਭਾਲ ਝਾੜੀਆਂ ਵਿਚ ਕਰਦਾ ਹੋਇਆ ਭਟਕਦਾ ਫਿਰਦਾ ਹੈ। ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲ ਕੇ ਅੰਦਰ ਛੁਪਿਆ ਹੋਇਆ ਖ਼ਜ਼ਾਨਾ ਲੱਭ ਸਕਦਾ ਹੈ ਅਤੇ ਜਿਹੜੇ ਗੁਰੂ ਦੇ ਆਦੇਸ਼ ਅਨੁਸਾਰ ਜੀਵਨ ਬਸਰ ਕਰਦੇ ਹਨ, ਉਹ ਗੁਰਮੁਖ ਹਨ। ਗੁਰੂ ਤੋਂ ਬੇਮੁਖ ਹੋ ਕੇ ਜਿਹੜੇ ਮੁੜ ਗੁਰੂ ਦੇ ਚਰਨੀਂ ਆ ਲੱਗਦੇ ਹਨ, ਗੁਰੂ ਉਹਨਾਂ ਦੇ ਅਉਗਣ ਮਾਫ਼ ਕਰ ਕੇ ਉਹਨਾਂ ਨੂੰ ਵੀ ਤਾਰ ਦਿੰਦਾ ਹੈ। ਗੁਰੂ ਦੀ ਨਜ਼ਰ ਵਿਚ ਗੁਰੂ ਸਾਹਿਬਾਨ ਦੇ ਪੁੱਤਰਾਂ ਅਤੇ ਸਿੱਖਾਂ ਵਿਚ ਕੋਈ ਫ਼ਰਕ ਨਹੀਂ ਹੈ, ਸ਼ੁਭ ਕਾਰਜ ਕਰਨ ਵਾਲੇ ਸਾਰੇ ਪ੍ਰਵਾਨ ਹੁੰਦੇ ਹਨ।[33]

**ਬਿਹਾਗੜੇ ਕੀ ਵਾਰ:** 21 ਪਉੜੀਆਂ ਵਾਲੀ ਇਸ ਰਚਨਾ ਵਿਚ 43 ਸਲੋਕ ਦਰਜ ਹਨ। ਇਸ ਵਾਰ ਵਿਚ ਪ੍ਰਭੂ ਦੀ ਉਸਤਤਿ ਕਰਦੇ ਹੋਏ ਉਸ ਨੂੰ ਸਮੂਹ ਪ੍ਰਾਪਤੀਆਂ ਦਾ ਸੋਮਾ ਦੱਸਿਆ ਗਿਆ ਹੈ। ਸ੍ਰਿਸ਼ਟੀ ਵਿਚ ਜਿਹੜੀਆਂ ਵਸਤਾਂ ਜਾਂ ਹਸਤੀਆਂ ਸਮਾਂ ਅਤੇ ਸਥਾਨ ਦਾ ਹਿੱਸਾ ਬਣੀਆਂ, ਉਹ ਪਰਿਵਰਤਨਸ਼ੀਲ ਅਤੇ ਨਾਸ਼ ਹੋਣ ਵਾਲੀਆਂ ਹਨ। ਪ੍ਰਭੂ ਨੂੰ ਵੀ ਇਸ ਜਗਤ ਦਾ ਹਿੱਸਾ ਮੰਨਿਆ ਗਿਆ ਹੈ, ਉਹ ਸਥਾਨ ਵਿਚ ਤਾਂ ਵਿਦਮਾਨ ਹੈ ਪਰ ਸਮੇਂ ਤੋਂ ਮੁਕਤ ਹੈ। ਇਸ ਕਰਕੇ ਉਸ ਨੂੰ ਸ੍ਰਿਸ਼ਟੀ ਦੇ ਅੰਦਰ ਅਤੇ ਬਾਹਰ ਇਕ ਰਸ ਮੌਜੂਦ ਮੰਨਿਆ ਗਿਆ ਹੈ। ਪਰਮਾਤਮਾ ਦੀ ਸਦੀਵੀ ਹੋਂਦ ਦਾ ਪ੍ਰਗਟਾਵਾ ਕਰਦੇ ਹੋਏ ਗੁਰੂ ਰਾਮਦਾਸ ਕਹਿੰਦੇ ਹਨ - ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ॥ ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ॥[34] ਜਦੋਂ ਉਹ ਪ੍ਰਗਟ ਹੋਣਾ ਚਾਹੁੰਦਾ ਹੈ ਤਾਂ ਉਹ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ, ਉਸ ਵਿਚ ਜੀਵਾਂ ਨੂੰ ਪੈਦਾ ਕਰਦਾ ਹੈ, ਉਨ੍ਹਾਂ ਨੂੰ ਅੰਨ ਪਾਣੀ ਦਾ ਸਹਾਰਾ ਦਿੰਦਾ ਹੈ। ਉਹ ਸਭ ਦਾ ਮਾਈ-ਬਾਪ ਹੈ ਅਤੇ ਸ਼ੁਭ ਕਰਮ ਕਰਨ ਵਾਲਿਆਂ ਤੇ ਉਹ ਹਮੇਸ਼ਾਂ ਬਖ਼ਸ਼ਿਸ਼ ਕਰਦਾ ਹੈ। ਜਿਸ ਵੀ ਸ਼ਰਧਾਵਾਨ 'ਤੇ ਪਰਮਾਤਮਾ ਬਖ਼ਸ਼ਿਸ਼ ਕਰ ਦਿੰਦਾ ਹੈ ਉਹ ਕੋਈ ਵੀ ਦੁਨਿਆਵੀ ਕਾਰਜ ਕਰਦਾ ਹੋਇਆ ਵੀ ਉਸ ਤੋਂ ਅਲੱਗ ਨਹੀਂ ਹੁੰਦਾ ਬਲਕਿ ਉਸ ਦੇ ਸਮੂਹ ਕਾਰਜਾਂ ਵਿਚੋਂ ਪ੍ਰਭੂ ਦੀ ਭਗਤੀ ਅਤੇ ਸਿਮਰਨ ਦਾ ਪ੍ਰਗਟਾਵਾ ਹੁੰਦਾ ਹੈ। ਉਸ ਦੇ ਦੁੱਖਾਂ ਦੀ ਨਵਿਰਤੀ ਹੋ ਜਾਂਦੀ ਹੈ ਅਤੇ ਉਹ ਸਮੂਹ ਸੁਖਾਂ ਦੀ ਪ੍ਰਾਪਤੀ ਕਰ ਲੈਂਦਾ ਹੈ। ਗੁਰੂ ਰਾਮਦਾਸ ਸਮੂਹ ਬੰਧਨਾਂ ਤੋਂ ਮੁਕਤ ਹੋਣ ਲਈ ਸਤਿਸੰਗਤ ਵਿਚ ਪਰਮਾਤਮਾ ਦਾ ਸਿਮਰਨ ਕਰਨ ਦੀ ਪ੍ਰੇਰਨਾ ਕਰਦੇ ਹੋਏ ਕਹਿੰਦੇ ਹਨ:

ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ
ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ॥[35]



**ਵਡਹੰਸ ਕੀ ਵਾਰ:** ਇਸ ਵਾਰ ਵਿਚ 21 ਪਉੜੀਆਂ ਅਤੇ 43 ਸਲੋਕ ਦਰਜ ਹਨ। ਗੁਰੂ ਰਾਮਦਾਸ ਨੇ ਇਸ ਵਾਰ ਨੂੰ 'ਲਲਾਂ ਬਹਲੀਮਾ ਕੀ ਧੁਨਿ' ਉਤੇ ਗਾਉਣ ਦਾ ਆਦੇਸ਼ ਕੀਤਾ ਹੈ। ਲਲਾਂ ਅਤੇ ਬਹਿਲੀਮਾ ਬਾਰੇ ਦੱਸਿਆ ਜਾਂਦਾ ਹੈ ਕਿ ਉਹ ਕਾਂਗੜੇ ਦੇਸ ਦੇ ਰਾਜਪੂਤ ਜ਼ਿਮੀਂਦਾਰ ਸਨ। ਇਕ ਵਾਰ ਸੋਕਾ ਪੈ ਜਾਣ ਕਾਰਨ ਲਲਾਂ ਨੇ ਆਪਣੀ ਪੈਦਾਵਾਰ ਦਾ ਛੇਵਾਂ ਹਿੱਸਾ ਦੇਣਾ ਮੰਨ ਕੇ ਉਸ ਤੋਂ ਆਪਣੀ ਫਸਲ ਲਈ ਪਾਣੀ ਲਿਆ ਸੀ। ਫਸਲ ਹੋ ਜਾਣ ਤੇ ਉਹ ਆਪਣੇ ਇਕਰਾਰ ਤੋਂ ਮੁਕਰ ਗਿਆ ਅਤੇ ਦੋਹਾਂ ਵਿਚ ਲੜ੍ਹਾਈ ਹੋ ਗਈ, ਬਹਿਲੀਮਾ ਜਿੱਤ ਗਿਆ। ਉਨ੍ਹਾਂ ਦੇ ਜੀਵਨ ਦੀ ਇਸ ਘਟਨਾ ਨੂੰ ਢਾਢੀ ਵਾਰਾਂ ਰਾਹੀਂ ਸੁਣਾਉਂਦੇ ਸਨ ਪਰ ਗੁਰੂ ਜੀ ਨੇ 'ਵਡਹੰਸ ਕੀ ਵਾਰ' ਨੂੰ ਇਸ ਧੁਨੀ ਤੇ ਗਾਉਣ ਦਾ ਆਦੇਸ਼ ਕੀਤਾ।

ਸਤਿਗੁਰੂ ਸਾਧਕ ਨੂੰ ਪ੍ਰਭੂ ਨਾਲ ਮਿਲਾਉਣ ਦਾ ਕਾਰਜ ਕਰਦਾ ਹੈ। ਇਸ ਵਾਰ ਵਿਚ ਸਤਿਗੁਰੂ ਦੀ ਉਸਤਤਿ 'ਤੇ ਵਧੇਰੇ ਜੋਰ ਦਿੱਤਾ ਗਿਆ ਹੈ ਕਿਉਂਕਿ ਸਤਿਗੁਰੂ ਹੀ ਪ੍ਰਭੂ-ਨਾਮ ਨਾਲ ਜੋੜ ਕੇ ਪ੍ਰਭੂ-ਪ੍ਰੀਤ ਪੈਦਾ ਕਰਨ ਦਾ ਕਾਰਜ ਕਰਦਾ ਹੈ। ਪ੍ਰਭੂ-ਨਾਮ ਦੀ ਪ੍ਰੀਤ ਪੈਦਾ ਕਰਨ ਦਾ ਸੌਖਾ ਸਾਧਨ ਸਤਿਸੰਗਤ ਨੂੰ ਮੰਨਿਆ ਗਿਆ ਹੈ।[36] ਪ੍ਰਭੂ-ਨਾਮ ਨਾਲ ਮਨ ਦਾ ਹਿਰਦਾ ਸ਼ੁੱਧ ਹੁੰਦਾ ਹੈ। ਸ਼ੁੱਧ ਹਿਰਦੇ ਨਾਲ ਦੂਜਿਆਂ ਦੀ ਹੋਂਦ ਦਾ ਅਹਿਸਾਸ ਅਤੇ ਉਹਨਾਂ ਪ੍ਰਤੀ ਦਇਆ ਭਾਵਨਾ ਪੈਦਾ ਹੁੰਦੀ ਹੈ ਜਿਸ ਵਿਚੋਂ ਸਰਬ-ਸਾਂਝੀਵਾਲਤਾ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਸ਼ੁੱਧ ਹਿਰਦਾ ਮਨ ਨੂੰ ਪਦਾਰਥਕ ਵਸਤਾਂ ਵਿਚ ਭਟਕਣ ਤੋਂ ਰੋਕਦਾ ਹੈ। ਸ਼ਾਂਤ ਅਤੇ ਸਹਿਜ ਅਵਸਥਾ ਵਿਚ ਰਹਿਣ ਨਾਲ ਬਿਬੇਕ ਬੁਧਿ ਪੈਦਾ ਹੁੰਦੀ ਹੈ ਜਿਹੜੀ ਕਿ ਸਾਧਕ ਦੇ ਅਧਿਆਤਮਿਕ ਵਿਕਾਸ ਵਿਚ ਯੋਗਦਾਨ ਪਾਉਂਦੀ ਹੈ। ਗੁਰੂ ਰਾਮਦਾਸ ਕਹਿੰਦੇ ਹਨ ਕਿ ਪ੍ਰਭੂ ਹੀ ਕਰਨ ਕਾਰਨ ਸਮਰੱਥ ਹੈ, ਉਹ ਸ੍ਰਿਸ਼ਟੀ ਦੇ ਜ਼ਰੇ-ਜ਼ਰੇ ਵਿਚ ਵਿਦਮਾਨ ਹੈ, ਉਸ ਤੋਂ ਬਗੈਰ ਕੋਈ ਜੀਵਨ-ਮਰਨ ਵਿਚ ਨਹੀਂ ਪਾ ਸਕਦਾ, ਇਸ ਕਰਕੇ ਉਸ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ।[37]

**ਸੋਰਠਿ ਕੀ ਵਾਰ:** 'ਰਾਗੁ ਸੋਰਠਿ ਵਾਰ ਮਹਲੇ ੪ ਕੀ' ਸਿਰਲੇਖ ਅਧੀਨ ਇਸ ਵਾਰ ਦੀਆਂ 29 ਪਉੜੀਆਂ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਦੇ 3, ਗੁਰੂ ਅੰਗਦ ਦੇਵ ਦਾ 1, ਗੁਰੂ ਅਮਰਦਾਸ ਦੇ 47 ਅਤੇ ਗੁਰੂ ਰਾਮਦਾਸ ਦੇ 7 ਸਲੋਕ ਦਰਜ ਹਨ। ਇਹ ਵਾਰ ਜਿਥੇ ਮਨੁੱਖ ਨੂੰ ਪਰਮਾਤਮਾ ਨਾਲ ਜੋੜਨ ਦਾ ਕਾਰਜ ਕਰਦੀ ਹੈ ਉਥੇ ਇਸ ਵਿਚ ਦੁਨਿਆਵੀ ਵਿਕਾਰਾਂ ਦਾ ਵਿਸਤ੍ਰਿਤ ਵਰਨਨ ਵੀ ਕੀਤਾ ਗਿਆ ਹੈ। ਸ੍ਰਿਸ਼ਟੀ ਸਿਰਜਨਾ ਨੂੰ ਪਰਮਾਤਮਾ ਦੀ ਖੇਡ ਮੰਨਿਆ ਗਿਆ ਹੈ। ਪਰਮਾਤਮਾ ਨੇ ਪ੍ਰਕ੍ਰਿਤੀ ਵਿਚ ਸਤਵ, ਰਜਸ ਅਤੇ ਤਮਸ ਤਿੰਨ ਗੁਣਾਂ ਪੈਦਾ ਕਰਕੇ ਜਗਤ ਵਿਚ ਮਾਇਆ ਮੋਹ ਪੈਦਾ ਕੀਤਾ ਹੈ ਜਿਹੜੇ ਕਿ ਮਨੁੱਖ ਦੇ ਮਨ ਵਿਚ ਹਉਮੈਂ ਪੈਦਾ ਕਰਕੇ ਉਸ ਨੂੰ ਜੰਮਣ-ਮਰਨ ਦੇ ਗੇੜ ਵਿਚ ਪਾ ਦਿੰਦੇ ਹਨ। ਪਰਮਾਤਮਾ ਨੇ ਸ੍ਰਿਸ਼ਟੀ ਵਿਚ ਅੱਗ, ਹਵਾ, ਪਾਣੀ, ਧਰਤੀ ਅਤੇ ਅਕਾਸ਼ ਪੈਦਾ ਕੀਤੇ ਹਨ। ਪਰਮਾਤਮਾ ਨੇ ਇਨ੍ਹਾਂ ਪੰਜਾਂ ਤੱਤਾਂ ਦੇ ਸੰਯੋਗ ਤੋਂ ਜੀਵ

ਪੈਦਾ ਕੀਤਾ ਹੈ। ਇਨ੍ਹਾਂ ਪੰਜਾਂ ਤੱਤਾਂ ਤੋਂ ਇਲਾਵਾ ਮਨੁੱਖ ਵਿਚ ਪਰਮਾਤਮਾ ਦੀ ਜੋਤਿ ਵੀ ਮੌਜੂਦ ਹੈ ਜਿਹੜੀ ਤੱਤਾਂ ਨੂੰ ਕਿਰਿਆਸ਼ੀਲ ਕਰਨ ਦਾ ਕਾਰਜ ਕਰਦੀ ਹੈ। ਪ੍ਰਕ੍ਰਿਤੀ ਦੇ ਤੱਤਾਂ ਤੋਂ ਮਨੁੱਖ ਦੀ ਸਿਰਜਨਾ ਹੋਈ ਹੈ ਇਸ ਕਰਕੇ ਉਸ ਦੇ ਗੁਣ ਵੀ ਮਨੁੱਖ ਦੇ ਮਨ ਵਿਚ ਵਿਦਮਾਨ ਹਨ। ਇਨ੍ਹਾਂ ਤਿੰਨਾਂ ਗੁਣਾਂ ਦੇ ਪ੍ਰਭਾਵ ਸਦਕਾ ਮਨੁੱਖ ਸ਼ੁਭ-ਅਸ਼ੁਭ ਕਾਰਜ ਕਰਦਾ ਹੈ। ਇਸ ਦੇ ਨਾਲ ਹੀ ਪ੍ਰਕ੍ਰਿਤੀ ਵਿਚ ਜਿਹੜੇ ਹੀਰੇ, ਜਵਾਹਰਾਤ, ਮਾਣਕ, ਮੋਤੀ ਮੌਜੂਦ ਹਨ, ਤੱਤਾਂ ਤੋਂ ਬਣੇ ਮਨੁੱਖ ਵਿਚ ਵੀ ਇਹ ਮੌਜੂਦ ਹਨ। ਗੁਰੂ ਜੀ ਕਹਿੰਦੇ ਹਨ ਕਿ ਇਨ੍ਹਾਂ ਹੀਰੇ, ਜਵਾਹਰਾਤਾਂ ਦੀ ਖੋਜ ਵਿਚ ਬਾਹਰ ਭਟਕਣ ਦੀ ਕੋਈ ਲੋੜ ਨਹੀਂ ਬਲਕਿ ਇਨ੍ਹਾਂ ਨੂੰ ਸਰੀਰ ਦੇ ਅੰਦਰੋਂ ਹੀ ਲੱਭਿਆ ਜਾ ਸਕਦਾ ਹੈ। ਇਸ ਵਾਰ ਦੇ ਇਕ ਸਲੋਕ ਵਿਚ ਗੁਰੂ ਅਮਰਦਾਸ ਕਹਿੰਦੇ ਹਨ ਕਿ ਜਿਵੇਂ ਕਸਤੂਰੀ ਹਿਰਨ ਦੇ ਅੰਦਰ ਹੀ ਮੌਜੂਦ ਹੈ ਪਰ ਉਸ ਨੂੰ ਇਸ ਦਾ ਗਿਆਨ ਨਾ ਹੋਣ ਕਰਕੇ ਉਹ ਭਟਕਦਾ ਰਹਿੰਦਾ ਹੈ। ਇਹੀ ਹਾਲਤ ਉਸ ਮਨੁੱਖ ਦੀ ਹੈ ਜਿਹੜਾ 'ਘਟ ਹੀ ਖੋਜਹੁ ਭਾਈ' ਦੀ ਥਾਂ ਬਾਹਰ ਭਟਕਦਾ ਫਿਰਦਾ ਹੈ।[38]

ਗੁਰੂ ਰਾਮਦਾਸ ਕਹਿੰਦੇ ਹਨ ਕਿ ਮਾਇਆ ਦੇ ਪ੍ਰਭਾਵ ਅਧੀਨ ਮਨੁੱਖ ਨੂੰ ਆਪਣਾ ਅਸਲਾ ਭੁੱਲ ਜਾਂਦਾ ਹੈ ਅਤੇ ਉਹ ਧਰਮ ਕਮਾਉਣ ਦੀ ਥਾਂ ਦੁਨਿਆਵੀ ਪਦਾਰਥ ਇਕੱਤਰ ਕਰਨ ਵਿਚ ਲੱਗਿਆ ਰਹਿੰਦਾ ਹੈ ਜਿਹੜੇ ਮਨੁੱਖ ਨੂੰ ਲੋਕ ਅਤੇ ਪ੍ਰਲੋਕ ਵਿਚ ਦੁੱਖੀ ਕਰਦੇ ਹਨ। ਸਦਾਚਾਰ ਤੋਂ ਡਿੱਗ ਕੇ ਮਨੁੱਖ ਮਾਇਆ ਇਕੱਤਰ ਕਰਦਾ ਹੈ, ਉਹ ਮਾਇਆ ਨੂੰ ਇਸ ਜੀਵਨ ਦਾ ਸੁੱਖ ਸਮਝਦਾ ਹੈ। ਇਹ ਇਕੱਤਰ ਕੀਤੀ ਮਾਇਆ ਨਾ ਤਾਂ ਨਾਲ ਜਾਂਦੀ ਹੈ ਅਤੇ ਨਾ ਹੀ ਕੋਈ ਅਨੰਦ ਦੀ ਪ੍ਰਾਪਤੀ ਲਈ ਸਹਾਈ ਹੁੰਦੀ ਹੈ ਬਲਕਿ ਇਹ ਮਾਇਆ ਪਰਿਵਾਰ ਵਿਚ ਕਲੇਸ਼ ਦਾ ਕਾਰਨ ਬਣਦੀ ਹੈ ਜਿਸ ਨਾਲ ਸੁੱਖੀ ਹੋਣ ਦੀ ਬਜਾਏ ਜੀਵਨ ਹੋਰ ਵਧੇਰੇ ਦੁੱਖਦਾਈ ਹੁੰਦਾ ਹੈ॥[39] ਗੁਰੂ ਜੀ ਕਹਿੰਦੇ ਹਨ ਕਿ ਗੁਰਮੁਖਿ ਨੂੰ ਇਹ ਗੱਲ ਸਮਝ ਆ ਜਾਂਦੀ ਹੈ ਕਿ ਸਹੀ-ਗਲਤ ਤਰੀਕਿਆਂ ਨਾਲ ਇਕੱਤਰ ਕੀਤੀ ਮਾਇਆ ਨਾਲ ਨਹੀਂ ਜਾਂਦੀ ਅਤੇ ਉਹ ਅਜਿਹਾ ਧਨ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ ਜਿਹੜਾ ਹਮੇਸ਼ਾਂ ਸੁੱਖਦਾਈ ਹੋਵੇ ਅਤੇ ਨਾਲ ਨਿਭਣ ਦੇ ਸਮਰੱਥ ਹੋਵੇ। ਗੁਰੂ ਦੇ ਰਾਹੀਂ ਹੀ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ ਜਿਸ ਕਰ ਕੇ ਉਹ ਆਪਣੇ ਮਨ ਦੀ ਖੋਜ ਕਰ ਕੇ ਤ੍ਰਿਸ਼ਨਾ ਤੋਂ ਬੱਚਦਾ ਹੋਇਆ ਪਰਮਾਤਮਾ ਦੀ ਪ੍ਰਾਪਤੀ ਕਰ ਲੈਂਦਾ ਹੈ।[40]

**ਬਿਲਾਵਲ ਕੀ ਵਾਰ:** ਗੁਰੂ ਰਾਮਦਾਸ ਦੁਆਰਾ ਰਚਿਤ ਇਸ ਵਾਰ ਵਿਚ 13 ਪਉੜੀਆਂ ਅਤੇ 27 ਸਲੋਕ ਸ਼ਾਮਲ ਹਨ। ਗੁਰੂ ਰਾਮਦਾਸ ਦੇ ਇਕ ਸਲੋਕ ਤੋਂ ਇਲਾਵਾ ਗੁਰੂ ਨਾਨਕ ਦੇਵ ਦੇ 2 ਅਤੇ ਗੁਰੂ ਅਮਰਦਾਸ ਦੇ 24 ਸਲੋਕ ਸ਼ਾਮਲ ਹਨ। ਇਸ ਵਾਰ ਵਿਚ ਦੱਸਿਆ ਗਿਆ ਹੈ ਕਿ ਪਰਮਾਤਮਾ ਹਰ ਥਾਂ ਵੱਸਦਾ ਹੈ ਅਤੇ ਹਰ ਇਕ ਦਾ ਪਾਲਣ ਪੋਸ਼ਣ ਕਰਦਾ ਹੈ। ਪਰਮਾਤਮਾ ਆਪਣੇ ਭਗਤਾਂ ਤੇ ਹਮੇਸ਼ਾਂ ਖੁਸ਼ ਰਹਿੰਦਾ ਹੈ ਅਤੇ ਭਗਤ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਨੂੰ ਤਰਜੀਹ ਦਿੰਦੇ ਹਨ। ਸਭ ਅਮੀਰ, ਜਾਗੀਰਦਾਰ, ਹਾਕਮ, ਸਰਦਾਰ ਉਸ ਦੇ ਅੱਗੇ ਮੰਗਤੇ ਹਨ



ਅਤੇ ਉਸੇ ਦੀ ਕ੍ਰਿਪਾ ਨਾਲ ਆਪਣਾ ਕੰਮ ਚਲਾਉਂਦੇ ਹਨ। ਜਿਹੜੇ ਪਰਮਾਤਮਾ ਦੀਆਂ ਦਾਤਾਂ ਨੂੰ ਉਸ ਦੀ ਬਖ਼ਸ਼ਿਸ਼ ਮੰਨ ਕੇ ਮਾਣਦੇ ਹਨ, ਉਹ ਉਸ ਨੂੰ ਹਮੇਸ਼ਾਂ ਆਪਣੇ ਹਿਰਦੇ ਵਿਚ ਜਾਣਦੇ ਹਨ ਅਤੇ ਸਦਾ ਸੁਖੀ ਰਹਿੰਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੀ ਸਿੱਖਿਆ ਦੁਆਰਾ ਪਰਮਾਤਮਾ ਦਾ ਮਾਰਗ ਲੱਭਦਾ ਹੈ ਅਤੇ ਜਿਹੜੇ ਇਸ ਮਾਰਗ ਤੇ ਚੱਲਦੇ ਹਨ ਉਹ ਗੁਰਮੁਖ ਹਨ। ਜਿਹੜੇ ਗੁਰੂ ਦੀ ਸਿੱਖਿਆ ਨੂੰ ਧਾਰਨ ਨਹੀਂ ਕਰਦੇ ਮਨਮੱਤ ਕਰਦੇ ਹਨ, ਉਨ੍ਹਾਂ ਨੂੰ ਮਨਮੁਖ ਕਿਹਾ ਗਿਆ ਹੈ। ਗੁਰੂ ਦੇ ਦਰਵਾਜੇ ਸਾਰਿਆਂ ਲਈ ਇਕੋ ਜਿਹੇ ਖੁੱਲ੍ਹੇ ਰਹਿੰਦੇ ਹਨ, ਮਨਮੁਖ ਵੀ ਗੁਰਮੁਖ ਬਣ ਸਕਣ ਦੇ ਸਮਰੱਥ ਹਨ। ਜਿਵੇਂ ਨਾਲੀਆਂ, ਟੋਬਿਆਂ ਦਾ ਪਾਣੀ ਇਕ ਥਾਂ ਖੜ੍ਹਾ ਹੋ ਕੇ ਬਦਬੂ ਮਾਰਨ ਲੱਗਦਾ ਹੈ ਪਰ ਜਦੋਂ ਮੀਂਹ ਪੈਂਦਾ ਹੈ ਤਾਂ ਉਹੀ ਪਾਣੀ ਪਵਿੱਤਰ ਨਦੀਆਂ ਵਿਚ ਰਲ ਕੇ ਸ਼ੁੱਧ ਹੋ ਜਾਂਦਾ ਹੈ। ਏਸੇ ਪ੍ਰਕਾਰ ਗੁਰੂ ਦੇ ਦਰਸ਼ਨ ਕੀਤਿਆਂ ਮਨਮੁਖ ਵੀ ਗੁਰਮੁਖ ਬਣ ਸਕਦਾ ਹੈ ਅਤੇ ਸਭ ਤਰ੍ਹਾਂ ਦੀ ਤ੍ਰਿਸ਼ਨਾ ਦੂਰ ਹੋ ਕੇ ਉਸ ਦਾ ਮਨ ਸ਼ਾਂਤ ਹੋ ਜਾਂਦਾ ਹੈ।

**ਸਾਰੰਗ ਕੀ ਵਾਰ:** ਗੁਰੂ ਰਾਮਦਾਸ ਨੇ 'ਰਾਇ ਮਹਮੇ ਹਸਨੇ ਕੀ ਧੁਨਿ' ਤੇ ਇਸ ਵਾਰ ਦੇ ਗਾਇਨ ਦਾ ਆਦੇਸ਼ ਕੀਤਾ ਹੈ। ਮਹਮਾ ਅਤੇ ਹਸਨਾ ਕਾਂਗੜੇ ਤੇ ਧੌਲ ਦੇ ਸਰਦਾਰ ਸਨ। ਕਿਹਾ ਜਾਂਦਾ ਹੈ ਕਿ ਹਸਨੇ ਨੇ ਧੋਖੇ ਨਾਲ ਮਹਮੇ ਨੂੰ ਬਾਦਸ਼ਾਹ ਅਕਬਰ ਕੋਲ ਕੈਦ ਕਰਾ ਦਿੱਤਾ। ਮਹਮੇ ਨੇ ਬਾਦਸ਼ਾਹ ਨੂੰ ਖੁਸ਼ ਕਰ ਲਿਆ ਅਤੇ ਉਸੇ ਤੋਂ ਸਹਾਇਤਾ ਲੈ ਕੇ ਉਸ ਨੇ ਹਸਨੇ 'ਤੇ ਹਮਲਾ ਕਰ ਦਿੱਤਾ। ਇਸ ਲੜ੍ਹਾਈ ਵਿਚ ਮਹਮੇ ਦੀ ਜਿੱਤ ਹੋਈ। ਇਸੇ ਭਾਵ ਦਾ ਪ੍ਰਗਟਾਵਾ ਗੁਰੂ ਰਾਮਦਾਸ ਆਪਣੀ ਵਾਰ ਵਿਚ ਕਰਦੇ ਹਨ ਕਿ ਪਰਮਾਤਮਾ ਸਭ ਦਾ ਬਾਦਸ਼ਾਹ ਹੈ ਅਤੇ ਜਿਹੜਾ ਸੱਚ ਦੇ ਮਾਰਗ 'ਤੇ ਚੱਲਦਾ ਹੈ ਉਸ ਨੂੰ ਝੂਠ ਦੇ ਮਾਰਗ 'ਤੇ ਚੱਲਣ ਵਾਲੇ ਹਰਾ ਨਹੀਂ ਸਕਦੇ।

ਗੁਰੂ ਰਾਮਦਾਸ ਦੁਆਰਾ ਰਚਿਤ ਇਸ ਵਾਰ ਦੀਆਂ 36 ਪਉੜੀਆਂ ਅਤੇ 74 ਸਲੋਕ ਹਨ। ਪਉੜੀਆਂ ਵਿਚੋਂ 35 ਗੁਰੂ ਰਾਮਦਾਸ ਦੀਆਂ ਅਤੇ ਇਕ ਗੁਰੂ ਅਰਜਨ ਦੇਵ ਦੀ ਹੈ ਅਤੇ ਸਲੋਕਾਂ ਵਿਚੋਂ ਗੁਰੂ ਨਾਨਕ ਦੇਵ ਦੇ 33, ਗੁਰੂ ਅੰਗਦ ਦੇਵ ਦੇ 9, ਗੁਰੂ ਅਮਰਦਾਸ ਦੇ 23, ਗੁਰੂ ਰਾਮਦਾਸ ਦੇ 6 ਅਤੇ ਗੁਰੂ ਅਰਜਨ ਦੇਵ ਦੇ 3 ਸਲੋਕ ਸ਼ਾਮਲ ਹਨ। ਇਸ ਵਾਰ ਵਿਚ ਗੁਰੂ ਜੀ ਨਾਮ ਸਿਮਰਨ ਦੀ ਮਹਿਮਾ ਦਾ ਵਿਸਤਾਰ ਵਰਨਨ ਕਰਦੇ ਹਨ। ਜਿਵੇਂ ਧਰਤੀ ਤੇ ਡਿੱਗਿਆ ਹੋਇਆ ਮਨੁੱਖ ਧਰਤੀ ਦੇ ਸਹਾਰੇ ਤੋਂ ਬਗੈਰ ਖੜ੍ਹਾ ਨਹੀਂ ਹੋ ਸਕਦਾ, ਨਦੀ ਵਿਚ ਡਿੱਗਿਆ ਹੋਇਆ ਮਨੁੱਖ ਪਾਣੀ ਦੇ ਸਹਾਰੇ ਤੋਂ ਬਗੈਰ ਬਾਹਰ ਨਹੀਂ ਆ ਸਕਦਾ ਉਸੇ ਤਰ੍ਹਾਂ ਪਰਮਾਤਮਾ ਦੇ ਨਾਮ ਸਿਮਰਨ ਤੋਂ ਟੁੱਟ ਕੇ ਦੁਖੀ ਹੋ ਰਿਹਾ ਮਨੁੱਖ ਉਸ ਦੇ ਨਾਮ ਸਿਮਰਨ ਨਾਲ ਹੀ ਦੁੱਖਾਂ ਤੋਂ ਮੁਕਤ ਹੋ ਸਕਦਾ ਹੈ। ਪਰਮਾਤਮਾ ਨੇ ਜੀਵਾਂ ਦੀ ਰਚਨਾ ਕਰਕੇ ਉਨ੍ਹਾਂ ਵਿਚ ਮੋਹ-ਮਾਇਆ ਨੂੰ ਪੈਦਾ ਕੀਤਾ ਹੈ ਅਤੇ ਜਦੋਂ ਤੱਕ ਮਨੁੱਖ ਇਸ ਤੋਂ ਮੁਕਤ ਨਹੀਂ ਹੁੰਦਾ, ਦੁਖੀ ਰਹਿੰਦਾ ਹੈ। ਦੁਨੀਆ ਦੇ ਬਹੁਤ ਸਾਰੇ ਜੋਗੀਆਂ, ਸੰਨਿਆਸੀਆਂ, ਤਪੱਸਵੀਆਂ ਨੇ ਇਸ ਤੋਂ ਦੂਰ ਰਹਿਣ ਦੇ ਯਤਨ ਕੀਤੇ ਹਨ ਪਰ ਸਫਲਤਾ ਨਹੀਂ ਮਿਲੀ।

ਭਲੇ-ਬੁਰੇ ਦੀ ਪਛਾਣ ਲਈ ਪਰਮਾਤਮਾ ਨੇ ਮਨੁੱਖ ਨੂੰ ਬੁੱਧੀ ਪ੍ਰਦਾਨ ਕੀਤੀ ਹੈ। ਜਨਮ ਤੋਂ ਲੈ ਕੇ ਮਰਨ ਤੱਕ ਮਨੁੱਖ ਇਸ ਦੀ ਨਿਰੰਤਰ ਵਰਤੋਂ ਕਰਦਾ ਹੈ। ਜਿਸ ਮਨੁੱਖ ਦੀ ਬੁੱਧੀ ਭਲੇ-ਬੁਰੇ ਦੀ ਪਛਾਣ ਨਹੀਂ ਕਰ ਸਕਦੀ, ਉਸ ਨਾਲ ਕੋਈ ਗਿਲਾ ਨਹੀਂ ਕੀਤਾ ਜਾਂਦਾ। ਬੁੱਧੀ ਮਨੁੱਖ ਨੂੰ ਪ੍ਰਭੂ ਦੀ ਬਖ਼ਸ਼ਿਸ਼ ਦਾ ਪਾਤਰ ਵੀ ਬਣਾ ਦਿੰਦੀ ਹੈ ਅਤੇ ਉਸ ਤੋਂ ਦੂਰ ਵੀ ਕਰ ਦਿੰਦੀ ਹੈ। ਇਸ ਦੀ ਸੁਯੋਗ ਵਰਤੋਂ 'ਤੇ ਜ਼ੋਰ ਦਿੰਦੇ ਹੋਏ ਗੁਰੂ ਨਾਨਕ ਦੇਵ ਕਹਿੰਦੇ ਹਨ:

ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ [41]

ਬੌਧਿਕ ਪ੍ਰਕਿਰਿਆ ਤੋਂ ਅਰੰਭ ਹੋਇਆ ਜਿਗਿਆਸੀ ਦਾ ਚਿੰਤਨ ਉਸ ਨੂੰ ਅਸੀਮ ਦ੍ਰਿਸ਼ਟੀ ਦਾ ਅਹਿਸਾਸ ਕਰਾਉਂਦਾ ਹੈ ਜਿਸ ਰਾਹੀਂ ਉਹ ਦੁਨਿਆਵੀ ਤੋਂ ਦੈਵੀ ਜਗਤ ਦਾ ਮਾਰਗ ਧਾਰਨ ਕਰਦਾ ਹੈ। ਇਸ ਮਾਰਗ 'ਤੇ ਚੱਲਣ ਲਈ ਉਸ ਨੂੰ ਭਸਮ ਦਾ ਲੇਪਣ ਕਰਨ ਅਤੇ ਸੰਨਿਆਸ ਲੈਣ ਦੀ ਲੋੜ ਮਹਿਸੂਸ ਨਹੀਂ ਹੁੰਦੀ। ਉਸ ਦਾ ਮਨ ਵਿਕਾਰੀ ਹੋਣ ਦੀ ਥਾਂ ਵਿਚਾਰੀ ਜੀਵਨਜਾਚ ਗ੍ਰਹਿਣ ਕਰਦਾ ਹੋਇਆ ਸਤਿਸੰਗਤ ਵਿਚ ਆ ਕੇ ਸਤਿਗੁਰੂ ਅਨੁਸਾਰੀ ਹੋ ਜਾਂਦਾ ਹੈ। ਸਤਿਗੁਰੂ ਅਤੇ ਸਤਿਸੰਗਤ ਦੀ ਮਹਿਮਾ ਦਾ ਵਰਨਨ ਕਰਦੇ ਹੋਏ ਗੁਰੂ ਰਾਮਦਾਸ ਦੱਸਦੇ ਹਨ ਕਿ ਗੁਰੂ ਦੁਆਰਾ ਦੱਸੇ ਮਾਰਗ ਤੇ ਚੱਲ ਕੇ ਮੋਹ-ਮਾਇਆ ਤੋਂ ਮੁਕਤ ਹੋ ਸਕੀਦਾ ਹੈ। ਗੁਰੂ ਉਹ ਪਾਰਸ ਹੈ ਜਿਹੜਾ ਲੋਹੇ ਨੂੰ ਸੋਨਾ ਬਣਾ ਦਿੰਦਾ ਹੈ। ਸਤਿਸੰਗਤਿ ਵਿਚ ਗੁਰੂ ਦੀ ਸਿੱਖਿਆ ਹਾਸਲ ਕੀਤਿਆਂ ਅਗਿਆਨਤਾ ਦਾ ਹਨੇਰਾ ਦੂਰ ਹੁੰਦਾ ਹੈ ਅਤੇ ਮਨ ਪ੍ਰਭੂ-ਨਾਮ ਨਾਲ ਜੁੜਦਾ ਹੈ। [42]

**ਕਾਨੜੇ ਕੀ ਵਾਰ:** ਗੁਰੂ ਰਾਮਦਾਸ ਨੇ ਇਹ ਵਾਰ 'ਮੂਸੇ ਕੀ ਵਾਰ' ਦੀ ਧੁਨੀ 'ਤੇ ਗਾਉਣ ਦਾ ਆਦੇਸ਼ ਕੀਤਾ ਹੈ। ਮੂਸਾ ਇਕ ਦਲੇਰ ਅਤੇ ਸਦਾਚਾਰੀ ਵਿਅਕਤੀ ਹੋਇਆ ਹੈ ਜਿਸ ਦੀ ਮੰਗੇਤਰ ਇਕ ਰਾਜੇ ਨਾਲ ਵਿਆਹੀ ਗਈ ਸੀ। ਇਸ ਨੇ ਰਾਜੇ ਨਾਲ ਯੁੱਧ ਕਰ ਕੇ ਉਸ ਨੂੰ ਹਰਾ ਦਿੱਤਾ ਸੀ ਅਤੇ ਉਸ ਨੂੰ ਉਸ ਦੀ ਪਤਨੀ ਸਮੇਤ ਕੈਦ ਕਰ ਲਿਆ ਸੀ। ਮੂਸੇ ਨੇ ਕੈਦ ਕੀਤੀ ਇਸਤਰੀ ਤੋਂ ਮਨ ਦੀ ਇੱਛਾ ਦਾ ਪਤਾ ਕੀਤਾ ਕਿ ਉਹ ਕਿਸ ਨਾਲ ਰਹਿਣਾ ਚਾਹੁੰਦੀ ਹੈ ਤਾਂ ਇਸਤਰੀ ਨੇ ਰਾਜੇ ਨਾਲ ਵਿਆਹ ਹੋ ਜਾਣ ਕਰ ਕੇ ਉਸੇ ਨਾਲ ਰਹਿਣ ਦੀ ਇੱਛਾ ਪ੍ਰਗਟ ਜ਼ਾਹਿਰ ਕੀਤੀ। ਮੂਸੇ ਨੇ ਦੋਵਾਂ ਨੂੰ ਛੱਡ ਦਿਤਾ। ਢਾਢੀ ਮੂਸੇ ਦੀ ਦਲੇਰੀ ਅਤੇ ਸਦਾਚਾਰ ਭਰਪੂਰ ਵਾਰ ਦਾ ਗਾਇਨ ਕਰਦੇ ਹਨ ਉਸੇ ਵਾਰ ਦੀ ਧੁਨੀ ਤੇ ਇਸ ਵਾਰ ਨੂੰ ਗਾਉਣ ਦਾ ਆਦੇਸ਼ ਕੀਤਾ ਗਿਆ ਹੈ।



ਗੁਰੂ ਰਾਮਦਾਸ ਦੁਆਰਾ ਰਚਿਤ 15 ਪਉੜੀਆਂ ਅਤੇ 30 ਸਲੋਕਾਂ ਵਾਲੀ ਇਸ ਵਾਰ ਵਿਚ ਗੁਰੂ ਜੀ ਪਰਮਾਤਮਾ ਨੂੰ 'ਜਲਿ ਥਲਿ ਮਹੀਅਲਿ ਪੂਰਨੋ ਅਪਰੰਪਰ ਸੋਈ' ਮੰਨਦੇ ਹੋਏ ਕਹਿੰਦੇ ਹਨ ਕਿ ਉਹੀ ਸਭ ਜੀਵਾਂ ਦੀ ਪਾਲਣਾ ਕਰਦਾ ਹੈ, ਉਸ ਤੋਂ ਬਗੈਰ ਦੁਨੀਆ 'ਤੇ ਕੋਈ ਸੱਚਾ ਕੁਟੰਬੀ ਨਹੀਂ, ਉਸ ਦੇ ਨਾਮ ਸਿਮਰਨ ਨਾਲ 'ਜਨਮ ਜਨਮ ਕੀ ਮਲੁ' ਉਤਰ ਜਾਂਦੀ ਹੈ ਅਤੇ ਮਨ ਇੱਛਿਤ ਫਲ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਦੇ ਰਾਹੀਂ ਅਜਿਹੇ ਪ੍ਰਭੂ ਦਾ ਗੁਣਗਾਣ ਕਰਨ ਨਾਲ ਆਵਾਗਉਣ ਮਿਟ ਜਾਂਦਾ ਹੈ ਅਤੇ ਸਭ ਸੰਗੀ-ਸਾਥੀ ਅਤੇ ਕੁਟੰਬੀ ਸੰਸਾਰ ਸਾਗਰ ਤੋਂ ਪਾਰ ਹੋ ਜਾਂਦੇ ਹਨ।

**ਹਵਾਲੇ:**

1. ਖਵਿ ਕਲੁ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1396.
2. *Gurdwara Janam Asthan Ram Das* in Chuna Mandi area stands at the site of Guru Ram Das's ancestral home and birth place. It is a double-storey square building with a marbled courtyard in front. The ground flour hall has single door. Its panelled facade is covered with white marble. The facade of the floor comprising an all-round gallery has a balcony with three windows in the centre and oriel window on either side. The interior of the hall on the ground floor is paved with hexagonal marble tiles in black and white. The marbled sanctum used to be in the middle of the hall. Gurmukh Singh, *Historical Sikh Shrines*, p. 63.
3. ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ ॥
   ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1400.
4. ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਭਾਗ ਪਹਿਲਾ, ਪੰਨਾ 364.
5. ਉਹੀ, ਪੰਨਾ 362.
6. ਏਕ ਬੇਰ ਗੁਰੂ ਰਾਮਦਾਸ ਜੀ ਅਰੁ ਸਿਰੀ ਚੰਦ ਜੀ ਕਾ ਆਪਸ ਮੇਂ ਮੇਲਾ ਪਿਆ। ਜਬ ਆਪਸ ਮਹਿ ਮਿਲੇ ਤਬ ਸਹਿਜ ਸੁਭਾਇ ਸਿਰੀ ਚੰਦ ਜੀ ਕੇ ਮੁਖ ਸਿਉਂ ਇਹੋ ਬਚਨ ਨਿਕਸਿਆ, 'ਜੋ ਗੁਰੂ ਜੀ ਤੁਮਹੁ ਨੇ ਦਾੜੀ ਤੋਨ ਬਡੀ ਬਧਾਈ ਹੈ। ਤਾਂ ਗੁਰੂ ਰਾਮਦਾਸ ਜੀ ਕਹਿਆ ਜੋ

ਮੇਹਰਵਾਨ ਦਾਹੜੀ ਜੋ ਬਧਾਈ ਹੈ ਸੋ ਤੁਮਰੇ ਚਰਨ ਝਾੜਨ ਕਉ ਬਧਾਈ ਹੈ।' ਪਰਚੀਆਂ ਸੇਵਾ ਦਾਸ, ਸੰਪਾਦਕ ਪ੍ਰੋ. ਹਰੀ ਸਿੰਘ, ਸੋਧਕ ਡਾ. ਗੰਡਾ ਸਿੰਘ, ਸਾਖੀਆਂ ਚੌਥੇ ਮਹਿਲ ਕੀਆ, ਪੰਨਾ 67.

7. ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 40.
8. ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ॥
ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ॥
ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 923-24.
9. ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1405.
10. ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ ਜਨ ਕੀਅਉ ਪ੍ਰਗਾਸ॥ ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ॥ ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾਸ॥ ਸਭ ਬਿਧਿ ਮਾਨ੍ਿਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥ ਗੁਰੂ ਗ੍ਰੰਥ ਸਾਹਿਬ, ਪੰਨਾ 1399; ਗੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ॥ ਵਾਰਾਂ ਭਾਈ ਗੁਰਦਾਸ, ਵਾਰ 24.25; ਗੁਰੁ ਰਾਮਦਾਸ ਚਉਥੇ ਪਰਗਾਸਾ॥ ਜਿਨਿ ਰਟੇ ਨਿਰੰਜਨ ਪ੍ਰਭੁ ਅਬਿਨਾਸਾ॥ ਵਾਰਾਂ ਭਾਈ ਗੁਰਦਾਸ, ਵਾਰ 41.21
11. ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ॥
ਵਾਰਾਂ ਭਾਈ ਗੁਰਦਾਸ, ਵਾਰ 1.47
12. ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਭਾਗ ਪਹਿਲਾ, ਪੰਨਾ 368.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1362.
14. ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥



ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥
15. ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਭਾਗ ਪਹਿਲਾ, ਪੰਨਾ 370.
16. ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1406
17. ਗੁਰੂ ਗ੍ਰੰਥ ਸਾਹਿਬ, ਪੰਨਾ 1406.
18. ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਉ॥
ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਉ॥
ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ॥
ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1406.
19. ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1070.
20. ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਭਾਗ ਪਹਿਲਾ, ਪੰਨਾ 377.
21. ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 982);
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 442.
22. ਮੀਣਾ ਹੋਆ ਪਿਰਥੀਆ ਕਰਿ ਕਰਿ ਟੇਢਕ ਬਰਲੁ ਚਲਾਇਆ॥
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਪੁਤਾਂ ਭਉਕਾਇਆ॥
ਚੰਦਨ ਵਾਸੁ ਨ ਵਾਸ ਬੋਹਾਇਆ॥
ਵਾਰਾਂ ਭਾਈ ਗੁਰਦਾਸ, ਵਾਰ 26.33
23. ਕਾਟੇ ਸੁ ਪਾਪ ਤਿਨ੍ਹ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ॥
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1409.
24. ਸਨਮੁਖ ਭਾਈ ਤੀਰਥਾ ਸਭਰਵਾਲ ਸਭੇ ਸਿਰਦਾਰਾ॥
ਪੂਰੋ ਮਾਣਕ ਚੰਦੁ ਹੈ ਬਿਸਨਦਾਸੁ ਪਰਵਾਰ ਸਧਾਰਾ॥

ਪੁਰਖੁ ਪਦਾਰਥ ਜਾਣੀਐ ਤਾਰੂ ਭਾਰੂ ਦਾਸੁ ਦੁਆਰਾ ॥
ਮਹਾਂ ਪੁਰਖੁ ਹੈ ਮਹਾਂ ਨੰਦੁ ਬਿਧੀ ਚੰਦ ਬੁਧਿ ਬਿਮਲ ਵੀਚਾਰਾ ॥
ਬਰ੍ਹਮ ਦਾਸੁ ਹੈ ਖੋਟੜਾ ਡੂੰਗਰ ਦਾਸੁ ਭਲੇ ਤਕਿਆਰਾ ॥
ਦੀਪਾ ਜੇਠਾ ਤੀਰਥਾ ਸੈਸਾਰੂ ਬੂਲਾ ਸਚਿਆਰਾ ॥
ਮਾਈਆ ਜਾਪਾ ਜਾਣੀਅਨਿ ਨਈਆ ਖੁਲਰ ਗੁਰੂ ਪਿਆਰਾ ॥
ਤੁਲਸਾ ਵਹੁਰਾ ਜਾਣੀਐ ਗੁਰ ਉਪਦੇਸ ਅਵੇਸ ਅਚਾਰਾ ॥
ਸਤਿਗੁਰ ਸਚੁ ਸਵਾਰਣ ਹਾਰਾ ॥
ਵਾਰਾਂ ਭਾਈ ਗੁਰਦਾਸ, ਵਾਰ 11, ਪਉੜੀ 17.

25. ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1069.
26. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1071.
27. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 234.
28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 235.
29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 575.
30. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 82.
31. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 89.
32. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 89.
33. ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ ॥
ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 307.
34. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 555.
35. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 550.
36. ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥
ਸਹਜੇ ਹੀ ਹਰਿ ਨਾਮੁ ਲੇਹੁ ਹਰਿ ਤਤੁ ਨ ਖੋਈਐ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 587.
37. ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ
ਜਨ ਨਾਨਕ ਗੁਰਮੁਖਿ ਹਰਿ ਲਹੀਐ ॥



ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 594.
38. ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 644.
39. ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ ॥
ਘਰ ਮੰਦਰ ਮਹਲ ਸਵਾਰੀਅਹਿ ਕਿਛੁ ਸਾਥਿ ਨ ਜਾਈ ॥
ਹਰ ਰੰਗੀ ਤੁਰੇ ਨਿਤ ਪਾਲੀਅਹਿ ਕਿਤੈ ਕਾਮਿ ਨ ਆਈ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 648.
40. ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 650.
41. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1245.
42. ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥
ਗੁਰ ਪਰਸਾਦੀ ਘਟਿ ਚਾਨਣਾ ਆਨ੍ਹੇਰੁ ਗਵਾਇਆ ॥
ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ ॥
ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ ਮਿਲਿ ਨਾਮੁ ਧਿਆਇਆ ॥
ਜਿਨ੍ਹ ਕੈ ਪੋਤੈ ਪੁੰਨੁ ਹੈ ਤਿਨਹੀ ਦਰਸਨੁ ਪਾਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 650.

# ਸਤਿਗੁਰਿ ਖੇਮਾ ਤਾਣਿਆ

ਡਾ. ਗੁਲਜ਼ਾਰ ਸਿੰਘ ਕੰਗ*

*

ਗੁਰੂ ਦੀ ਅਜ਼ਮਤ ਨੂੰ ਜਿਨ੍ਹਾਂ ਗੁਰਸਿੱਖਾਂ ਨੇ ਪਛਾਣਿਆ, ਪਰਿਭਾਸ਼ਿਤ ਕੀਤਾ ਅਤੇ ਇਸ

ਦੀ ਸਿਧਾਂਤਗਤ ਵਿਆਖਿਆ ਕੀਤੀ ਹੈ, ਉਹਨਾਂ ਵਿਚ ਭਾਈ ਗੁਰਦਾਸ, ਭਾਈ ਸੱਤਾ-ਬਲਵੰਡ ਅਤੇ ਫਿਰ ਭੱਟ ਬਾਣੀਕਾਰ ਆਉਂਦੇ ਹਨ। ਇਸ ਨਿਰੰਤਰਤਾ ਨੂੰ ਅੱਗੇ ਤੋਰਨ ਵਾਲੇ ਭਾਈ ਨੰਦ ਲਾਲ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਮਹਿਮਾ ਵਿਚ ਭੱਟ ਬਾਣੀਕਾਰਾਂ ਨੇ ਕੁੱਲ 123 ਸਵੱਈਏ ਰਚੇ ਹਨ, ਜਿਨ੍ਹਾਂ ਵਿਚੋਂ ਅੱਧੇ ਦੇ ਲਗਪਗ (60) ਚਉਥੇ ਪਾਤਸ਼ਾਹ ਗੁਰੂ ਰਾਮਦਾਸ ਦੀ ਮਹਿਮਾ ਵਿਚ ਸੱਤ ਭੱਟਾਂ (ਕਲਸਹਾਰ/ਕਲ੍ਯ, ਨਲ੍ਯ, ਗਯੰਦ, ਮਥਰਾ, ਬਲ੍ਯ, ਕੀਰਤ ਅਤੇ ਸਲ੍ਯ) ਨੇ ਉਚਾਰਣ ਕੀਤੇ ਹਨ। ਇਹ ਭੱਟ ਗੁਰੂ ਜੋਤਿ ਦੀ ਨਿਰੰਤਰਤਾ ਵਿਚ ਗੁਰੂ ਰਾਮਦਾਸ ਦੇ ਗੁਰੂ-ਵਿਅਕਤਿਤਵ ਦੀ ਮਹਿਮਾ ਕਿਵੇਂ ਕਰਦੇ ਹਨ, ਉਸ ਨੂੰ ਹੱਥਲੇ ਪੇਪਰ ਵਿਚ 'ਸਵੱਈਏ ਮਹਲੇ ਚਉਥੇ ਕੇ' ਦੇ ਹਵਾਲੇ ਨਾਲ ਬਿਆਨ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਕਿ ਭੱਟ ਬਾਣੀ ਵਿਚ ਹੋਈ ਗੁਰੂ ਰਾਮਦਾਸ ਦੀ ਮਹਿਮਾ ਦੀ ਗੱਲ ਕੀਤੀ ਜਾਵੇ ਸਾਨੂੰ ਇਸ ਲੇਖ ਦੇ ਸਿਰਲੇਖ 'ਸਤਿਗੁਰਿ ਖੇਮਾ ਤਾਣਿਆ' ਬਾਰੇ ਵੀ ਵਿਚਾਰ ਕਰ ਲੈਣੀ ਚਾਹੀਦੀ ਹੈ। ਸਤਿਗੁਰ ਦਾ ਤਾਣਿਆ ਹੋਇਆ ਖੇਮਾ (ਤੰਬੂ) ਕਾਲਗਤ (ਦੇਸ-ਕਾਲ) ਦੇ ਇਤਿਹਾਸਕ ਧਰਾਤਲ ਉਪਰ ਤਣਿਆ ਹੋਇਆ ਨਹੀਂ, ਸਗੋਂ ਭੱਟ ਕਲਸਹਾਰ ਦੀ ਉੱਚੀ-ਸੁਰਤਿ ਇਸ ਨੂੰ ਦੈਵੀ ਤੰਬੂ ਦੇ ਰੂਪ ਵਿਚ ਨਿਹਾਰਦੀ ਹੈ, ਜਿਸ ਦੀ ਛਾਂ ਹੇਠ ਜੁਗਾਂ-ਜੁਗਾਂ ਦੀਆਂ ਜੁੜੀਆਂ ਸੰਗਤਾਂ ਆਪਣੀ ਰੂਹ ਦੀ ਪਹਿਚਾਣ ਕਰ ਰਹੀਆਂ ਹਨ। ਇਹ ਤੰਬੂ ਗੁਰੂ ਦੀ ਅਸੀਮ ਬਖ਼ਸ਼ਿਸ਼ ਦਾ ਨਜ਼ਾਰਾ ਪੇਸ਼ ਕਰਦਾ ਹੈ। ਇਸ ਦਾ ਗਿਆਨ ਰੂਪੀ ਨੇਜਾ (ਚੋਭ) ਨਾਮ ਦੇ ਸਹਾਰੇ ਖੜਾ ਹੈ, ਜਿਸ ਦੀ ਛਤਰ-ਛਾਇਆ ਭਗਤ ਜਨ ਮਾਣਦੇ ਹਨ। ਇਸ ਦੈਵੀ ਖੇਮੇ ਹੇਠ ਹੀ ਜੁਗਾਂ-ਜੁਗਾਂ ਤੋਂ ਚੁਰਾਸੀ ਦੇ ਗੇੜ ਵਿਚ ਭਰਮਦੇ-ਭਟਕਦੇ ਭੱਟ ਜਦ ਇਸ ਜਨਮ ਵਿਚ ਆਪਣੀ ਆਤਮਿਕ ਪਿਆਸ ਬੁਝਾਉਣ ਲਈ ਗੁਰੂ ਸ਼ਰਨ ਵਿਚ ਆਉਂਦੇ ਹਨ ਤਾਂ ਗੁਰੂ ਸਾਹਿਬਾਨ ਨੇ ਆਪਣੀ ਅਪਾਰ ਕਿਰਪਾ ਦ੍ਰਿਸ਼ਟੀ ਨਾਲ ਉਹਨਾਂ ਦਾ ਉਧਾਰ ਹੀ ਨਹੀਂ ਕੀਤਾ, ਸਗੋਂ ਆਪਣੀ ਨਦਰਿ-ਕਰਮ ਦਾ ਕ੍ਰਿਸ਼ਮਾ ਵਰਤਾ ਕੇ ਉਹਨਾਂ ਦੇ ਮੁੱਖ ਤੋਂ ਅੰਮ੍ਰਿਤ ਬਾਣੀ ਦਾ ਪ੍ਰਵਾਹ ਵੀ ਚਲਾਇਆ।

ਭੱਟ ਬਾਣੀ ਦਾ ਮੂਲ ਵਿਸ਼ਾ ਹੀ ਗੁਰੂ-ਮਹਿਮਾ ਹੈ ਅਤੇ ਇਸੇ ਮਹਿਮਾ ਅਧੀਨ ਗੁਰੂ ਜੋਤਿ ਦਾ ਸਿਧਾਂਤਗਤ ਅਤੇ ਸੰਸਥਾਗਤ ਪਰਿਪੇਖ ਉਜਾਗਰ ਹੋਇਆ ਹੈ। ਭੱਟਾਂ ਨੇ ਜਿਥੇ ਗੁਰੂ ਨੂੰ 'ਪਰਤੱਖ ਹਰਿ' ਤਸੱਵੁਰ ਕੀਤਾ ਹੈ, ਉਥੇ ਗੁਰੂ-ਵਿਅਕਤਿਤਵ ਦਾ ਬਿਆਨ ਕਰਦੇ ਹੋਏ 'ਗੁਰੂ-ਭਗਤੀ', 'ਗੁਰੂ-ਬਖ਼ਸ਼ਿਸ਼', 'ਨਾਮ-ਮਹਿਮਾ' ਅਤੇ 'ਗੁਰੂ-ਦਰਸ਼ਨ' ਆਦਿ ਦੀਆਂ ਅਨੇਕਾਂ ਪਰਤਾਂ ਵੀ ਖੋਲ੍ਹੀਆਂ ਹਨ। ਆਮ ਕਰਕੇ ਅਸੀਂ ਸ਼ਬਦ ਨੂੰ ਮਾਨਵੀ ਕਿਰਤ ਅਤੇ ਗੁਰੂ ਨੂੰ ਆਪਣੇ ਵਰਗਾ ਬੰਦਾ ਸਮਝਣ ਦੀ ਭੁੱਲ ਕਰ ਬੈਠਦੇ ਹਾਂ। ਭੱਟਾਂ ਨੇ ਗੁਰੂ ਜੋਤਿ ਦੇ ਸਿਧਾਂਤਗਤ ਪਰਿਪੇਖ ਨੂੰ



ਸਾਹਮਣੇ ਲਿਆਉਂਦੇ ਹੋਏ ਇਹ ਸਪੱਸ਼ਟ ਕੀਤਾ ਹੈ ਕਿ ਗੁਰੂ ਜੋਤਿ ਜਦ ਇਕ ਗੁਰੂ ਤੋਂ ਅੱਗੇ ਦੂਜੇ ਗੁਰੂ ਤੱਕ ਆਪਣੀ ਕਰਤਾਰੀ ਜੁਗਤਿ ਰਾਹੀਂ ਤਬਦੀਲ ਹੁੰਦੀ ਹੈ ਤਾਂ ਇਹ ਦੇਹ ਦੇ ਬੰਧਨਾਂ ਵਿਚ ਹੁੰਦੀ ਹੋਈ ਵੀ ਸ਼ਬਦ-ਸਰੂਪ ਹੁੰਦੀ ਹੈ। ਗੁਰੂ ਸ਼ਬਦ ਦਾ ਲੰਗਰ ਚਲਦਾ ਰੱਖਣ ਲਈ ਗੁਰਗੱਦੀ ਦਾ ਸਿਲਸਿਲਾ ਚੱਲਦਾ ਰਿਹਾ, ਜਿਸ ਨਾਲ ਗੁਰੂ ਦਾ ਇਹ ਅਬਿਨਾਸ਼ੀ ਸਿਧਾਂਤ ਸੰਸਥਾਗਤ ਰੂਪ ਧਾਰਨ ਕਰਦਾ ਹੈ। ਭੱਟਾਂ ਨੇ ਜਿਸ ਵੀ ਗੁਰੂ ਸਾਹਿਬਾਨ ਦੀ ਮਹਿਮਾ ਗਾਈ ਹੈ, ਉਹ 'ਨਾਨਕ-ਜੋਤਿ' ਦੇ ਵਰਤਾਰੇ ਦੀ ਮਹਿਮਾ ਹੈ। ਇਵੇਂ ਗੁਰੂ ਪਦ ਦੇ ਇਸ ਸੰਸਥਾਗਤ ਪਰਿਪੇਖ ਦਾ ਅਧਾਰ 'ਗੁਰੂ-ਜੋਤਿ' ਦਾ ਸਿਧਾਂਤ ਹੈ। ਇਹ ਸਾਰੀ ਗੱਲ ਇਸ ਕਰ ਕੇ ਕੀਤੀ ਗਈ ਹੈ ਕਿ ਅਸੀਂ ਅਸਾਨੀ ਨਾਲ ਸਮਝ ਸਕੀਏ ਕਿ ਗੁਰੂ ਰਾਮਦਾਸ ਦੇ ਵਿਅਕਤਿਤਵ ਦੀ ਗੱਲ ਭੱਟ 'ਸਵੱਈਏ ਮਹਲੇ ਚਉਥੇ ਕੇ' ਅਧੀਨ ਜਦ ਕਰਦੇ ਹਨ ਤਾਂ ਉਹ ਗੁਰੂ ਵਿਅਕਤਿਤਵ ਨੂੰ ਇਤਿਹਾਸਕ ਪੱਖ ਤੋਂ ਨਹੀਂ ਲੈਂਦੇ ਸਗੋਂ ਗੁਰੂ-ਜੋਤਿ ਦੀ ਨਿਰੰਤਰਤਾ ਵਿਚ ਨਿਹਾਰਦੇ ਹੋਏ ਗੁਰੂ ਦੀ ਦੈਵੀ ਮਹਿਮਾ ਗਾਇਣ ਕਰਦੇ ਗੁਰੂ ਨੂੰ ਪਰਮੇਸ਼ਰ ਰੂਪ ਵਿਚ ਲੈਂਦੇ ਹਨ। ਪਰਮਾਤਮਾ ਨੂੰ ਗੁਰੂ ਰੂਪ ਵਿਚ ਵੇਖਣ ਦੀ ਇਸ ਪਹਿਲ ਕਦਮੀ ਕਰਕੇ ਹੀ ਭੱਟਾਂ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਬਣਦੀ ਹੈ ਕਿਉਂਕਿ ਇਹ 'ਗੁਰ ਪਰਮੇਸਰ ਏਕੋ ਜਾਣ' ਦੀ ਗੁਰੂ ਧਾਰਨਾ ਦਾ ਅਨੁਸਰਣ ਕਰਦੀ ਹੈ। ਗਯੰਦ ਭੱਟ ਜਦ ਗੁਰੂ ਰਾਮਦਾਸ ਨੂੰ 'ਸਤਿਗੁਰੂ' ਅਤੇ 'ਵਾਹਿਗੁਰੂ' ਦੇ ਰੂਪ ਵਿਚ ਬਿਆਨ ਕਰਦੇ ਹਨ ਤਾਂ ਉਸ ਵੇਲੇ ਜੁਗਾਂ ਦੇ ਪਾੜੇ ਮਿਟ ਜਾਂਦੇ ਹਨ ਅਤੇ ਗੁਰੂ-ਜੋਤਿ ਕਾਲਗਤ ਅਤੇ ਸਥਾਨਗਤ ਇਤਿਹਾਸਕ ਬੰਧਨਾਂ ਤੋਂ ਮੁਕਤ ਹੋ ਕੇ ਪਰਮ-ਜੋਤਿ ਦੇ ਰੂਪ ਵਿਚ ਉਸ ਦੇ ਸਨਮੁਖ ਵਿਚਰਦੀ ਅਨੁਭਵ ਹੁੰਦੀ ਹੈ:

I. ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥
ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥
ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥
ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ ਈਸੁ ਬੰਮ੍ਯ੍ਯ ਗ੍ਯ੍ਯਾਨੁ ਧ੍ਯ੍ਯਾਨੁ ਧਰਤ ਹੀਐ ਚਾਹਿ ਜੀਉ ॥
ਸਤਿ ਸਾਚਿ ਸ੍ਰੀ ਨਿਵਾਸ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ [1]

II. ਸਤਿਗੁਰੂ ਸਤਿਗੁਰੂ ਸਤਿਗੁਰੂ ਗੁਬਿੰਦ ਜੀਉ ॥
ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ਹ ਕੁਆਰ ਨਿਹਕਲੰਕ ਬਾਜੀ ਡੰਕ

*ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਚਾਤ੍ਰੂ ਦਲ ਰਵਿੰਦ ਜੀਉ ॥

ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਜ ਮੁਖ ਫਨਿੰਦ ਜੀਉ ॥ [2]

ਇਹਨਾਂ ਉਪਰੋਕਤ ਸਵਈਆਂ ਵਿਚ ਭੱਟ ਬਾਣੀਕਾਰ ਦੀ ਮਹਿਮਾ ਦਾ ਸਾਖਸ਼ਾਤ ਰੂਪ ਗੁਰੂ ਰਾਮਦਾਸ ਹਨ ਪਰ ਉਨ੍ਹਾਂ ਦੇ ਸਨਮੁਖ ਗੁਰੂ ਰਾਮਦਾਸ ਦਾ ਦੇਹ ਸਰੂਪ ਇਤਿਹਾਸਗਤਤਾ (time and space) ਤੋਂ ਵਿਮੁਕਤ ਹੋ ਕੇ ਵਾਹਿਗੁਰੂ ਦੇ ਵਿਰਾਟ ਰੂਪ (absolute spirit) ਵਜੋਂ ਅਨੁਭੂਤ ਹੁੰਦਾ ਹੈ। ਇਥੇ ਸਰਗੁਣ ਅਤੇ ਨਿਰਗੁਣ ਦਾ ਅੰਤਰ ਮਿਟ ਜਾਂਦਾ ਹੈ।

ਕਲਸਹਾਰ ਭੱਟ ਗੁਰੂ ਰਾਮਦਾਸ ਨੂੰ ਅਨੇਕਾਂ ਵਿਸ਼ੇਸ਼ਣਾਂ ਦੁਆਰਾ ਸੰਬੋਧਿਤ ਕਰਦਾ ਹੈ। ਇਹ ਸਾਰੇ ਸੰਬੋਧਨ ਗੁਰੂ ਸਾਹਿਬ ਦੇ ਅੰਤਰੀਵ ਗੁਣਾਂ, ਸੁਭਾਅ ਅਤੇ ਆਤਮਿਕ ਅਵਸਥਾ ਨੂੰ ਪ੍ਰਗਟ ਕਰਦੇ ਹਨ। ਉਹ ਜਿਥੇ ਗੁਰੂ ਜੀ ਨੂੰ ਅਪਾਰ, ਅਦ੍ਰਿਸ਼ਟ, ਅਵਿਅਕਤ ਅਤੇ ਅਗੋਚਰ ਵਾਲੇ ਅਸੀਮ ਅਤੇ ਕਥੇ ਨਾ ਜਾ ਸਕਣ ਵਾਲੇ ਗੁਣਾਂ ਵਾਲੇ ਦੱਸਦਾ ਹੈ, ਉਥੇ ਉਨ੍ਹਾਂ ਨੂੰ ਅੰਮ੍ਰਿਤ ਸਰੋਵਰ, ਸੁਖ ਸਾਗਰ ਦੇ ਰੂਪ ਵਿਚ ਵੀ ਵੇਖਦਾ ਹੈ। ਇਤਿਹਾਸਕ ਅੰਤਰਦ੍ਰਿਸ਼ਟੀ ਰੱਖਣ ਵਾਲੇ ਵਿਦਵਾਨ ਅੰਮ੍ਰਿਤ ਸਰੋਵਰ ਦੀ ਵਿਸ਼ੇਸ਼ਤਾ ਨੂੰ ਰਾਮਦਾਸਪੁਰੇ (ਅਜੋਕਾ ਨਾਮ ਅੰਮ੍ਰਿਤਸਰ) ਵਿਖੇ ਖੁਦਵਾਏ ਜਾ ਰਹੇ ਅੰਮ੍ਰਿਤ ਸਰੋਵਰ ਨਾਲ ਜੋੜ ਕੇ ਵੇਖਦੇ ਹਨ। 'ਸਤਿਗੁਰਿ ਖੇਮਾ ਤਾਣਿਆ' ਨੂੰ ਵੀ ਇਸੇ ਪ੍ਰਸੰਗ ਨਾਲ ਜੋੜ ਕੇ ਇਹ ਕਹਿੰਦੇ ਹਨ ਕਿ ਜਦ ਗੁਰੂ ਜੀ ਸਰੋਵਰ ਦੀ ਖੁਦਵਾਈ ਕਰਵਾ ਰਹੇ ਸਨ ਤਾਂ ਉਨ੍ਹਾਂ ਨੇ ਇਥੇ ਤੰਬੂ ਤਾਣਿਆ ਹੋਇਆ ਸੀ। ਇਹਨਾਂ ਬਾਹਰਮੁਖੀ ਹਵਾਲਿਆਂ ਨੂੰ ਭੱਟ ਬਾਣੀ ਅੰਤਰਮੁਖਤਾ ਨਾਲ ਜੋੜ ਕੇ ਨਿਹਾਰਦੀ ਹੈ। ਕਲ੍ਯ ਭੱਟ ਕਹਿੰਦਾ ਹੈ ਕਿ ਠਾਕੁਰ ਹਰਦਾਸ ਦਾ ਸਪੁੱਤਰ ਗੁਰੂ ਰਾਮਦਾਸ ਹਿਰਦੇ ਰੂਪੀ ਖਾਲੀ ਸਰੋਵਰਾਂ ਨੂੰ ਨਾਮ ਅੰਮ੍ਰਿਤ ਨਾਲ ਭਰਨ ਵਾਲੇ ਸਨ। ਦੂਜਾ ਗੁਰੂ ਰਾਮਦਾਸ ਅੰਮ੍ਰਿਤ ਨਾਮ ਦਾ ਸਰੋਵਰ ਹਨ ਜੋ ਸਦਾ ਭਰਿਆ ਰਹਿੰਦਾ ਹੈ। ਸੰਤ ਜਨ ਜਿਨ੍ਹਾਂ ਪੂਰਬਲੇ ਜਨਮਾਂ ਵਿਚ ਸੇਵਾ ਕੀਤੀ ਸੀ, ਇਸ ਨੂੰ ਪੀ ਕੇ ਅੰਤਰ-ਆਤਮੇ ਦੇ ਇਸ਼ਨਾਨ ਕਰਦੇ ਹਨ:

ਛੁਟਤ ਪਰਵਾਹ ਅਮਿਅ ਅਮਰਾ ਪਦ ਅੰਮ੍ਰਿਤ ਸਰੋਵਰ ਸਦ ਭਰਿਆ ॥
ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪੁਬ ਜਿਨਹੁ ਸੇਵਾ ਕਰੀਆ ॥
ਤਿਨ ਭਉ ਨਿਵਾਰਿ ਅਨਭੈ ਪਦੁ ਦੀਨਾ ਸਬਦ ਮਾਤ੍ਰ ਤੇ ਉਧਰ ਧਰੇ ॥
ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥ [3]

ਵਿਸਮਾਦ ਵਿਚ ਆਇਆ ਕਲ੍ਯ ਭੱਟ ਗੁਰੂ ਰਾਮਦਾਸ ਨੂੰ ਕਦੇ ਸੰਤੋਖ ਦਾ ਸਰੋਵਰ, ਕਦੇ ਸੁਖ-ਸਾਗਰ ਅਤੇ ਕਦੇ ਸਤੁ, ਸੀਲ, ਸੰਜਮ ਦੇ ਗੁਣਾਂ ਦਾ ਧਾਰਨੀ ਤੇ ਕਦੇ ਨਾਮ ਦੇ ਖਜਾਨੇ ਦਾ ਮਾਲਕ ਦੱਸਦਾ ਹੈ ਜੋ ਪ੍ਰਭੂ ਮਾਰਗ ਤੇ ਨਿਰੰਤਰ ਚੱਲਦਾ ਹੋਇਆ ਨਾ ਅੱਕਦਾ ਹੈ, ਨਾ ਥੱਕਦਾ ਹੈ:



ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥
ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ ॥
ਸੁਖ ਸਾਗਰੁ ਪਾਇਅਉ ਦਿਤੰ ਹਰਿ ਮਗਿ ਨ ਹੁਟੈ ॥
ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥

. . . . . . . . . . . . . . . . .

ਨਵਨਿਧਿ ਨਾਮੁ ਨਿਧਾਨੁ ਰਿਧਿ ਸਿਧਿ ਤਾ ਕੀ ਦਾਸੀ ॥
ਸਹਜ ਸਰੋਵਰੁ ਮਿਲਿਓ ਪੁਰਖੁ ਭੇਟਿਓ ਅਬਿਨਾਸੀ ॥ [4]

ਗੁਰੂ ਰਾਮਦਾਸ ਨੇ ਦੈਵੀ ਗੁਣਾਂ ਨੂੰ ਗ੍ਰਹਿਣ ਕਿਵੇਂ ਕੀਤਾ, ਇਸ ਬਾਰੇ ਵੀ ਕਲ੍ਯ ਭੱਟ ਬਿਆਨ ਕਰਦੇ ਹਨ। ਆਪ ਸਮਝਦੇ ਹਨ ਕਿ ਗੁਰੂ ਅਮਰਦਾਸ ਦੀ ਉੱਚ ਆਤਮਿਕ ਅਵਸਥਾ ਦੀ ਪਾਰਸ ਛੋਹ ਜਿਸ ਨੂੰ ਵੀ ਪ੍ਰਾਪਤ ਹੋਈ, ਉਸ ਦੀ ਆਤਮਾ ਸ਼ੁੱਧ ਸੋਨਾ ਬਣ ਕੇ ਸਹਿਜ ਘਰ ਦੇ ਨਿਵਾਸ ਵਿਚ ਆ ਗਈ।[5] ਗੁਰੂ ਰਾਮਦਾਸ ਦੀ ਸਹਜ ਪ੍ਰਾਪਤੀ ਵਿਚ ਪਹਿਲੇ ਤਿੰਨਾਂ ਗੁਰੂ ਸਾਹਿਬਾਨਾਂ ਦੀ ਦਇਆ-ਮਿਹਰ ਕੰਮ ਕਰਦੀ ਹੈ। ਇਸ ਆਤਮਿਕ ਪਰਵਸ਼ ਨੂੰ ਕਲ੍ਯ ਭੱਟ ਉੱਚੀ ਮਤਿ ਰੂਪੀ ਮਾਤਾ ਅਤੇ ਸੰਤੋਖ ਰੂਪੀ ਪਿਤਾ ਦੀ ਛਤਰ-ਛਾਇਆ ਤਸੱਵੁਰ ਕਰਦਾ ਹੈ।[6] ਆਤਮਾ ਦੀ ਸ਼ੁੱਧਤਾ ਰਾਹੀਂ ਪੈਦਾ ਹੋਈ ਸਹਿਜ ਅਵਸਥਾ ਕਰਕੇ ਹੀ ਗੁਰੂ ਰਾਮਦਾਸ ਸ਼ਾਂਤੀ ਅਤੇ ਅਡੋਲਤਾ ਦੇ ਸਰੋਵਰ ਵਜੋਂ ਪ੍ਰਗਟ ਹੁੰਦੇ ਹਨ:

ਅਜੋਨੀਉ ਭਲ੍ਯ ਅਮਲੁ ਸਤਿਗੁਰ ਸੰਗਿ ਨਿਵਾਸੁ ॥
ਗੁਰ ਰਾਮਦਾਸ ਕਲ੍ਯਚਰੈ ਤੁਅ ਸਹਜ ਸਰੋਵਰਿ ਬਾਸੁ ॥ [7]

ਨਲ੍ਯ ਭੱਟ ਗੁਰੂ ਰਾਮਦਾਸ ਵਿਚ ਨਿਰੰਕਾਰ ਦੇ ਗੁਣ ਗਿਣਦਾ ਹੋਇਆ ਕਹਿੰਦਾ ਹੈ ਕਿ ਤੇਰਾ ਕੋਈ ਅੰਤ ਨਹੀਂ ਪਾ ਸਕਿਆ। ਤੂੰ ਬੇਅੰਤ ਨਿਰਭਉ ਨਿਰੰਕਾਰ ਦਾ ਰੂਪ ਹੈ। ਕਥਨ-ਜੋਗ ਅਕੱਥ ਪਰਮਾਤਮਾ ਦਾ ਗਿਆਨ ਤੈਨੂੰ ਹੀ ਪ੍ਰਾਪਤ ਹੋਇਆ ਹੈ। ਹੇ ਭਰਮਾਂ ਵਿਚ ਭੁੱਲੇ ਸੰਸਾਰੀ ਜੀਵੋ, ਗੁਰੂ ਰਾਮਦਾਸ ਦੀ ਸ਼ਰਨ ਵਿਚ ਆ ਕੇ ਗੁਰਮਤਿ ਧਾਰਨ ਕਰੋ ਕਿ ਨਾਮ ਸਿਮਰਨ ਦੇ ਜਰੀਏ ਤੁਸੀਂ ਜਨਮ-ਮਰਨ ਤੋਂ ਪਾਰ ਹੋ ਜਾਵੋਗੇ ਅਤੇ ਜਮਾਂ ਦੀਆਂ ਮਾਰਾਂ ਤੋਂ ਬੱਚ ਜਾਵੋਗੇ:

ਫੁਨਿ ਜਾਨੈ ਕੋ ਤੇਰਾ ਅਪਾਰੁ ਨਿਰਭਉ ਨਿਰੰਕਾਰੁ
ਅਕਥ ਕਥਨਹਾਰੁ ਤੁਝਹਿ ਬੁਝਾਈ ਹੈ ॥
ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ
ਜਮ ਕੋ ਨਾ ਡੰਡ ਕਾਲ ਗੁਰਮਤਿ ਧਾਈ ਹੈ ॥ [8]

ਗੁਰੂ ਦੀ ਅਜ਼ਮਤ ਨੂੰ ਨਲ੍ਯ ਭੱਟ ਗਹਿਰ-ਗੰਭੀਰਤਾ ਨਾਲ ਅਨੁਭਵ ਕਰਦਾ ਹੋਇਆ ਗੁਰੂ ਰਾਮਦਾਸ ਦੀ ਤੁਲਨਾ ਉਸ ਬੇਅੰਤ ਸਾਗਰ ਨਾਲ ਕਰਦਾ ਹੈ, ਜਿਸ ਵਿਚ ਚੁੱਭੀ ਲਾਇਆਂ

ਜਗਿਆਸੂ ਜਨ ਨਾਮ ਦੇ ਹੀਰੇ ਤੇ ਮਣੀਆਂ ਦੀ ਪ੍ਰਾਪਤੀ ਕਰਦਾ ਹੈ।[9] ਗੁਰੂ ਦੀ ਉਪਮਾ ਕਿਵੇਂ ਕੀਤੀ ਜਾਵੇ, ਇਹ ਸੰਭਵ ਨਹੀਂ ਹੈ। ਬਸ ਸਤਿਗੁਰੂ ਤੇ ਉਸ ਦੇ ਨਾਮ ਤੋਂ ਬਲਿਹਾਰ ਹੀ ਜਾਇਆ ਜਾ ਸਕਦਾ ਹੈ:

ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ॥
ਖਵਨ ਉਪਮਾ ਦੇਉ ਕਵਨ ਸੇਵਾ ਸਰੇਉ ਏਕ ਮੁਖ ਰਸਨਾ ਰਸਹੁ ਜੁਗ ਜੋਰਿ ਕਰ॥[10]

ਨਲ ਭੱਟ ਗੁਰੂ ਦੀ ਅਜ਼ਮਤ ਤੋਂ ਬਲਿਹਾਰ ਜਾਂਦਾ ਹੋਇਆ ਆਪਣੇ ਮਨ ਨੂੰ ਸੰਬੋਧਿਤ ਕਰਦਾ ਹੋਇਆ ਕਹਿੰਦਾ ਹੈ ਕਿ ਆਪਣੀ ਅੱਖ ਵਿਚ, ਆਪਣੇ ਬੋਲਾਂ ਵਿਚ ਗੁਰੂ ਨੂੰ ਵਸਾਉ, ਗੁਰੂ ਸਦਾ ਥਿਰ ਰਹਿਣ ਵਾਲਾ ਹੈ। ਜਿਸ ਨੇ ਗੁਰੂ ਦੇ ਦਰਸ਼ਨ ਆਪਣੇ ਹਿਰਦੇ ਵਿਚ ਨਹੀਂ ਕੀਤੇ, ਉਸ ਦਾ ਸੰਸਾਰ ਤੇ ਆਉਣਾ ਨਿਸਫ਼ਲ ਹੈ।[11] ਸਤਿਗੁਰ ਤਾਂ ਪੂਰਨ ਪੁਰਖ ਹੈ, ਜਿਸ ਦੇ ਦਰਸ਼ਨ ਕੀਤਿਆਂ ਸਭ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।[12]

ਅਕਲਾਂ, ਬੁੱਧਾਂ, ਰਿਧੀਆਂ, ਸਿਧੀਆਂ ਦੀ ਚਾਹਤ ਗੁਰੂ ਦਰਸ਼ਨ ਨਾਲ ਹੀ ਪੂਰੀ ਹੋ ਜਾਂਦੀ ਹੈ ਕਿਉਂ ਕਿ ਜਦੋਂ ਗੁਰੂ ਜੀਵ ਦਾ ਪੱਖ ਕਰਦਾ ਹੈ ਤਾਂ ਗਿਆਨ ਧਿਆਨ ਦੀ ਦਾਤ ਤਾਂ ਇਕ ਪਾਸੇ, ਜੀਵ ਦੇ ਹਿਰਦੇ ਵਿਚ ਸ਼ਬਦ ਸਾਖਿਆਤ ਹੋ ਜਾਂਦਾ ਹੈ ਤੇ ਉਹ ਪਰਮਾਤਮਾ ਦੇ ਦਰ-ਘਰ ਦੀ ਪ੍ਰਾਪਤੀ ਕਰ ਲੈਂਦਾ ਹੈ।[13] ਗੁਰੂ ਤੋਂ ਬਿਨ੍ਹਾਂ ਇਹ ਜੀਵਨ ਘੋਰ ਹਨੇਰਾ ਹੈ ਅਤੇ ਜੀਵ ਨੂੰ ਸੰਸਾਰ ਸਾਗਰ ਤੋਂ ਪਾਰ ਹੋਣ ਦੀ ਕੋਈ ਸਮਝ ਨਹੀਂ ਪੈਂਦੀ, ਅਤੇ ਨਾ ਹੀ ਗੁਰੂ ਤੋਂ ਬਿਨਾਂ ਸੁਰਤਿ ਉੱਚੀ ਹੁੰਦੀ ਹੈ ਕਿ ਉਹ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਕਰ ਸਕੇ:

ਗੁਰ ਬਿਨੁ ਘੋਰੁ ਅੰਧਾਰ ਗੁਰੂ ਬਿਨਾ ਸਮਝ ਨ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥[14]

ਗਯੰਦ ਭੱਟ ਗੁਰੂ ਰਾਮਦਾਸ ਨੂੰ ਅੰਦਰੂਨੀ ਤੇ ਬਹਿਰੂਨੀ ਦੋ ਰੂਪਾਂ ਵਿਚ ਨਿਹਾਰਦਾ ਹੈ। ਜਦ ਉਹ ਬਹਿਰੂਨੀ (ਸਰੀਰਕ) ਰੂਪ ਵਿਚ ਵੇਖਦਾ ਹੈ ਤਾਂ ਉਨ੍ਹਾਂ ਦੀ ਅਨੂਪ ਸੁੰਦਰਤਾ ਤੇ ਮੋਹਿਤ ਹੋ ਕੇ ਉਨ੍ਹਾਂ ਨੂੰ ਹਿੰਦੂ ਇਤਿਹਾਸ ਤੇ ਮਿਥਿਹਾਸ ਦੇ ਵਿਅਕਤੀਆਂ ਦੇ ਰੂਪ ਵਿਚ ਚਿਤਰਦਾ ਹੈ। ਜਦ ਗੁਰੂ ਪਾਤਿਸ਼ਾਹ ਦੇ ਅੰਦਰੂਨੀ ਰੂਪ ਨੂੰ ਨਿਰਤ ਦੀ ਦਿਬ-ਦ੍ਰਿਸ਼ਟੀ ਰਾਹੀਂ ਵੇਖਦਾ ਹੈ ਤਾਂ ਉਸ ਨੂੰ ਪਰਮਾਤਮਾ ਦਾ ਸਰੂਪ ਨਜ਼ਰ ਆਉਂਦਾ ਹੈ:

I. ਪਰਤਖਿ ਦੇਹ ਪਾਰਬ੍ਰਹਮ ਸੁਆਮੀ ਆਦਿ ਰੂਪਿ ਪੋਖਣ ਭਰਣੰ॥[15]
II. ਅਪਰੰਪਰ ਪਾਰਬ੍ਰਹਮ ਲਖੈ ਕਉਨ ਤਾਹਿ ਜੀਉ॥
ਸਤਿ ਸਾਚਿ ਸ੍ਰੀ ਨਿਵਾਸ ਆਦਿ ਪੁਰਖ ਸਦਾ ਤੁਹੀ॥[16]

ਗੁਰੂ ਮੁਕਤਿ-ਜੁਗਤਿ ਦਾ ਦਾਤਾ ਹੁੰਦਾ ਹੈ ਅਤੇ ਉਸ ਦੇ ਮੂੰਹ ਵਿਚੋਂ ਨਿਕਲੇ ਬਚਨ ਸਤਿ ਹੁੰਦੇ ਹਨ। ਇਸੇ ਕਰ ਕੇ ਗਯੰਦ ਭੱਟ ਗੁਰੂ ਰਾਮਦਾਸ ਦੀ ਉਪਮਾ ਦੁਨਿਆਵੀ ਭਵ-ਸਾਗਰ ਤੋਂ



ਪਾਰ ਲਾਉਣ ਵਾਲੇ ਜਹਾਜ਼ ਤੇ ਮਲਾਹ ਨਾਲ ਕਰਦਾ ਹੈ:

ਗੁਰ ਕੇ ਬਚਨ ਸਤਿ ਜੀਅ ਧਾਰਹੁ॥
ਮਾਣਸ ਜਨਮੁ ਦੇਹ ਨਿਸ੍ਤਾਰਹੁ॥
ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨ ਤਰਿਆ ਨ ਕੋਇ॥
ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ॥[17]

ਮਥਰਾ ਭੱਟ ਗੁਰੂ ਰਾਮਦਾਸ ਨੂੰ ਨਾਮ ਦਾ ਖ਼ਜ਼ਾਨਾ ਦੱਸਦਾ ਹੋਇਆ ਕਹਿੰਦਾ ਹੈ ਕਿ ਆਪ ਦੀ ਅੰਤਰਮੁਖੀ ਬਿਰਤੀ, ਤੇਜ ਦਾ ਪੁੰਜ ਤਿੰਨਾਂ ਲੋਕਾਂ ਵਿਚ ਚਮਕ ਰਿਹਾ ਹੈ। ਆਪ ਦਾ ਦਰਸ਼ਨ ਕਰਕੇ ਦਰਸ਼ਨ ਅਭਿਲਾਸ਼ੀਆਂ ਦੇ ਭਰਮ ਤੇ ਦੁੱਖ-ਦਲਿਦਰ ਮਿਟ ਜਾਂਦੇ ਹਨ ਅਤੇ ਉਹ ਆਤਮਿਕ ਅਡੋਲਤਾ ਦੇ ਸਹਿਜ ਸੁਖ ਵਿਚ ਖਿੜ ਉਠਦੇ ਹਨ:

ਨਾਮੁ ਨਿਧਾਨੁ ਧਿਆਨ ਅੰਤਰਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ॥
ਦੇਖਤ ਦਰਸੁ ਭਟਕਿ ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ॥[18]

ਬਲ੍ਯ ਭੱਟ ਨੂੰ ਪ੍ਰਭੂ ਦਾ ਕਰਤਾਰੀ ਜਲੌਅ ਗੁਰੂ ਰਾਮਦਾਸ ਦੇ ਵਿਅਕਤਿਤਵ ਵਿਚੋਂ ਸਾਖ਼ਸ਼ਾਤ ਰੂਪ ਵਿਚ ਨਜ਼ਰ ਆਉਂਦਾ ਹੈ ਜਿਸ ਦਾ ਜਸ ਚਹੁੰ ਕੂਟਾਂ ਵਿਚ ਫੈਲ ਰਿਹਾ ਹੈ। ਜੋ ਵੀ ਜੀਵ ਗੁਰੂ ਦਾ ਦਰਸ਼ਨ ਅਮਲ ਜੀਵਨ ਵਿਚ ਕਰਦਾ ਹੈ, ਉਹ ਪਾਰਸ ਸਮਾਨ ਹੋ ਜਾਂਦਾ ਹੈ:

ਕਰਮ ਕਰਿ ਤੁਅ ਦਰਸ ਪਰਸ ਪਾਰਸ
ਸਰ ਬਲ੍ਯ ਭਟ ਜਸੁ ਗਾਇਯਉ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ
ਤੈ ਹਰਿ ਪਰਮ ਪਦੁ ਪਾਇਯਉ॥[19]

ਗੁਰੂ ਦੀ ਸਿਮਰਤੀ ਵਿਚ ਜੁੜਿਆਂ ਅਗਿਆਨ ਦਾ ਅੰਧੇਰਾ ਦੂਰ ਹੋ ਜਾਂਦਾ ਹੈ ਅਤੇ ਹਿਰਦੇ ਵਿਚ ਨਾਮ ਦੀ ਸ਼ਾਂਤੀ ਤੇ ਠੰਡਕ ਪੈਦਾ ਹੋ ਜਾਂਦੀ ਹੈ। ਗੁਰੂ ਰਾਮਦਾਸ ਦੇ ਚਰਨੀਂ ਲੱਗ ਕੇ ਹੀ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ, ਇਸ ਲਈ ਉਸ ਦੀ ਸੰਗਤ ਵਿਚ ਜੁੜ ਬੈਠਣ ਦੀ ਲੋੜ ਹੈ।

ਕੀਰਤ ਭੱਟ ਗੁਰੂ ਰਾਮਦਾਸ ਦੇ ਚਰਨਾਂ ਵਿਚ ਆਪਣੇ ਆਪੇ ਦਾ ਪੂਰਨ ਸਮਰਪਣ ਕਰਦਾ ਹੋਇਆ ਆਪਣੇ ਅਵਗੁਣਾਂ ਦਾ ਅਹਿਸਾਸ ਕਰਦਾ ਹੈ ਅਤੇ ਇਸ ਗੱਲ ਦਾ ਫ਼ਖਰ ਮਹਿਸੂਸ ਕਰਦਾ ਹੈ ਕਿ ਅਸੀਂ ਭੱਟਾਂ ਨੇ ਸਤਿਗੁਰੂ ਦੀ ਸੰਗਤ ਵਾਲਾ ਉੱਤਮ ਰਾਹ ਅਖਤਿਆਰ ਕਰਕੇ ਜਮਾਂ ਦੇ ਡਰ ਤੋਂ ਮੁਕਤੀ ਪ੍ਰਾਪਤ ਕਰ ਲਈ ਹੈ। ਕੀਰਤ ਭੱਟ ਦੇ ਇਹ ਬੋਲ ਹਰ ਗੁਰਸਿੱਖ ਦੀ ਅਰਦਾਸ ਬਣ ਗਏ ਹਨ:

ਹਮ ਅਵਗੁਣਿ ਭਰੇ ਏਕੁ ਗੁਣ ਨਾਹੀ॥
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥

ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥ [20]

ਸਮੁੱਚੇ ਰੂਪ ਵਿਚ ਵੇਖਿਆ ਜਾਵੇ ਤਾਂ ਭੱਟ ਬਾਣੀਕਾਰਾਂ ਨੇ ਗੁਰੂ ਰਾਮਦਾਸ ਦੀ ਮਹਿਮਾ ਉਨ੍ਹਾਂ ਦੇ ਦੇਹ ਸਰੂਪ ਤੋਂ ਅੱਗੇ ਲੰਘ ਕੇ ਉਨ੍ਹਾਂ ਦੇ ਆਤਮਿਕ ਸਰੂਪ ਦੇ ਹਿਰਦੇ ਵਿਚ ਦਰਸ਼ਨ ਕਰਦੇ ਹੋਏ ਵਿਸਮਾਦੀ ਅਨੁਭਵ ਦੇ ਪੱਧਰ ਤੇ ਗਾਇਣ ਕੀਤੀ ਹੈ। ਅਜਿਹਾ ਕਰਕੇ ਉਹ ਗੁਰੂ ਨੂੰ ਪਰਮਾਤਮ ਸਰੂਪ ਵਿਚ ਨਿਹਾਰਦੇ ਹਨ ਜੋ ਮੁਕਤਿ-ਜੁਗਤਿ ਦੇ ਦਾਤੇ ਰੂਪ ਵਿਚ ਜੀਵਾਂ ਦਾ ਉੱਧਾਰ ਕਰਨ ਦਾ ਸਬੱਬ ਹੈ। ਇਹ ਸਾਰੀ ਮਹਿਮਾ ਗੁਰੂ-ਵਰੋਸਾਏ ਜਿਊੜਿਆਂ ਦੀ ਗੁਰੂ ਪਿਆਰ ਦੇ ਰੰਗ ਵਿਚ ਰੰਗੇ ਆਪੇ ਦੀ ਬਿਹਬਲਤਾ ਹੈ, ਜੋ ਮੁਕਤ-ਜੁਗਤਿ ਦੇ ਦਾਤਾ ਗੁਰੂ ਰਾਮਦਾਸ ਅੱਗੇ ਦੈਵੀ ਦੀਦਾਰ ਲਈ ਅਰਜ ਕਰ ਰਹੇ ਹਨ।

**ਹਵਾਲੇ:**


1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1402.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1403.
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1396.
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1396.
5. ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸ ਭੇਟਿਆ ਸਹਜ ਘਰੇ ॥
   ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1397.
6. ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1397.
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1398.
8. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1398.
9. ਉਦਧਿ ਗੁਰੁ ਗਹਿਰ ਗੰਭੀਰ ਬੇਅੰਤ ਹਰਿ ਨਾਮ ਨਗ ਹੀਰ ਮਣਿ ਮਿਲਤ ਲਿਵ ਲਾਈਐ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1401.
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1398.
11. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1399.
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1399.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1399.





14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1399.
15. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1401.
16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1402.
17. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1401.
18. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1404.
19. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1405.
20. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1406.


# 'ਲਾਵਾਂ': ਸਿਧਾਂਤਕ ਅਤੇ ਵਿਹਾਰਕ ਪਰਿਪੇਖ


**ਡਾ.ਅਬਨੀਸ਼ ਕੌਰ***

**ਪ੍ਰਦੀਪ ਕੌਰ***


ਗੁਰੂ ਰਾਮਦਾਸ ਦਾ ਬਾਣੀ ਚਿੰਤਨ ਅਧਿਆਤਮ ਦੇ ਪੱਖ ਤੋਂ ਗਹਿਰਾ ਅਤੇ ਵਿਹਾਰਕ

ਪੱਖ ਤੋਂ ਸਾਰਥਕਤਾ ਦਾ ਧਾਰਨੀ ਹੈ। ਵਿਹਾਰਕ ਪੱਖੋਂ ਅਹਿਮ ਬਣਾਉਣ ਹਿੱਤ ਗੁਰੂ ਰਾਮਦਾਸ ਨੇ ਲੋਕ ਸਭਿਆਚਾਰ ਵਿੱਚ ਪਏ ਲੋਕ ਕਾਵਿ-ਰੂਪਾਂ ਨੂੰ ਲੈ ਕੇ ਬਾਣੀ ਦੀ ਰਚਨਾ ਕੀਤੀ ਹੈ। ਲੋਕ ਕਾਵਿ-ਰੂਪਾਂ ਅਤੇ ਉਚੇਰੀ ਦਾਰਸ਼ਨਿਕਤਾ ਦਾ ਇਹ ਸੁਮੇਲ ਅਧਿਆਤਮਕਤਾ ਅਤੇ ਵਿਹਾਰ ਦੇ ਅਜਿਹੇ ਸੁਮੇਲ ਨੂੰ ਜਨਮ ਦਿੰਦਾ ਹੈ ਜਿਸਦੀ ਉਦਾਹਰਨ ਕਿਧਰੇ ਹੋਰ ਦਿਖਾਈ ਨਹੀਂ ਦਿੰਦੀ। ਲੋਕ ਕਲਾ ਰੂਪਾਂ ਦੀ ਵਰਤੋਂ ਲੋਕ ਮਨਾਂ ਤਕ ਪਹੁੰਚਣ ਦਾ ਸੌਖਾ ਤਰੀਕਾ ਹੁੰਦੀ ਹੈ। ਇਸ ਤਰ੍ਹਾਂ ਕਰਨਾ ਇਸ ਕਾਰਣ ਵੀ ਜ਼ਰੂਰੀ ਹੈ ਕਿ ਅਧਿਆਤਮ ਵਰਗੇ ਵਿਸ਼ੇ ਨੂੰ ਸਮਝਣਾ ਅਤੇ ਸਮਝਾਉਣਾ ਮੁਸ਼ਕਿਲ ਕੰਮ ਹੁੰਦਾ ਹੈ। ਲੋਕ ਮਾਨਸਿਕਤਾ ਦਾ ਹਿੱਸਾ ਬਣ ਚੁਕੇ ਇਹ ਕਾਵਿ ਰੂਪ ਛੇਤੀ ਹੀ ਉਹਨਾਂ ਉੱਪਰ ਅਸਰ ਅੰਦਾਜ਼ ਹੋਣ ਦੇ ਸਮਰਥ ਹੁੰਦੇ ਹਨ। ਇਸੇ ਲਈ ਗੁਰੂ ਸਾਹਿਬ ਨੇ ਲੋਕ ਮਨਾਂ ਨਾਲ ਜੁੜੇ ਕਾਵਿ ਰੂਪ ਬਾਣੀ ਮਾਧਿਅਮ ਲਈ ਵਰਤ ਲਏ। ਗੁਰੂ ਰਾਮਦਾਸ ਨੇ ਆਪਣੀ ਬਾਣੀ ਵਿੱਚ ਵਰਤੇ ਇਹਨਾਂ ਕਾਵਿ ਰੂਪਾਂ ਨਾਲ ਜੀਵਨ ਦੀ ਸਚਾਈ ਨੂੰ ਬਿਆਨ ਕੀਤਾ ਹੈ। ਮਨੁੱਖ ਨੂੰ ਜੀਵਨ ਦੇ ਅਸਲ ਅਰਥ ਸਮਝਾਏ ਹਨ। ਇਸ ਪੇਪਰ ਵਿੱਚ ਸਿੱਖ ਸਭਿਆਚਾਰ ਵਿੱਚ ਪ੍ਰਚਲਿਤ 'ਲਾਵਾਂ' ਬਾਣੀ ਨੂੰ ਆਧਾਰ ਬਣਾਇਆ ਹੈ। 'ਲਾਵਾਂ' ਕੋਈ ਵਿਸ਼ੇਸ ਕਾਵਿ-ਰੂਪ ਨਹੀਂ ਹੈ। ਇਸਦੀ ਰਿਦਮਕਤਾ ਅਤੇ ਵਿਹਾਰਕ ਸਾਰਥਕਤਾ ਕਾਰਨ ਇਸ ਬਾਣੀ ਦਾ ਸਿੱਖ ਭਾਈਚਾਰੇ ਵਿੱਚ ਮਹੱਤਵਪੂਰਨ ਸਥਾਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਧਿਆਤਮਕ ਰਹੱਸਮਈ ਅਨੁਭਵ ਨੂੰ ਮਨੁੱਖੀ ਰਿਸ਼ਤਿਆਂ ਰਾਹੀਂ ਵੱਖੋ-ਵੱਖ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਗੁਰੂ ਰਾਮਦਾਸ ਵੱਲੋਂ ਇਸੇ ਸੰਦਰਭ ਵਿੱਚ ਰਾਗ ਸੂਹੀ ਛੰਤ ਵਿੱਚ 'ਲਾਵਾਂ' ਬਾਣੀ ਰਚੀ ਗਈ। ਇਸ ਬਾਣੀ ਨੂੰ ਭਾਵੇਂ ਕੋਈ ਸਿਰਲੇਖ ਨਹੀਂ ਦਿੱਤਾ ਹੋਇਆ ਪਰ ਆਮ ਤੌਰ ਤੇ ਇਸ ਬਾਣੀ ਨੂੰ ਲਾਵਾਂ ਦੇ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਲਾਵ ਸ਼ਬਦ ਦਾ ਅਰਥ ਹੈ ਤੋੜਨਾ, ਵਿਆਹ ਵੇਲੇ ਲੜਕੀ ਦਾ ਆਪਣੇ ਪਿਤਾ-ਪੁਰਖੀ ਸੰਬੰਧਾਂ ਨੂੰ ਤੋੜ ਕੇ ਸਹੁਰੇ ਪਰਿਵਾਰ ਨਾਲ ਰਿਸ਼ਤਾ ਜੁੜਦਾ ਹੈ। ਇਸ ਲਈ ਵਿਆਹ ਹਿੱਤ ਗਾਈ ਜਾਣ ਵਾਲੀ ਗੁਰਬਾਣੀ ਨੂੰ ਲਾਵਾਂ ਸ਼ਬਦ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ।"[1]

'ਲਾਵਾਂ' ਬਾਣੀ ਦਾ ਪਾਠ ਵਿਆਹ ਦੀ ਰਸਮ 'ਅਨੰਦ ਕਾਰਜ' ਵੇਲੇ ਕੀਤਾ ਜਾਂਦਾ ਹੈ। "ਲਾਂਵ ਤੋਂ ਭਾਵ ਵਿਆਹ ਸਮੇਂ ਦੀ ਉਸ ਪਰਿਕਰਮਾ ਤੋਂ ਹੈ ਜਿਸ ਦੁਆਰਾ ਪਤੀ-ਪਤਨੀ ਦਾ ਸੰਬੰਧ ਜੋੜਿਆ ਜਾਂਦਾ ਹੈ। ਇਹ ਪ੍ਰਤੀਕ ਹੈ ਉਸ ਬੰਧਨ ਦਾ, ਜੋ ਸ਼ਾਦੀ ਸਮੇਂ ਇਸਤਰੀ ਪੁਰਖ ਨੂੰ ਆਪਸ ਵਿੱਚ ਬੰਨਦਾ ਹੈ।"[2]

ਇਹ ਰਸਮ ਚਾਰ 'ਲਾਵਾਂ' ਨਾਲ ਯੁਕਤ ਹੈ। ਇਸ ਵਿੱਚ ਪਤੀ-ਪਤਨੀ ਦੇ ਮੇਲ ਦੇ ਅਲੰਕਾਰ ਰਾਹੀਂ ਜੀਵ ਆਤਮਾ ਦੇ ਪਰਮਾਤਮਾ ਪ੍ਰਤੀ ਪਿਆਰ ਅਤੇ ਮਿਲਾਪ ਦੇ ਅਨੰਦ ਨੂੰ



ਬਿਆਨਿਆ ਗਿਆ ਹੈ। ਇਹਨਾਂ ਚਾਰ ਸੁਰਾਂ ਦੇ ਪੂਰਨ ਹੋਣ ਤੇ ਅਨੰਦ ਦੀ ਪ੍ਰਾਪਤੀ ਨੂੰ ਬਿਆਨਿਆ ਹੈ। "ਚਾਰ ਲਾਵਾਂ ਜ਼ਿੰਦਗੀ ਦੇ ਚਾਰ ਪੜਾਅ ਹਨ। ਪਹਿਲੀ ਲਾਵ ਪ੍ਰੇਰਦੀ ਹੈ, ਧਰਮ ਦ੍ਰਿੜੋ ਤੇ ਪਾਪ ਤਿਆਗੋ ਅਤੇ ਸਹਿਜ ਆਨੰਦ ਲਈ ਅਰਾਧਨਾ ਕਰੋ। ਦੂਸਰੀ ਲਾਵ ਨਿਰਭੈ ਹੋ ਕੇ ਹਉਮੈਂ ਮੈਲ ਤੋਂ ਮੁਕਤ ਹੋਣ ਲਈ ਪ੍ਰੇਰਦੀ ਹੈ ਤੇ ਫੇਰ ਪ੍ਰਭੂ ਹਾਜ਼ਰ ਨਾਜ਼ਰ ਦਿਸਦਾ ਹੈ ਤੇ ਸਭ ਵਿੱਚ ਭਰਪੂਰ ਪ੍ਰਤੀਤ ਹੁੰਦਾ ਹੈ। ਤੀਸਰੀ ਲਾਵ ਚਾਉ ਤੇ ਵੈਰਾਗ ਦੀ ਲਾਵ ਹੈ। ਚਾਉ ਤੇ ਵੈਰਾਗ ਰਾਹੀਂ ਨਿਰਮਲ ਜੀਵਨ ਵੱਲ ਕਦਮ ਉਠਾਉਣਾ ਹੈ। ਚੌਥੀ ਲਾਵ ਸਹਿਜ ਅਵਸਥਾ ਵਿੱਚ ਅਬਿਨਾਸ਼ੀ ਵਰ ਪ੍ਰਭੂ ਪ੍ਰੀਤਮ ਪ੍ਰਾਪਤ ਹੁੰਦਾ ਹੈ।"[3] ਇਹ ਮਿਹਰ ਜਾਂ ਅਨੰਦ ਥੋੜਚਿਰਾ ਨਹੀਂ ਸਗੋਂ ਸਦਾ-ਅਨੰਦ, ਅਬਿਨਾਸ਼ੀ ਹੈ।

ਮਹਿੰਦਰ ਕੌਰ ਗਿੱਲ ਅਨੁਸਾਰ, "ਸਨਾਤਨੀ ਮੱਤ ਵਿੱਚ ਸੱਤ ਤੇ ਸਿੱਖ ਮੱਤ ਵਿਚ ਚਾਰ ਲਾਂਵਾਂ ਹਨ। ਇਹ ਸਮਾਜਿਕ ਸਿਖਿਆ ਦੇ ਨਾਲ ਨਾਲ ਅਧਿਆਤਮਕ ਉਪਦੇਸ਼ ਦੀਆਂ ਵੀ ਪ੍ਰਤੀਕ ਹਨ। ਜਿਥੇ ਵਿਵਹਾਰਕ ਵਿਧੀ ਲਾਂਵਾਂ ਨਾਲ ਸੰਪੂਰਣ ਹੁੰਦੀ ਹੈ, ਉਥੇ ਅਧਿਆਤਮਕ ਵਿਚਾਰਾਂ ਦੀ ਵੀ ਸੰਪੰਨਤਾ ਹੁੰਦੀ ਹੈ। ਹੈਰਤ ਦੀ ਗੱਲ ਹੈ, ਗੁਰੂ ਸਾਹਿਬ ਨੇ ਜਿਥੇ ਆਪਣੀ ਭਾਵ ਅਨੁਭੂਤੀ ਦੀ ਅਭਿਵਿਅੰਜਨਾ ਜੀਵਾਤਮਾ ਤੇ ਪਰਮਾਤਮਾ ਨੂੰ ਪਤੀ-ਪਤਨੀ ਦੇ ਰੂਪਕਾਂ ਰਾਹੀਂ ਕੀਤੀ ਹੈ, ਉਥੇ ਵਿਆਹ ਦੇ ਸਮੇਂ ਵੀ ਲੜਕੀ ਨੂੰ ਉਪਦੇਸ਼ ਦੇਣ ਲੱਗੇ ਉਸਨੂੰ ਜੀਵਾਤਮਾ ਤੇ ਪਰਮੇਸ਼ਰ ਨੂੰ ਪਤੀ-ਪਤਨੀ ਦੇ ਰੂਪਕਾਂ ਰਾਹੀਂ ਕੀਤੀ ਹੈ, ਉਥੇ ਵਿਆਹ ਦੇ ਸਮੇਂ ਵੀ ਲੜਕੀ ਨੂੰ ਉਪਦੇਸ਼ ਦੇਣ ਲੱਗੇ ਉਸਨੂੰ ਜੀਵਾਤਮਾ ਤੇ ਪਰਮੇਸ਼ਰ ਨੂੰ ਪਤੀ ਦੇ ਰੂਪ ਵਿੱਚ ਕਲਪਿਤ ਕੀਤਾ ਹੈ। ਜੀਵ ਰੂਪੀ ਇਸਤ੍ਰੀ ਪਤੀ ਪਰਮੇਸ਼ਰ ਦੇ ਨਾਲ ਨਿਯਮਿਤ ਸੰਬੰਧ ਵਿੱਚ ਜੁੜ ਜਾਂਦੀ ਹੈ। ਪੁਰਾਤਨ ਗ੍ਰੰਥਾਂ ਵਿੱਚ ਇਸਤ੍ਰੀ-ਪੁਰਖ (ਜੀਵਾਤਮਾ ਤੇ ਪਰਮਾਤਮਾ) ਦੇ ਨਿਯਮਿਤ ਸੰਬੰਧਾਂ ਨੂੰ ਗਿਆਨ ਦੀਆਂ ਸੱਤ ਭੂਮਿਕਾਵਾਂ ਨਾਲ ਪੇਸ਼ ਕੀਤਾ ਗਿਆ ਹੈ। ਪ੍ਰਤਿਭਾਵਨ ਪੁਰਖ ਲੋੜ ਅਨੁਸਾਰ ਪਰੰਪਰਾ ਵਿੱਚ ਤਬਦੀਲੀ ਜਾਂ ਵਿਸਤਾਰ ਕਰਦੇ ਰਹਿੰਦੇ ਹਨ। ਗੁਰੂ ਰਾਮਦਾਸ ਨੇ ਗਿਆਨ ਦੀਆਂ ਸੱਤ ਭੂਮਿਕਾਵਾਂ ਦਾ ਅੰਤਰ ਭਾਵ ਚਾਰ ਲਾਵਾਂ ਜਾਂ ਭੂਮਿਕਾਵਾਂ ਵਿੱਚ ਕੀਤਾ ਹੈ।"[4]

ਲਾਵਾਂ ਦੀ ਬਾਣੀ 'ਪਰਵਿਰਤੀ ਕਰਮ' ਦ੍ਰਿੜ ਕਰਵਾਉਣ ਤੋਂ ਸ਼ੁਰੂ ਹੋਕੇ 'ਮਨ ਸਹਿਜ ਭਇਆ' ਰਾਹੀਂ ਰਹੱਸਮਈ ਮਿਲਾਪ ਨੂੰ ਬਿਆਨ ਕਰਦੀ ਹੈ। ਇਹ ਇਨਸਾਨ ਨੂੰ ਆਪਣੇ ਸਾਰੇ ਪਾਪਾਂ ਨੂੰ ਤਿਆਗ ਕੇ, ਧਰਮ ਦ੍ਰਿੜ ਕਰਨ ਅਤੇ ਚੰਗੇਰੇ ਗੁਣਾਂ ਰਾਹੀਂ ਜੀਵਨ ਨੂੰ ਆਦਰਸ਼ਮਈ ਕਰ ਸਫਲਤਾ ਦੇ ਰਸਤੇ ਤੁਰਨ ਲਈ ਪੱਕਾ ਕਰਦੀ ਹੈ। ਪਹਿਲੀ ਲਾਵ ਨਵੇਂ ਜੀਵਨ ਜਾਂ ਨਵੀਂ ਸ਼ੁਰੂਆਤ ਦਾ ਚਿੰਨ੍ਹ ਹੈ। ਜਿਵੇਂ ਇੱਕ ਲੜਕੀ ਵਿਆਹ ਸਮੇਂ ਪੇਕੇ ਘਰ ਜਾਂ ਉਸ ਪੁਰਾਣੇ ਜੀਵਨ ਤੋਂ ਬਾਹਰ ਆ ਕੇ ਨਵੀਂ ਜ਼ਿੰਦਗੀ ਦਾ ਆਗਾਜ਼ ਕਰਦੀ ਹੈ, ਉਸੇ ਤਰ੍ਹਾਂ ਸਾਧਕ ਜੋ ਪਰਮਾਤਮਾ ਦੇ ਰਾਹ ਤੁਰਦਾ ਹੈ ਉਹ ਸਭ ਉਲਝੇਵੇਂ ਤਿਆਗ ਕੇ ਨਾਮ ਜਪਣ ਦੇ ਆਹਰ ਵਿੱਚ ਲੱਗਦਾ ਹੈ। ਪਰਵਿਰਤੀ

*ਅਸਿਸਟੈਂਟ ਪ੍ਰੋਫੈਸਰ, ਡਿਸਟੈਂਸ ਐਜੂਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
*ਰਿਸਰਚ ਸਕਾਲਰ, ਗੁਰੂ ਗੋਬਿੰਦ ਸਿੰਘ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਰਮ ਮਨੁੱਖੀ ਜੀਵਨ ਦਾ ਪਰਮ ਹਿੱਸਾ ਹੈ ਪਰ ਇਸ ਕਰਕੇ ਇਹ ਲਾਂਵ ਮਨੁੱਖ ਨੂੰ ਬੁਰੀਆਂ ਆਦਤਾਂ ਦਾ ਤਿਆਗ ਕਰਕੇ ਚੰਗੇ ਕਰਮਾਂ ਨੂੰ ਕਮਾਉਣ ਦੀ ਤਾਕੀਦ ਕਰਦੀ ਹੈ:

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ।
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ।
ਧਰਮੁ ਦ੍ਰਿੜਹੁ ਹਰਿ ਨਾਮ ਧਿਆਵਹੁ ਸਿਮ੍ਰਿਤ ਨਾਮੁ ਦ੍ਰਿੜਾਇਆ।
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ।
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ।
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ।[5]

ਪਹਿਲੀ ਲਾਵ ਆਪਣੇ ਧਰਮ ਕਰਮ ਵਿੱਚ ਪੂਰੀ ਤਰ੍ਹਾਂ ਦ੍ਰਿੜ੍ਹ ਹੋਣ ਅਤੇ ਵਿਸ਼ਵਾਸ ਦੀ ਪਕਿਆਈ ਦੀ ਹੈ। ਇਸੇ ਤਰ੍ਹਾਂ ਦੂਸਰੀ ਲਾਵ ਸਾਧਕ ਦੀ ਦੂਸਰੀ ਅਵਸਥਾ ਦਾ ਚਿੱਤਰ ਪੇਸ਼ ਕਰਦੀ ਹੈ ਜਿਸ ਵਿੱਚ ਉਹੋ ਸਵੈ ਨੂੰ ਤਿਆਗ ਕੇ ਅਕਾਲ ਪੁਰਖ/ਪਰਮਾਤਮਾ ਵੱਲ ਕਦਮ ਪੁੱਟਦਾ ਹੈ। ਸਾਧਕ ਨੂੰ ਆਪਣੇ ਅੰਦਰ ਬਾਹਰ ਅਕਾਲ ਪੁਰਖ ਦੀ ਜੋਤ ਦਾ ਅਹਿਸਾਸ ਹੋਣਾ ਸ਼ੁਰੂ ਹੁੰਦਾ ਹੈ:

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥[6]

ਤੀਸਰੀ ਲਾਵ ਜਾਂ ਅਵਸਥਾ ਵਿੱਚ ਪੁੱਜੇ ਸਾਧਕ ਅੰਦਰ ਚਾਉ ਅਤੇ ਵੈਰਾਗ ਪੈਦਾ ਹੁੰਦਾ ਹੈ। ਵੈਰਾਗ ਦੀ ਅਵਸਥਾ ਵਿੱਚ ਮਨ ਮੋਹ ਮਾਇਆ ਤੋਂ ਨਿਰਲੇਪ ਹੋ ਕੇ ਸਾਰੀਆਂ ਦਵੈਤ ਭਾਵਨਾਵਾਂ ਤੋਂ ਮੁਕਤ ਹੋ ਨਿਰਮਲ ਅਵਸਥਾ ਵਿੱਚ ਪਹੁੰਚਦਾ ਹੈ। ਸਮਾਜਿਕ ਜ਼ੁੰਮੇਵਾਰੀਆਂ ਨਿਭਾਉਂਦੇ ਹੋਏ ਵੀ ਵੈਰਾਗ ਦੀ ਭਾਵਨਾ ਨੂੰ ਦ੍ਰਿੜ ਕਰਨਾ ਹੈ। ਸਮਾਜ ਵਿੱਚ ਵਿਚਰਦੇ ਹੋਏ ਨਿਰਲੇਪ ਰਹਿਣ ਦੀ ਜੁਗਤਿ ਹੀ ਵੈਰਾਗੀ ਹੋਣਾ ਹੈ। ਇੱਥੇ ਸਾਰੀਆਂ ਦਵੈਤ ਭਾਵਨਾਵਾਂ ਅਤੇ ਮੋਹ ਮਾਇਆ ਤੋਂ ਮੁਕਤ ਹੋ ਕੇ ਪਰਮ ਸੱਚ ਦੇ ਮਿਲਾਪ ਦੀ ਤਾਂਘ ਹੁੰਦੀ ਹੈ। ਇਸੇ ਤਰ੍ਹਾਂ ਹੀ ਪਤੀ-ਪਤਨੀ ਦੇ ਰਿਸ਼ਤੇ ਵਿੱਚ ਵੱਖੋ ਵੱਖਰੀਆਂ ਸੋਚਾਂ ਇੱਕ ਰੂਪ ਧਾਰ ਲੈਂਦੀਆਂ ਹਨ। ਉਹ ਇੱਕ ਦੂਸਰੇ ਦੇ ਮਿਲਾਪ ਦੀ ਤਾਂਘ ਰਾਹੀਂ ਇੱਕਰੂਪ ਹੁੰਦੇ ਨਜ਼ਰ ਆਉਂਦੇ ਹਨ। "ਜਦੋਂ ਪਤੀ-ਪਤਨੀ ਦੇ ਰਿਸ਼ਤੇ ਵਿੱਚ ਚਾਉ ਭਰਿਆ ਵੈਰਾਗ ਉਪਜਦਾ ਹੈ ਤਾਂ ਸਾਰੇ ਵਿਤਕਰੇ ਵਿੱਥਾਂ ਮਿਟ ਜਾਂਦੇ ਹਨ ਅਤੇ ਪਰਵਾਰਿਕ



ਜੀਵਨ ਦੇ ਸਾਰੇ ਰਿਸ਼ਤੇ ਅਪਣੱਤ ਨਾਲ ਭਰ ਜਾਂਦੇ ਹਨ। ਵੈਰ ਵਿਰੋਧ ਖ਼ਤਮ ਹੋ ਜਾਂਦਾ ਹੈ। ਪਰਿਵਾਰ ਵਿੱਚ ਸੁੱਖ ਸ਼ਾਂਤੀ ਅਤੇ ਅਨੰਦ ਛਾ ਜਾਂਦਾ ਹੈ। ਪਤੀ ਪਤਨੀ ਦੇ ਰਿਸ਼ਤੇ ਵਿੱਚੋਂ ਵੀ ਦੂਈ ਭਾਵਨਾ ਖ਼ਤਮ "ਬਹਨਿ ਇਕਠੇ ਹੋਏ' ਤਕ ਹੀ ਸੀਮਿਤ ਨਹੀਂ ਰਹਿੰਦਾ, ਉਹ 'ਏਕ ਜੋਤ ਦੁਇ ਮੂਰਤੀ' ਦੀ ਅਵਸਥਾ ਦੇ ਧਾਰਨੀ ਹੋ ਜਾਂਦੇ ਹਨ।"[7] ਉਹ ਅਕਾਲ ਪੁਰਖ ਨੂੰ ਮਿਲਣ ਦੀ ਤੀਬਰ ਇੱਛਾ ਕਰਕੇ ਪਰਮਾਤਮਾ ਦਾ ਗੁਣ ਗਾਇਨ ਕਰਦਾ ਹੈ :

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥
ਹਿਰਦੈ ਹਰਿ ਹਰਿ ਹਰਿ ਧੁਨ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥[8]

ਚੌਥੀ ਲਾਵ ਰਾਹੀਂ ਗੁਰੂ ਰਾਮਦਾਸ ਨੇ ਸਾਧਕ ਦਾ ਪਰਮਾਤਮਾ ਨਾਲ ਮਿਲਾਪ ਅਤੇ ਅਨੰਦਮਈ ਅਵਸਥਾ ਦਾ ਚਿੱਤਰ ਪੇਸ਼ ਕੀਤਾ ਹੈ। ਪਹਿਲੀਆਂ ਤਿੰਨ ਅਵਸਥਾਵਾਂ ਜਾਂ ਲਾਵਾਂ ਨੂੰ ਪਾਰ ਕਰਕੇ ਜਦੋਂ ਮਨੁੱਖ ਇਸ ਅੰਤਲੇ ਪੜਾਅ ਵਿੱਚ ਪਹੁੰਚਦਾ ਹੈ ਤਾਂ ਉਸ ਵਿੱਚ ਸਹਿਜ ਦਾ ਆਉਣਾ ਕੁਦਰਤੀ ਹੈ। ਇਹ ਸਹਿਜ ਹੀ ਪਰਮਾਤਮਾ ਨਾਲ ਮੇਲ ਹੈ। ਮਨ ਦੀਆਂ ਸਾਰੀਆਂ ਸ਼ੰਕਾਵਾਂ, ਕੜਵਾਹਟ ਦੂਰ ਹੋ ਜਾਣ ਨਾਲ ਸਹਿਜਮਈ ਜੀਵਨ ਮਿਠਾਸ ਨਾਲ ਭਰ ਜਾਂਦਾ ਹੈ। ਸਾਧਕ ਸਹਿਜ ਦੀ ਅਵਸਥਾ ਵਿੱਚ ਪਹੁੰਚ ਜਾਂਦਾ ਹੈ ਅਤੇ ਪ੍ਰਭੂ ਅੱਗੇ ਪੂਰਨ ਸਮਰਪਿਤ ਹੋ ਜਾਂਦਾ ਹੈ। ਇਹਨਾਂ ਲਾਵਾਂ ਰਾਹੀਂ ਜੀਵ ਆਤਮਾ ਤੇ ਪਰਮਾਤਮਾ ਦਾ ਸਦੀਵੀ ਮਿਲਾਪ ਹੁੰਦਾ ਹੈ:

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥
ਮਨਿ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥
ਹਰਿ ਪ੍ਰਭਿ ਠਾਕੁਰਿ ਕਾਜ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥
ਝਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥[9]

ਚੋਥੀ ਲਾਵ ਇਸ ਵਿਚਾਰ ਨੂੰ ਪੇਸ਼ ਕਰਦੀ ਹੈ ਕਿ ਪਤੀ-ਪਤਨੀ ਦੇ ਰਿਸ਼ਤੇ ਵਿੱਚ ਵੱਖ-ਵੱਖ ਗੁੰਝਲਾਂ ਦੇ ਬਾਵਜੂਦ ਵੀ ਸਹਿਜ ਨੂੰ ਪਾਇਆ ਜਾ ਸਕਣ ਦੀ ਸਮਰੱਥਾ ਹੁੰਦੀ ਹੈ। ਗੁਰੂ ਸਾਹਿਬ ਦੇ ਇਸ ਅਹਿਸਾਸ ਦੀ ਗੂੜ੍ਹਤਾ ਨੇ ਮਰਦ ਇਸਤਰੀ ਦੇ ਦੁਨੀਆਵੀਂ ਪਤੀ-ਪਤਨੀ ਦੇ ਰਿਸ਼ਤੇ ਨੂੰ ਬਹੁਤ ਉੱਚੀ ਪੁਸ਼ਾਕ ਪਹਿਨਾਈ ਹੈ। ਜਿਵੇਂ ਪਤੀ-ਪਤਨੀ ਦੇ ਰਿਸ਼ਤੇ ਦਾ ਆਧਾਰ ਪਿਆਰ, ਪਵਿੱਤਰਤਾ, ਵਫ਼ਾਦਾਰੀ ਹੈ, ਜੋ ਦੰਪਤੀ ਦੇ ਜੀਵਨ ਨੂੰ ਇੱਕ ਦੂਸਰੇ ਲਈ ਸਤਿਕਾਰ ਦੀਆਂ

ਭਾਵਨਾਵਾਂ ਨਾਲ ਸੁਹਜਮਈ ਬਣਾ ਦਿੰਦਾ ਹੈ। ਉਸੇ ਤਰ੍ਹਾਂ ਇੱਕ ਮਨੁੱਖ ਦਾ ਇਹਨਾਂ ਗੁਣਾਂ ਸਦਕਾ ਉਸ ਪਰਮ ਸੱਚ ਨਾਲ ਮੇਲ ਸੁਹਜਮਈ ਬਣਦਾ ਹੈ। ਹਰਿੰਦਰ ਸਿੰਘ ਮਹਿਬੂਬ ਅਨੁਸਾਰ, “ਬੇਸ਼ਕ ਇਸਤ੍ਰੀ ਪੁਰਖ ਦਾ ਰਿਸ਼ਤਾ ਬਿਨਸਨਹਾਰ ਹੈ, ਵਿਹੜੇ ਵਿਚ ਮਾਰੂਥਲਾਂ ਦੀ ਉੱਡਦੀ ਧੂੜ ਜੇਹਾ ਹੈ ਅਤੇ ਮਾਇਆ ਦੀ ਇੱਕ ਖੇਡ ਹੈ, ਪਰ ਸਿੱਖ ਲਈ ਗੁਰੂ-ਲਿਵ ਵਿਚ ਇਸ ਦੀ ਚਿਰੰਜੀਵਤਾ ਸਥਾਪਤ ਹੈ। ਗੁਰੂ ਇਸ ਰਿਸ਼ਤੇ ਦਾ ਜ਼ਾਮਨ ਹੈ। ਇਸਤ੍ਰੀ-ਪੁਰਖ ਦਾ ਇਹ ਰਿਸ਼ਤਾ ਆਪਣੇ ਦਿੱਸਦੇ ਨਿੱਕੇ ਜੇਹੇ ਸਫਰ ਨੂੰ ਗੁਰੂ ਲਿਵ ਦੀ ਅਬੁੱਲ ਬਜ਼ੁਰਗੀ ਨਾਲ ਜੋੜ ਦਿੰਦਾ ਹੈ, ਅਤੇ ਇਸ ਦਾ ਸਿਦਕ ਮਹਾਨ ਅਣਹੋਂਦ ਦੇ ਸਖਤ ਕੂੜ ਨੂੰ ਚੀਰਦਾ ਹੋਇਆ ਲੰਘ ਜਾਂਦਾ ਹੈ।”[10] ਇਸ ਅਵਸਥਾ ਵਿੱਚ ਸਾਰੇ ਵਹਿਮ ਭਰਮ ਖ਼ਤਮ ਹੋ ਜਾਂਦੇ ਹਨ। ਹਰ ਪਾਸੇ ਉਸਦਾ ਹੀ ਪਸਾਰਾ ਨਜ਼ਰ ਆਉਂਦਾ ਹੈ। ਇਨਸਾਨ ਪਰਮ ਸੱਚ ਦੇ ਗੁਣਾਂ ਨੂੰ ਆਪਣੇ ਅੰਦਰ ਵਸਾਉਣ ਦਾ ਯਤਨ ਕਰਦਾ ਹੈ। ਇਹ ਸਾਰੇ ਅਨੁਭਵ ਮਨੁੱਖ ਦੇ ਮਨ ਨੂੰ ਨਿਰਮਲ ਭਉ ਦੀ ਅਵਸਥਾ ਤੋਂ 'ਮਨਿ ਚਾਉ ਭਇਆ ਬੈਰਾਗੀਆ' ਤੱਕ ਪਹੁੰਚਾਉਂਦਾ ਹੈ। ਇਹਨਾਂ ਅਵਸਥਾਵਾਂ/ਪੜਾਵਾਂ ਨੂੰ ਸਫਲਤਾ ਸਹਿਤ ਨਿਭਾਉਣ ਤੋਂ ਬਾਅਦ ਪਰਮਾਤਾਮਾ ਦੇ ਮਿਲਾਪ ਨਾਲ ਮਨ ਅਨੰਦ ਦੀ ਅਵਸਥਾ ਵਿੱਚ ਪਹੁੰਚ ਜਾਂਦਾ ਹੈ। ਇਹਨਾਂ ਚਾਰ ਲਾਵਾਂ ਰਾਹੀਂ ਗੁਰੂ ਰਾਮਦਾਸ ਨੇ ਵਿਆਹ ਨੂੰ ਦ੍ਰਿਸ਼ਟਮਾਨ ਅਸਲੀਅਤ ਨਾਲ ਸੰਬੋਧਿਤ ਕਰਕੇ ਇਸ ਵਿੱਚ ਰੂਹਾਨੀ ਰੰਗ ਭਰ ਦਿੱਤਾ। ਉਹ ਜੀਵਆਤਮਾ ਅਤੇ ਪਰਮਾਤਮਾ ਦੇ ਅਧਿਆਤਮਕ ਭਾਵ ਜਾਂ ਆਪਸੀ ਰਿਸ਼ਤੇ ਨੂੰ ਪਤੀ-ਪਤਨੀ ਦੇ ਰਿਸ਼ਤੇ ਦੇ ਸੰਦਰਭ ਵਿੱਚ ਪੇਸ਼ ਕਰਕੇ ਆਪਸੀ ਸੰਬੰਧਾਂ ਨੂੰ ਮਹੱਤਤਾ ਦਿੰਦੇ ਹਨ। ਇਸ ਰਿਸ਼ਤੇ ਦੇ ਗੁਣ, ਜ਼ੁੰਮੇਵਾਰੀਆਂ ਇਨਸਾਨ ਨੂੰ ਪਰਮ ਸੱਚ ਦੀ ਪ੍ਰਾਪਤੀ ਦੇ ਕਾਬਿਲ ਕਰਦੇ ਹਨ। ਇਸ ਰੂਪ ਦੀ ਬਦੌਲਤ “ਵਿਆਹ ਵੀ ਕ੍ਰਿਤ ਦੇ ਦਿਹੁੰ ਦੀ ਇਕ ਮਿੱਠੀ ਲਗਣ ਬਣ ਗਿਆ। ਜੋ ਗੁਰੂ-ਲਿਵ ਜ਼ਿਹਨ ਨੂੰ ਅਸੰਖਾ ਅਸਗਾਹੀ ਲਹਿਰਾਂ ਵਿਚ ਤਬਦੀਲ ਕਰਦੀ ਹੈ, ਜਿਹੜੀ ਪ੍ਰਤਿਭਾ ਦੀ ਥੱਰਥੱਰਾਹਟ ਨਾਲ ਸਰਬ ਭੇਦ ਲੱਭਦੀ ਹੈ, ਜਿਹੜੀ ਅਸੰਖ ਜਜ਼ਬਿਆਂ ਵਿਚ ਨਿੱਜਤੱਵ ਖੜਾ ਕਰਦੀ ਹੈ ਅਤੇ ਜਿਹੜੀ ਜਮ ਦੇ ਹਰਾਸ ਵਿੱਚ ਨਿਰਭੈਅ ਆਸਨ ਲੱਭਦੀ ਹੈ, ਉਸੇ ਗੁਰੂ-ਲਿਵ ਨੇ ਇਸਤ੍ਰੀ ਪੁਰਖ ਦੇ ਰਿਸ਼ਤੇ ਵਿਚ ਅੰਤਮ-ਨਾਂਹ ਤੋਂ ਨਿਰਲੇਪ ਲਗਨ ਦਰਸਾਈ ਅਤੇ 'ਦੇਹ' ਵਿਚ 'ਬਿਦੇਹੀ' ਦਾ ਸੱਚ ਪੈਦਾ ਕੀਤਾ।”[11] ਜੀਵ ਆਤਮਾ ਅਤੇ ਪਰਮ ਸੱਚ ਦੇ ਮੇਲ ਲਈ ਗੁਰੂ ਨਾਨਕ ਦੇਵ ਨੇ ਵੀ ਵਿਆਹ ਦੀ ਸੰਗਿਆ ਵਰਤੀ ਹੈ।

ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ॥
ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ॥ [12]

ਮਨਮੋਹਨ ਸਹਿਗਲ ਅਨੁਸਾਰ, “ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਚਿੰਤਨ ਸਾਫ ਸ਼ਬਦਾਂ ਵਿਚ ਮੰਨਦਾ ਹੈ ਕਿ ਮਧੂਰਾ ਭਗਤੀ ਨਾਲ ਹੀ ਜੀਵ ਰਾਤ-ਦਿਨ ਪ੍ਰਭੂ ਦੇ ਰਸ ਵਿੱਚ ਲੀਨ ਰਹਿ ਸਕਦਾ ਹੈ ਅਤੇ



ਉਸੇ ਵਿਚ ਪ੍ਰਭੂ ਰੂਪੀ ਪਤੀ ਜੀਵ ਰੂਪੀ ਪਤਨੀ ਦਾ ਹੱਥ ਫੜਕੇ ਮੁਕਤੀ ਪ੍ਰਦਾਨ ਕਰਦਾ ਹੈ। ਉੱਪਰ ਦੱਸੀ ਗਈ ਭਗਤੀ ਦਾ ਆਧਾਰ ਪਤੀ-ਪਤਨੀ ਦਾ ਪਿਆਰ ਹੈ। ਪ੍ਰੇਮ ਦੇ ਸਾਰੇ ਨਾਤੇ ਸੰਬੰਧਾਂ ਵਿੱਚ ਇਹੀ ਸੰਬੰਧ ਸਭ ਤੋਂ ਵਧੇਰੇ ਨੇੜੇ ਅਤੇ ਪੱਕਾ ਮੰਨਿਆ ਜਾਂਦਾ ਹੈ। ਇਸ ਵਿੱਚ ਬਾਹਰਲੇ ਰਸਮ ਰਿਵਾਜ ਘੱਟ ਅਤੇ ਅੰਦਰੂਨੀ ਪਿਆਰ, ਸ਼ਰਧਾ ਅਤੇ ਲਗਨ ਵਧੇਰੇ ਹੁੰਦੀ ਹੈ। ਸ਼ਾਇਦ ਇਸ ਲਈ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਇਸੇ ਭਾਵ ਨੂੰ ਸਭ ਤੋਂ ਵਧੇਰੇ ਮਹੱਤਵ ਦਿੱਤਾ ਗਿਆ ਹੈ। ਇਸ ਮਾਨਤਾ ਦਾ ਸਮਾਜਕ ਮਹੱਤਵ ਵੀ ਹੈ। ਉਪਦੇਸ਼ ਦੀ ਬਿਰਤੀ ਵਿੱਚ ਇਹੀ ਭਾਵਨਾ ਸਭ ਤੋਂ ਵਧੇਰੇ ਪ੍ਰਭਾਵਸ਼ਾਲੀ ਹੁੰਦੀ ਹੈ।”[13] ਗੁਰੂ ਸਾਹਿਬ ਨੇ ਲਾਵਾਂ ਬਾਣੀ ਰਾਹੀਂ ਮਨੁੱਖੀ ਜੀਵਨ ਦੀਆਂ ਸਾਰੀਆਂ ਗੁੰਝਲਾਂ ਅਤੇ ਦਵੈਤ ਭਾਵਨਾਵਾਂ ਨੂੰ ਦੂਰ ਕਰ ਸਹਿਜਮਈ ਜੀਵਨ ਬਖ਼ਸ਼ਿਆ। ਸਿੱਖ ਧਰਮ ਵਿੱਚ ਵਿਆਹ ਦੇ ਰਿਸ਼ਤੇ ਨੂੰ ਬਹੁਤ ਮਹਾਨਤਾ ਹਾਸਲ ਹੈ। ਵਿਆਹ ਅਨੰਦ, ਖੇੜੇ, ਚਾਉ ਦਾ ਸਮਾਂ ਹੈ ਤਾਂ ਉਸ ਵਿੱਚ ਲੋਭ, ਮੋਹ ਦਾ ਤਾਂ ਨਾਮ ਨਿਸ਼ਾਨ ਨਹੀਂ ਹੋਣਾ ਚਾਹੀਦਾ। ਇਹ ਤਾਂ ਪਿਆਰ ਅਤੇ ਵਿਸ਼ਵਾਸ ਦਾ ਰਿਸ਼ਤਾ ਹੈ, ਜੋ ਸਮਾਜਿਕ ਤੰਦਰੁਸਤੀ ਦੀ ਬੁਨਿਆਦ ਹੈ। “ਵਿਆਹੁਤਾ ਜੀਵਨ ਸੰਬੰਧੀ ਅਗਵਾਈ ਤਾਂ ਕੁੜਮਾਈ ਵਾਲੇ ਸ਼ਬਦਾਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ। 'ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ॥' ਸੁਖੀ ਪਰਿਵਾਰਕ ਜੀਵਨ ਲਈ ਰਿਸ਼ਤੇ ਕਿਵੇਂ ਤਹਿ ਕੀਤੇ ਜਾਣ, ਇਸ ਬਾਰੇ ਦੱਸਿਆ ਹੈ ਕਿ ਕੁੜਮ ਜਦੋਂ ਕੁੜਮਾਈ ਦੇ ਮੰਤਵ ਨਾਲ ਇਕੱਠੇ ਹੋਣ ਤਾਂ ਭਾਵਨਾ, ਲਾਲਚ, ਵਡੱਪਣ ਜਾਂ ਹਉਮੈਂ ਦੀ ਨਾ ਹੋਵੇ, ਸਗੋਂ ਸਤ, ਸੰਤੋਖ ਅਤੇ ਭਾਉ (ਪ੍ਰੇਮ) ਦੀ ਭਾਵਨਾ ਹੀ ਪ੍ਰਧਾਨ ਹੋਵੇ। ਲਾਲਚ ਅਤੇ ਹੋਰ ਪਸ਼ੂ-ਬਿਰਤੀਆਂ (ਅਨਮਿਓਲ ਨਿਸਟਨਿਚਟਸ) ਦੀ ਰੇਤਲੀ ਧਰਤੀ ਵਿੱਚ ਰੱਖੀ ਨੀਂਹ ਤੇ ਆਧਾਰਿਤ ਰਿਸ਼ਤਿਆਂ ਵਿੱਚ ਕਦੀ ਸਥਿਰਤਾ ਨਹੀਂ ਆ ਸਕਦੀ। ਇਸੇ ਲਈ ਕੁੜਮਾਂ ਲਈ ਅਗਵਾਈ ਹੈ ਕਿ ਸਚ ਸੰਤੋਖ ਤੇ ਪ੍ਰੇਮ 'ਤੇ ਆਧਾਰਿਤ ਰਿਸ਼ਤੇ ਹੀ ਕਾਇਮ ਹੋਣ। ਇਸ ਦੇ ਉਲਟ ਕੂੜ ਲਾਲਚ ਅਤੇ ਕ੍ਰੋਧ ਦੀ ਭਾਵਨਾ ਰਿਸ਼ਤਿਆਂ ਵਿੱਚ ਕੁੜੱਤਣ ਹੀ ਲਿਆਉਂਦੀ ਹੈ, ਸਥਿਰਤਾ ਨਹੀਂ।”[14] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਧਿਆਤਮਕ ਸੰਦਰਭ ਵਿੱਚ ਲਿਆ ਪਤੀ-ਪਤਨੀ ਦਾ ਰਿਸ਼ਤਾ ਆਮ ਨਹੀਂ ਬਲਕਿ ਇਹ ਸਰੀਰਕ ਪਿਆਰ ਤੋਂ ਕਿਤੇ ਅਗਾਂਹ ਦੀ ਗੱਲ ਕਰਦੇ ਹਨ। ਉਹ ਰਿਸ਼ਤਾ ਜਿਸ ਵਿੱਚ ਕਾਮਵਾਸਨਾ ਦੀ ਖਿੱਚ ਹੀ ਨਹੀਂ ਸਗੋਂ ਤਿਆਗ ਭਾਵਨਾ, ਸੱਚਾ ਸਮਰਪਣ, ਅਥਾਹ ਪ੍ਰੇਮ ਵੀ ਸ਼ਾਮਿਲ ਹੈ। ਇਹ ਅਜਿਹਾ ਪਿਆਰ ਹੈ ਜੋ ਰੂਹਾਨੀ ਹੋ ਨਿਬੜਦਾ ਹੈ। ਪੂਰਨ ਸਿੰਘ ਅਨੁਸਾਰ, “ਇਹ ਰਿਸ਼ਤਾ ਜਾਂ ਸਬੰਧ ਬਾਹਰੀ ਚਮਕ-ਦਮਕ ਤੇ ਵਿਖਾਵੇ ਵਾਲਾ ਨਹੀਂ ਹੁੰਦਾ, ਨਾ ਹੀ ਇਹ ਕਿਸੇ ਅਖੌਤੀ ਕਲਾ-ਕ੍ਰਿਤ ਸਮਾਨ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ। ਸਗੋਂ ਇਹ ਤਾਂ ਸਾਗਰ ਜਿਨਾ ਅਸਗਾਹ ਅਤੇ ਧਰਤੀ ਤੇ ਅਕਾਸ਼ ਸਮਾਨ ਸਦੀਵੀ ਹੁੰਦਾ ਹੈ।”[15] ਗੁਰੂ ਰਾਮਦਾਸ ਦੁਆਰਾ ਰਚਿਤ ਲਾਵਾਂ ਬਾਣੀ ਦਾ ਮੂਲ ਪਾਠ ਕਰਕੇ ਸ੍ਰੀ ਗੁਰੂ ਗ੍ਰੰਥ

ਸਾਹਿਬ ਦੀ ਹਜ਼ੂਰੀ ਵਿੱਚ ਮਰਦ ਅਤੇ ਇਸਤਰੀ ਦੇ ਵਿਆਹ ਦੀ ਇਹ ਰਸਮ ਨਿਭਾਈ ਜਾਂਦੀ ਹੈ। ਪਰਮਾਤਾਮਾ ਅਤੇ ਜੀਵ ਆਤਮਾ ਦੇ ਰਿਸ਼ਤੇ ਵਿੱਚ ਮਰਦ ਅਤੇ ਇਸਤਰੀ ਨੂੰ ਇੱਕ ਇਕਾਈ ਦੇ ਤੌਰ 'ਤੇ ਸਵੀਕਾਰ ਕੀਤਾ ਗਿਆ ਹੈ। ਇਸੇ ਕਰਕੇ ਇਹਨਾਂ ਦੋਵਾਂ (ਮਰਦ ਅਤੇ ਇਸਤਰੀ) ਨੇ ਇਕਾਈ ਦੇ ਤੌਰ ਤੇ ਪਰਮਾਤਮਾ ਨਾਲ ਜੁੜਨਾ ਹੁੰਦਾ ਹੈ। ਇਹ ਇੱਕ ਰਸਮ ਹੈ ਜੋ ਮਰਦ ਅਤੇ ਇਸਤਰੀ ਨੂੰ ਜੋੜ ਕੇ, ਇਕਸੁਰ ਕਰਕੇ ਪਰਮਾਤਮਾ ਵੱਲ ਇਕੱਠਿਆਂ ਵੱਧਣ ਲਈ ਪ੍ਰੇਰਿਤ ਕਰਦੀ ਹੈ। ਸਮਕਾਲੀ ਪ੍ਰਸੰਗ ਵਿੱਚ 'ਲਾਵਾਂ' ਬਾਣੀ ਦਾ ਅਧਿਆਤਮਕ ਭਾਵ ਮਹਿਜ ਇਕ ਸਮਾਜਿਕ ਰਸਮ ਬਣ ਗਿਆ ਹੈ। ਮਰਦ ਅਤੇ ਇਸਤਰੀ ਨੂੰ ਜੋੜਨ ਵਾਸਤੇ ਜਾਂ ਸਮਾਜ ਵਿੱਚ ਪਤੀ ਪਤਨੀ ਦਾ ਦਰਜਾ ਦੇਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਇਹ ਰਸਮ ਬੜੇ ਸ਼ਾਨੋ ਸ਼ੌਕਤ ਨਾਲ ਨਿਭਾਈ ਜਾਂਦੀ ਹੈ। ਇਹ ਰਸਮ ਲਾਵਾਂ ਬਾਣੀ ਦੇ ਅਧਿਆਤਮਕ ਭਾਵ ਤੋਂ ਦੂਰ ਹੋਣ ਕਰਕੇ ਕੇਵਲ ਦਿਖਾਵੇ ਮਾਤਰ ਹੋਣ ਲੱਗ ਪਈ ਹੈ। ਇਸੇ ਕਰਕੇ ਮਰਦ ਇਸਤਰੀ ਦਾ ਇਹ ਰਿਸ਼ਤਾ ਗੁਰਬਾਣੀ ਦੇ ਮੁੱਖ ਉਪਦੇਸ਼ ਤੋਂ ਮੁਨਕਰ ਹੈ। ਲਾਵਾਂ ਬਾਣੀ ਦੇ ਮੂਲ ਪਾਠ ਨੂੰ ਆਧਾਰ ਬਣਾ ਕੇ ਜੇ ਵਿਆਹ ਦੀ ਰਸਮ ਨਿਭਾਈ ਜਾਵੇ ਤਾਂ ਪਤੀ ਪਤਨੀ ਦੇ ਰਿਸ਼ਤੇ ਵਿੱਚ ਪੈਦਾ ਹੋ ਰਹੀ ਕੁੜੱਤਣ ਨੂੰ ਖ਼ਤਮ ਕਰਨ ਦੀ ਸੰਭਾਵਨਾ ਬਣ ਸਕਦੀ ਹੈ। ਇਸ ਨੂੰ ਕੇਵਲ ਸੁਣਨ ਤੱਕ ਮਹਿਦੂਦ ਨਹੀਂ ਕਰਨਾ ਬਲਕਿ ਇਸ ਦੇ ਅਰਥਾਂ ਤੱਕ ਜਾਕੇ ਉਹਨਾਂ ਨੂੰ ਸਮਝਣਾ ਪਵੇਗਾ। ਸਮਾਜ ਵਿੱਚ ਪਤੀ ਪਤਨੀ ਦੇ ਰਿਸ਼ਤੇ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹਲ ਵਾਸਤੇ ਇਸਦੀ ਸ਼ੁਰੂਆਤ ਅਤੇ ਆਧਾਰ ਨੂੰ ਮਜ਼ਬੂਤ ਕਰਨਾ ਪਵੇਗਾ ਕਿਉਂਕਿ ਇਹ ਬਾਣੀ ਮਰਦ ਅਤੇ ਇਸਤਰੀ ਦੇ ਨਵੇਂ ਰਿਸ਼ਤੇ ਨੂੰ ਸੰਬੋਧਿਤ ਕਰਕੇ ਇੱਕਠਿਆਂ ਚੱਲਣ ਦੀ ਤਾਕੀਦ ਕਰਦੀ ਹੈ।

**ਹਵਾਲੇ:**

1. ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 1999, ਪੰਨਾ 798.
2. ਕੁਲਦੀਪ ਸਿੰਘ ਧੀਰ, ਗੁਰਬਾਣੀ, ਜੋਤਿ ਅਤੇ ਜੁਗਤਿ, ਪੰਜਾਬੀ ਪਬਲੀਕੇਸ਼ਨ, ਪਟਿਆਲਾ, 1994, ਪੰਨਾ 19.
3. ਤ੍ਰਿਲੋਚਨ ਸਿੰਘ, 'ਗੁਰੂ ਰਾਮਦਾਸ ਵਿਸ਼ੇਸ਼ ਅੰਕ', ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪੰਜਾਬ, 1962, ਪੰਨਾ 78.
4. ਮਹਿੰਦਰ ਕੌਰ ਗਿੱਲ, ਆਦਿ ਗ੍ਰੰਥ ਛੰਤ ਵਿਵੇਚਨ, ਪੰਨੇ 84-85.



5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 773.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 773.
7. ਪ੍ਰਭਜੋਤ ਕੌਰ, ਬਤੀਹ ਸੁਲਖਣੀ, ਸੁਕ੍ਰਿਤ ਟਰੱਸਟ, ਲੁਧਿਆਣਾ, 2009, ਪੰਨੇ 99-100.
8. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 774.
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 774.
10. ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖਾਲਸਾ, ਹਰਿੰਦਰ ਸਿੰਘ ਮਹਿਬੂਬ, ਹੁਸ਼ਿਆਰਪੁਰ, 1988, ਪੰਨਾ 131.
11. ਉਹੀ
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 351.
13. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ, ਭਾਸ਼ਾ ਵਿਭਾਗ, ਫੰਜਾਬ, 1987, ਪੰਨੇ 509-510.
14. ਪ੍ਰਭਜੋਤ ਕੌਰ, ਬਤੀਹ ਸੁਲਖਣੀ, ਪੰਨੇ 93-94.
15. ਪੂਰਨ ਸਿੰਘ, ਸਿਖੀ ਦੀ ਆਤਮਾ, ਭਾਗ ਤੀਜਾ, ਕਿਰਪਾਲ ਸਿੰਘ ਕਸੇਲ (ਅਨੁ.), ਪੰਜਾਬੀ ਪਬਲੀਕੇਸ਼ਨ, ਪਟਿਆਲਾ, 1996, ਪੰਨਾ 148.

# 'ਅਬ ਗੁਰ ਰਾਮਦਾਸ ਕਉ ਮਿਲੀ ਬਡਾਈ'
## (ਗੁਰੂ ਰਾਮਦਾਸ ਦੀ ਗੁਰਿਆਈ ਦੇ ਵਿਸ਼ੇਸ਼ ਹਵਾਲੇ ਵਿਚ)

ਡਾ. ਤੇਜਿੰਦਰ ਪਾਲ ਸਿੰਘ*

ਇਸ ਪਰਚੇ ਵਿਚ ਗੁਰੂ ਨਾਨਕ ਦੇਵ ਦੀ ਚੌਥੀ ਜੋਤਿ, ਗੁਰੂ ਰਾਮਦਾਸ ਦੀ ਗੁਰਿਆਈ ਬਾਰੇ ਚਰਚਾ ਕੀਤੀ ਜਾ ਰਹੀ ਹੈ। ਪਰਚੇ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਗੁਰਿਆਈ ਦੀ ਸਿਧਾਂਤਕ ਚਰਚਾ ਹੈ, ਜਿਸ ਵਿਚ ਗੁਰੂ-ਜੋਤਿ ਬਾਰੇ ਵਰਨਣ ਹੈ। ਦੂਜੇ ਭਾਗ ਵਿਚ ਗੁਰੂ ਰਾਮਦਾਸ ਨੂੰ ਗੁਰੂ ਨਾਨਕ ਦੇਵ ਦੀ ਜੋਤਿ ਦੀ ਨਿਰੰਤਰਤਾ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਕਾਰਜ ਲਈ ਗੁਰਬਾਣੀ ਅਤੇ ਗੁਰਮੁਖੀ ਸ੍ਰੋਤਾਂ ਤੋਂ ਖੁਲੀ ਮਦਦ ਲਈ ਹੈ।

## I

ਗੁਰੂ ਅੰਗਦ ਦੇਵ ਤੋਂ ਗੁਰੂ ਗੋਬਿੰਦ ਸਿੰਘ ਤਕ 'ਗੁਰਿਆਈ' ਧਾਰਨ ਕਰਨ ਸਮੇਂ ਕੇਵਲ ਸਰੀਰ ਬਦਲਿਆ, ਉਨ੍ਹਾਂ ਅੰਦਰ 'ਜੋਤਿ' ਇਕ ਹੀ ਸੀ। ਗੁਰੂ ਸਾਹਿਬਾਨ ਦੇ ਜੋਤਿ-ਸਰੂਪ ਨੂੰ ਸਮਝਣ ਲਈ ਪਹਿਲਾਂ 'ਜੋਤਿ' ਨੂੰ ਸਮਝਣਾ ਜ਼ਰੂਰੀ ਹੈ।

ਗੁਰਬਾਣੀ ਦੀ ਦ੍ਰਿਸ਼ਟੀ ਵਿਚ ਗੁਰੂ ਨਾਨਕ ਦੇਵ 'ਜੋਤਿ-ਰੂਪ' ਹਨ।[1] ਜ਼ਿਕਰਯੋਗ ਹੈ ਕਿ 'ਗੁਰੂ' ਸ਼ਬਦ ਦਾ ਢੁਕਵਾਂ ਬਦਲ 'ਜੋਤਿ' ਹੀ ਹੈ, ਕਿਉਂਕਿ ਸਿੱਖ ਪਰੰਪਰਾ ਵਿਚ ਲਗਪਗ ਸਾਰੇ ਵਿਦਵਾਨਾਂ ਨੇ 'ਗੁਰੂ' ਦੇ ਅਰਥ 'ਹਨੇਰੇ ਵਿਚ ਪ੍ਰਕਾਸ਼ ਕਰਨ ਵਾਲਾ' ਕੀਤੇ ਹਨ।[2] ਇਸੇ ਤਰ੍ਹਾਂ ਜੋਤਿ ਤੋਂ ਭਾਵ ਵੀ ਪ੍ਰਕਾਸ਼ ਹੈ। ਭਾਈ ਕਾਨ੍ਹ ਸਿੰਘ 'ਜੋਤਿ' ਦੇ ਅਰਥ: ਪ੍ਰਕਾਸ਼, ਚਮਕ ਅਤੇ ਤੇਜ਼ ਕਰਦੇ ਹਨ।[3] ਗੁਰਬਾਣੀ ਅਨੁਸਾਰ ਪਰਮਾਤਮਾ ਆਪਣੇ ਆਪ ਨੂੰ ਪ੍ਰਕਾਸ਼ਿਤ ਕਰਦਾ ਹੈ। ਇਸ ਲਈ ਉਸ ਨੂੰ 'ਨੂਰ' ਅਥਵਾ 'ਜੋਤਿ' ਆਦਿ ਸ਼ਬਦਾਂ ਨਾਲ ਸੰਬੋਧਿਤ ਕੀਤਾ ਗਿਆ ਹੈ। ਗੁਰਬਾਣੀ ਵਿਚ 'ਜੋਤਿ' ਸ਼ਬਦ ਦੇ ਕਈ ਅਰਥ ਪ੍ਰਾਪਤ ਹੁੰਦੇ ਹਨ: ਆਤਮਾ-ਪਰਮਾਤਮਾ[4], ਗੁਰੂ-ਗਿਆਨ[5], ਸਰੀਰਕ ਬਲ[6] ਅਤੇ ਨੇਤ੍ਰ-ਜੋਤੀ[7] ਆਦਿ। ਗੁਰਬਾਣੀ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ 'ਜੋਤਿ' ਸ਼ਬਦ ਪਰਮਾਤਮਾ ਲਈ ਹੀ ਵਰਤਿਆ ਗਿਆ ਹੈ। ਗੁਰੂ ਨਾਨਕ ਦੇਵ ਇਸ ਪ੍ਰਥਾਇ ਦਸਦੇ ਹਨ ਕਿ ਇਹ 'ਜੋਤਿ' ਸਾਰੇ ਸੰਸਾਰ ਵਿਚ ਵਿਆਪਕ ਹੈ। ਇਹ ਪਰਮਾਤਮਾ ਨਾਲੋਂ ਕੋਈ ਵਖਰੀ ਚੀਜ਼ ਨਹੀਂ, ਬਲਕਿ ਪਰਮਾਤਮਾ ਆਪ ਹੀ ਹੈ। ਇਹ ਜੋਤਿ, ਅਥਵਾ ਪਰਮਾਤਮਾ ਦੀ ਹੋਂਦ ਕੇਵਲ ਗੁਰੂ ਦੀ ਸਿਖਿਆ, ਅਰਥਾਤ'ਸਬਦ' ਨਾਲ ਹੀ ਪ੍ਰਗਟ ਹੋ ਸਕਦੀ ਹੈ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥[8]

ਗੁਰਬਾਣੀ ਵਿਚ ਪਰਮਾਤਮਾ ਨੂੰ ਜੋਤਿ-ਸਰੂਪ ਵੀ ਕਿਹਾ ਗਿਆ ਹੈ:

ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ॥[9]



ਗੁਰੂ-ਜੋਤਿ ਤੋਂ ਭਾਵ ਗੁਰੂ ਦੇ ਉਸ ਆਤਮਿਕ ਸਰੂਪ ਤੋਂ ਹੈ, ਜਿਹੜਾ ਪਰਮਾਤਮਾ ਨਾਲ ਤਦਰੂਪਤਾ ਪ੍ਰਾਪਤ ਕਰ ਚੁਕਿਆ ਹੋਵੇ। ਇਹ ਪਰਮਾਤਮਾ ਨਾਲ ਇਕ ਰੂਪ ਹੋਈ ਗੁਰੂ ਨਾਨਕ ਦੇਵ ਦੀ ਜੋਤਿ ਹੀ ਬਾਕੀ ਗੁਰੂਆਂ ਦੇ ਸਰੀਰਾਂ ਵਿਚ ਪ੍ਰਵੇਸ਼ ਹੁੰਦੀ ਰਹੀ:

ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥
ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥[10]

ਭਾਈ ਵੀਰ ਸਿੰਘ ਨੇ 'ਗੁਰੂ-ਜੋਤਿ' ਨੂੰ ਪਾਰਬ੍ਰਹਮ ਦੀ 'ਸਿਖਾਵਨਹਾਰ ਸ਼ਕਤੀ' ਕਿਹਾ ਹੈ। ਉਨ੍ਹਾਂ ਅਨੁਸਾਰ, "ਇਹ ਸ਼ਕਤੀ ਹੀ ਗੁਰੂ ਨਾਨਕ ਦੇਵ ਦੇ ਸਰੀਰ ਵਿਚ ਪ੍ਰਗਟ ਹੋਈ ਅਤੇ ਗੁਰੂ ਨਾਨਕ ਦੇਵ ਨੇ ਆਪਣੇ ਦਸ ਸਰੂਪਾਂ ਵਿਚ ਇਸ ਸ਼ਕਤੀ ਦੀਆਂ 'ਦਿਵਯ ਪ੍ਰਕਾਸ਼ ਕਿਰਣਾਂ' ਨੂੰ ਮਨੁਖੀ ਹਿਰਦਿਆਂ ਵਿਚ ਸੰਚਾਰਿਤ ਕਰ ਕੇ ਮਾਨਵ ਮਨ ਦਾ ਅੰਧਕਾਰ ਦੂਰ ਕੀਤਾ। ਇਹ ਪਵਿਤਰ ਜੋਤਿ ਸ਼ਕਤੀ ਸ਼ਬਦ ਰੂਪ ਧਾਰ ਕੇ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੋਈ ਅਤੇ ਇਸ ਜੋਤਿ ਨੂੰ ਪ੍ਰਜਵਲਿਤ ਕਰਨ ਦੀ ਵਿਧੀ ਜਾਂ 'ਜੁਗਤਿ' ਖਾਲਸੇ ਵਿਚ ਸਥਿਤ ਹੋਈ ਹੈ।"[11]

ਗੁਰਿਆਈ ਪਰੰਪਰਾ ਦੀ ਮੁਢਲੀ ਕੜੀ 'ਗੁਰੂ-ਜੋਤਿ' ਹੈ। ਇਸ ਪ੍ਰਸੰਗ ਵਿਚ ਗੁਰਿਆਈ ਦੇ ਦੋ ਬੁਨਿਆਦੀ ਪਖ ਹਨ: 'ਗੁਰੂ-ਜੋਤਿ' ਅਤੇ 'ਗੁਰਿਆਈ ਪਦ'। ਗੁਰੂ-ਜੋਤਿ ਦੀ ਨਿਰੰਤਰਤਾ ਸਰੀਰਾਂ ਦੀ ਨਹੀਂ, ਬਲਕਿ ਆਤਮਿਕ ਹੈ। ਗੁਰਿਆਈ ਦਾ ਰਹਸ ਲੋਕਾਂ ਦੀ ਸਮਝ ਵਿਚ ਨਹੀਂ ਆ ਸਕਦਾ। ਗੌਰਤਲਬ ਹੈ ਕਿ ਗੁਰਿਆਈ ਪਰੰਪਰਾ ਨੇ ਦੋ ਤਥ ਪੂਰੀ ਤਰ੍ਹਾਂ ਸਥਾਪਿਤ ਤੇ ਸਪਸ਼ਟ ਕੀਤੇ: ਪਹਿਲਾ, ਗੁਰਿਆਈ ਪਰੰਪਰਾ ਦੈਵੀ ਹੈ, ਦੁਨਿਆਵੀ ਨਹੀਂ, ਦੂਜਾ, ਗੁਰਿਆਈ ਬਖਸ਼ਿਸ਼ ਹੈ, ਅਧਿਕਾਰ ਨਹੀਂ। ਅਧਿਕਾਰਾਂ ਦਾ ਸੰਘਰਸ਼ ਹਮੇਸ਼ਾਂ ਹੰਕਾਰ ਅਤੇ ਮੋਹ-ਮਾਇਆ ਅਧੀਨ ਹੋ ਕੇ ਲੜਿਆ ਜਾਂਦਾ ਹੈ, ਪਰੰਤੂ ਬਖਸ਼ਿਸ਼ ਹਮੇਸ਼ਾਂ ਮੋਹ-ਮਾਇਆ ਤੇ ਹਉਮੈਂ ਤੋਂ ਰਹਿਤ ਹੋ ਕੇ ਪ੍ਰਾਪਤ ਕੀਤੀ ਜਾਂਦੀ ਹੈ। ਸੰਸਾਰੀ ਗੱਦੀਆਂ ਦੇ ਇਤਿਹਾਸ ਵਿਚ 'ਗੱਦੀ ਅਧਿਕਾਰ' ਨੂੰ ਵਿਰਾਸਤੀ ਅਧਿਕਾਰ ਮੰਨਿਆ ਜਾਂਦਾ ਸੀ। ਦੂਜੇ ਪਾਸੇ ਗੁਰੂ ਨਾਨਕ ਦੇਵ ਨੇ ਵਿਰਾਸਤੀ ਅਧਿਕਾਰ ਨੂੰ ਹਟਾ ਕੇ ਬਖਸ਼ਿਸ਼ ਟਿਕਾ ਦਿਤੀ।[12] ਗੁਰੂ ਅੰਗਦ ਦੇਵ ਨੂੰ 'ਗੁਰਿਆਈ' ਬਖਸ਼ਿਸ਼ ਰੂਪ ਵਿਚ ਹੀ ਪ੍ਰਾਪਤ ਹੋਈ, ਅਧਿਕਾਰ ਵਜੋਂ ਨਹੀਂ। ਭਾਈ ਸਤਾ/ਬਲਵੰਡਿ ਜਦੋਂ ਗੁਰੂ-ਸਪੁਤਰਾਂ ਦੇ ਬਾਗੀ ਹੋਣ ਦਾ ਤਥ ਪ੍ਰਗਟਾਉਂਦੇ ਹਨ

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥[13]

ਤਾਂ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਨੇ ਜਦੋਂ ਆਪਣੇ ਪੁਤਰ-ਪੋਤਰਿਆਂ ਨੂੰ ਛਡ ਕੇ ਗੁਰਿਆਈ ਸਿੱਖ-ਸੇਵਕਾਂ ਨੂੰ ਬਖਸ਼ੀ, ਤਾਂ ਮੋਹ-ਮਾਇਆ ਵਿਚ ਫਸੇ ਪੁਤਰਾਂ ਦਾ 'ਗੁਰੂ-ਕਉਲ' ਪਾਲਣ ਤੋਂ ਆਕੀ ਹੋ ਜਾਣਾ ਸੁਭਾਵਿਕ ਸੀ। ਗੁਰੂ ਨਾਨਕ ਦੇਵ ਨੇ

*ਸਹਾਇਕ ਪ੍ਰੋਫੈਸਰ (ਧਰਮ ਅਧਿਐਨ), ਯੂਨੀਵਰਸਿਟੀ ਕਾਲਜ, ਮੀਰਾਪੁਰ

ਭਾਈ ਲਹਣਾ ਨੂੰ ਜਦੋਂ ਗੁਰਿਆਈ ਦਿਤੀ ਤਾਂ ਉਨ੍ਹਾਂ ਦੇ ਪੁਤਰਾਂ- ਸਿਰੀਚੰਦ ਤੇ ਲਖਮੀਦਾਸ ਨੇ ਬਹੁਤ ਵਿਰੋਧ ਕੀਤਾ। ਗੁਰਿਆਈ ਦੇ ਇਸ ਦੈਵੀ-ਸਰੂਪ ਨੂੰ ਗੁਰੂ ਸਾਹਿਬ ਦੇ ਪੁਤਰ ਆਪਣਾ ਵਿਰਾਸਤੀ ਹਕ ਸਮਝਦੇ ਸਨ, ਜਿਸ ਦੀ ਪ੍ਰਾਪਤੀ ਨਾ ਹੋਣੋ ਤੇ ਉਨ੍ਹਾਂ ਨੇ ਗੁਰੂ-ਘਰ ਦਾ ਵਿਰੋਧ ਵੀ ਕੀਤਾ। ਇਸ ਪ੍ਰਥਾਇ ਗੁਰਬਿਲਾਸ ਪਾਤਸ਼ਾਹੀ ੬ ਦਾ ਕਰਤਾ ਲਿਖਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੋਤੀ-ਜੋਤਿ ਸਮਾ ਗਏ ਤਾਂ ਉਨ੍ਹਾਂ ਦੇ ਚਲਾਣੇ ਤੋਂ ਦਸਵੇਂ ਦਿਨ ਜਦੋਂ ਗੁਰੂ ਅੰਗਦ ਦੇਵ ਦੀ ਦਸਤਾਰਬੰਦੀ ਹੋਣੀ ਸੀ ਤਾਂ ਉਸ ਸਮੇ ਬਾਬਾ ਸ੍ਰੀ ਚੰਦ ਨੇ ਧੱਕੇ ਨਾਲ ਪਗ ਲੈ ਲਈ :

ਜਬ ਦਸਵੇਂ ਕਾ ਦਿਵਸੁ ਸੁ ਆਯੋ॥
ਮਮ ਤਾਏ ਤਬ ਹੀ ਬਲੁ ਪਾਯੋ॥
ਨਿਜ ਬਲੁ ਸਾਥਿ ਪਾਗ ਤਬ ਲੀਨੀ॥ [14]

ਗੁਰੂ ਅੰਗਦ ਦੇਵ ਦੇ ਪੁਤਰਾਂ ਨੇ ਵੀ ਗੁਰੂ ਅਮਰਦਾਸ ਦਾ ਵਿਰੋਧ ਕੀਤਾ। ਭਾਈ ਕੇਸਰ ਸਿੰਘ ਛਿਬਰ ਬੰਸਾਵਲੀਨਾਮਾ ਵਿਚ ਦਸਦੇ ਹਨ ਕਿ ਜਦੋਂ ਗੁਰੂ ਅੰਗਦ ਦੇਵ ਨੇ 9 ਮਹੀਨੇ ਪਹਿਲਾਂ ਹੀ ਗੁਰੂ ਅਮਰਦਾਸ ਨੂੰ ਗੁਰਿਆਈ ਦੇਣ ਦਾ ਇਸ਼ਾਰਾ ਕਰ ਦਿਤਾ ਸੀ, ਤਾਂ ਉਦੋਂ ਤੋਂ ਹੀ ਇਸ ਸੰਬੰਧੀ ਵਿਰੋਧੀਆਂ ਨੇ 'ਬਖੇੜਾ' ਸ਼ੁਰੂ ਕਰ ਦਿਤਾ ਸੀ। ਇਹ ਵਿਰੋਧਤਾ ਲਗਪਗ 7-8 ਮਹੀਨੇ ਚਲੀ। ਮਾਤਾ ਖੀਵੀ ਨੇ ਇਸ ਮਸਲੇ ਨੂੰ ਹਲ ਕਰਨ ਵਿਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਨੇ ਆਪਣੇ ਵਿਰੋਧੀ ਬਚਿਆਂ ਨੂੰ ਇਹ ਕਹਿ ਕੇ ਪ੍ਰੇਰਿਆ ਕਿ 'ਪੰਡ ਭਾਰੀ ਹੈ ਤੁਹਾਥੋਂ ਚੁਕੀ ਨਹੀਂ ਜਾਵੇਗੀ, ਇਸ ਨੂੰ ਸਿਰਫ਼ ਗੁਰੂ ਅਮਰਦਾਸ ਹੀ ਚੁਕ ਸਕਣਗੇ:

...ਬਚਨ ਕੀਤਾ ਭਾਈ ਤੁਸੀਂ ਹੋ ਸਚੇ ਪਰਿ ਪੰਡ ਹੈ ਭਾਰੀ।
ਤੁਸਾਡੇ ਚੁਕੀ ਨਹੀਂ ਜਾਸੀ ਏਹੁ ਚੁਕੇਗਾ ਸਾਰੀ॥ [15]

ਜਦੋਂ ਮਾਤਾ ਖੀਵੀ ਦੀ ਪ੍ਰੇਰਨਾ ਸਦਕਾ ਵੀ ਉਨ੍ਹਾਂ ਦੇ ਬੱਚਿਆਂ (ਬਾਬਾ ਦਾਤੂ ਤੇ ਬਾਬਾ ਦਾਸੂ) ਦਾ ਗੁਰਿਆਈ ਸੰਬੰਧੀ ਰੋਸ ਨਹੀਂ ਗਿਆ ਤਾਂ ਇਕ ਵਾਰ ਮਾਤਾ ਨੇ ਰੋਹ ਵਿਚ ਆ ਕੇ ਕਹਿ ਦਿਤਾ ਕਿ ਜੇਕਰ ਇਹ ਗੁਰਿਆਈ ਦੀ ਭਾਰੀ ਪੰਡ ਤੁਹਾਡੇ ਪਾਸੋਂ ਚੁਕੀ ਜਾਂਦੀ ਹੈ, ਤਾਂ ਚੁਕ ਕੇ ਵੇਖ ਲਵੋ। ਇਨ੍ਹਾਂ ਬਚਨਾਂ ਦਾ ਫਾਇਦਾ ਚੁਕਦੇ ਹੋਏ ਕਈ ਸ਼ਰਾਰਤੀ ਵਿਅਕਤੀਆਂ ਨੇ ਬਾਬਾ ਦਾਸੂ ਨੂੰ ਗੁਰਿਆਈ ਦੀ ਪਗ ਬਨਵਾ ਦਿਤੀ। ਛੇ ਮਹੀਨੇ ਬਾਅਦ ਬਾਬਾ ਦਾਸੂ ਦਾ ਮੂੰਹ ਫਿਰ ਗਿਆ, ਅਨੇਕ ਜਤਨਾਂ ਦੇ ਬਾਵਜੂਦ ਵੀ ਉਹ ਸਿਧਾ ਨਾ ਹੋ ਸਕਿਆ। ਅੰਤ ਬਾਬਾ ਦਾਸੂ ਨੇ ਮਾਤਾ ਖੀਵੀ ਪਾਸ ਆ ਕੇ ਬੇਨਤੀ ਕੀਤੀ ਤਾਂ ਮਾਤਾ ਨੇ ਕਿਹਾ ਕਿ 'ਬੇਟਾ ਜੀ ਤੁਸਾਂ ਪੰਡ ਭਾਰੀ ਚੁਕ ਲਿਤੀ ਹੈ, ਭਾਰ ਸੁਟੋ ਤਾਂ ਮੂੰਹ ਸਿਧਾ ਹੋ ਜਾਵੇਗਾ'। ਮਾਤਾ ਜੀ ਦੇ ਬਚਨ ਮੰਨ ਕੇ ਬਾਬਾ ਦਾਸੂ ਨੇ ਕਿਹਾ ਕਿ 'ਮੈਂ ਅਜ ਤੋਂ ਗੁਰਿਆਈ ਛਡੀ।' ਉਪਰੰਤ ਮਾਤਾ ਜੀ ਆਪ ਬਾਬਾ ਦਾਤੂ ਤੇ ਦਾਸੂ ਨੂੰ ਗੁਰੂ ਅਮਰਦਾਸ ਕੋਲ ਲੈ ਕੇ ਗਏ ਤਾਂ ਜੋ ਉਹ ਉਨ੍ਹਾਂ ਵਲੋਂ ਕੀਤੀ ਗਲਤੀ ਮੁਆਫ਼ ਕਰ ਦੇਣ, ਕਿਉਂਕਿ



ਬਾਬਾ ਦਾਤੂ ਤੇ ਬਾਬਾ ਦਾਸੂ ਨੇ ਗੁਰੂ ਅਮਰਦਾਸ ਦਾ ਅਪਮਾਨ ਕੀਤਾ ਸੀ। ਮਾਤਾ ਜੀ ਦੀ ਐਨੀ ਨਿਮਰਤਾ ਦੇਖ ਕੇ ਗੁਰੂ ਅਮਰਦਾਸ ਨੇ ਮਾਤਾ ਜੀ ਨੂੰ ਕਿਹਾ, 'ਤੁਹਾਨੂੰ ਖੇਚਲ ਨਹੀਂ ਕਰਨੀ ਚਾਹੀਦੀ ਸੀ, ਸਗੋਂ ਮੈਨੂੰ ਬੁਲਾ ਲੈਣਾ ਸੀ'। ਬੰਸਾਵਲੀਨਾਮੇ ਦੀ ਗਵਾਹੀ ਅਨੁਸਾਰ ਗੁਰੂ ਅਮਰਦਾਸ ਨੇ ਗੁਰੂ ਅੰਗਦ ਦੇਵ ਤੇ ਧੰਨ ਮਾਤਾ ਖੀਵੀ ਕਹਿ ਕੇ ਬਚਿਆਂ ਨੂੰ ਛਾਤੀ ਨਾਲ ਲਾ ਲਿਆ :

ਮਾਤਾ ਖੀਵੀ ਰਿਦਾ ਇਨ੍ਹਾਂ ਦਾ ਲਹਿਆ।
ਸੁਣੇ ਭਾਈ ਤੁਸਾ ਕਰਨਾ ਸੀ ਖਾਵੰਦ ਦਾ ਕਹਿਆ।
ਅਗੇ ਤੁਸੀਂ ਜਾਣੋ ਜੋ ਤੁਸਾਨੂੰ ਭਾਵੈ।
ਚੁਕੋ ਪੰਡ ਜੇ ਚੁਕੀ ਜਾਵੇ। 131....
ਮਾਤਾ ਖੀਵੀ ਪਾਸ ਆਏ ਬਿਨਤੀ ਕੀਤੀ।
ਮਾਤਾ ਕਹਿਆ ਬੇਟਾ ਤੁਸਾਂ ਭਾਰੀ ਪੰਡ ਹੈ ਚੁਕ ਲੀਤੀ।
ਭਾਰਿ ਲਾਹਿ ਸਟੋ ਸਿਰ ਸਿਧਾ ਹੋਇ ਜਾਸੀ।
ਅਮਰ ਦਾਸ ਗੋਇੰਦਵਾਲ ਅਗੇ ਹੀ ਉਠਿ ਗਿਆ ਸੀ। 133....
ਮਾਤਾ ਜੀ ਮੈ ਹੁਣਿ ਛਡੀ ਗੁਰਿਆਈ।
ਬੇਟਾ ਛਡੀ ਹੋਈ ਤਾਂ ਚਲ ਲਗੁ ਅਮਰੇ ਦੀ ਪਾਈ।
ਮਾਤਾ ਖੀਵੀ ਲੈ ਕੇ ਨਾਲਿ ਦਾਸੂਨੂੰਆਈ।
ਜਿਥੇ ਗੋਇੰਦਵਾਲ ਛਪੜੀ ਸੀ ਅਮਰੇ ਪਾਈ । 136....
ਅਮਰਦਾਸ ਆਇ ਮਾਤਾ ਦੀ ਚਰਨੀ ਪਰਿਆ।
ਤਬ ਦਾਸੂ ਕਰੀ ਅਰਦਾਸੁ ਸੀਸੁ ਚਰਨੀ ਧਰਿਆ।
ਮਾਤਾ ਕਹਿਆ ਤੂਹੈ ਗੁਰੂ ਸਭ ਸਿਖ ਹੈਨ ਤੇਰੇ।
ਦਾਸੂ ਹੈ ਕਾਹਲਾ ਕਹੈ ਲਗਾ ਨਾ ਮੇਰੇ। 138
ਤੈਨੂੰ ਆਪ ਦਿਤੀ ਹੈ ਖਾਵੰਦ ਵਡਿਆਈ।
ਦਾਸੂਦਾ ਕਰਿ ਸਿਸ ਸਿਧਾ ਹਥਿ ਲਗਾਈ।
ਸਤਿਨਾਮ ਕਹਿਆ ਅਮਰਦਾਸ ਹਥ ਲਾਇਆ।
ਸਿਰ ਸਿਧਾ ਦਾਸੂ ਦਾ ਹੋਇਆ ਗਇਆ। 139 [16]

ਇਸੇ ਪ੍ਰਕਾਰ ਗੁਰੂ ਅਮਰਦਾਸ ਦੇ ਪੁਤਰ, ਭਾਈ ਜੇਠਾ (ਗੁਰੂ ਰਾਮਦਾਸ) ਨੂੰ ਗੁਰਿਆਈ ਮਿਲਣ ਉਤੇ ਖੁਸ਼ ਨਾ ਹੋਏ। ਗੁਰਬਾਣੀ ਵਿਚੋਂ ਵੀ ਅਜਿਹੇ ਸੰਕੇਤ ਮਿਲਦੇ ਹਨ ਜਿਥੋਂ ਇਹ ਇਸ਼ਾਰਾ ਹੁੰਦਾ ਹੈ ਕਿ ਗੁਰਿਆਈ ਦਾ ਲਗਾਤਾਰ ਵਿਰੋਧ ਹੁੰਦਾ ਰਿਹਾ ਹੈ। ਚੌਥੇ ਪਾਤਿਸ਼ਾਹ ਦੇ ਇਕ ਸਲੋਕ ਵਿਚ ਇਸ ਪ੍ਰਥਾਇ ਇਉਂ ਸੰਕੇਤ ਮਿਲਦਾ ਹੈ:

ਧੁਰਿ ਮਾਰੇ ਪੂਰੈ ਸਤਿਗੁਰੂਸੇਈ ਹੁਣਿ ਸਤਿਗੁਰਿ ਮਾਰੇ ॥
ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ ॥
ਸਤਸੰਗਤਿ ਢੋਈ ਨਾ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੀ ॥
ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ ॥
ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ ॥
ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ ॥
ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ ॥
ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ ॥
ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ ॥
ਸਭਿ ਨਿਧਾਨ ਸਤਿਗੁਰੂ ਵਿਚਿ ਜਿਸੁ ਅੰਦਰਿ ਹਰਿ ਉਰ ਧਾਰੇ ॥
ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ ॥
ਜਨੁ ਨਾਨਕੁ ਮਾਗੈ ਧੂੜਿ ਤਿਨ ਜੋ ਗੁਰਸਿਖ ਮਿਤ ਪਿਆਰੇ ॥ [17]

ਗੁਰੂ ਪੁਤਰਾਂ ਦੁਆਰਾ ਹੋਏ ਵਿਰੋਧ ਪ੍ਰਥਾਇ ਭਾਈ ਗੁਰਦਾਸ ਇਸ ਤਰ੍ਹਾਂ ਸੰਕੇਤ ਕਰਦੇ ਹਨ:

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ ॥
ਲਖਮੀਦਾਸ ਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ ॥
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ ॥
ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ ॥
ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ ॥
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਪੁਤਾ ਭਉਕਾਇਆ ॥
ਚੰਦਨ ਵਾਸੁ ਨ ਵਾਸ ਬੋਹਾਇਆ ॥ [18]

## II

ਗੁਰਿਆਈ ਪਰੰਪਰਾ ਮੂਲ ਰੂਪ ਵਿਚ ਦੈਵੀ ਵਰਤਾਰਾ ਹੈ, ਜਿਸ ਦੀ ਭਰਪੂਰ ਵਿਆਖਿਆ ਗੁਰਬਾਣੀ ਵਿਚ ਕੀਤੀ ਗਈ ਹੈ। ਇਸ ਸੰਦਰਭ ਵਿਚ ਰਾਇ ਬਲਵੰਡਿ ਅਤੇ ਭਾਈ ਸਤਾ ਡੂਮਿ ਦੁਆਰਾ ਉਚਾਰੀ ਰਾਮਕਲੀ ਕੀ ਵਾਰ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਗੁਰੂ ਸਾਹਿਬਾਨ ਦੇ ਸਮਕਾਲੀ ਸਿੱਖ ਭਾਈ ਗੁਰਦਾਸ ਤੇ ਭਾਈ ਨੰਦ ਲਾਲ ਨੇ ਵੀ ਗੁਰੂ ਸ਼ਰਨ ਵਿਚ ਰਹਿੰਦੇ ਹੋਏ ਇਸ ਦੈਵੀ ਵਰਤਾਰੇ ਨੂੰ ਜਾਣਿਆ ਤੇ ਮਾਣਿਆ, ਜਿਸ ਕਾਰਨ ਉਨ੍ਹਾਂ ਨੇ ਗੁਰੂ-ਸੰਸਥਾ ਵਿਚ ਵਿਦਮਾਨ ਗੁਰੂ-ਜੋਤਿ ਦੀ ਏਕਤਾ ਬਾ-ਖ਼ੂਬੀ ਦ੍ਰਿੜ ਕਰਵਾਈ ਹੈ। 17-19ਵੀਂ ਸਦੀ ਦੌਰਾਨ ਰਚਿਆ ਵਡਮੁਲਾ ਸਿੱਖ ਸਾਹਿਤ ਵੀ ਇਸ ਵਰਤਾਰੇ ਤੋਂ ਅਭਿਜ ਨਾ ਰਹਿ ਸਕਿਆ। ਹੇਠਲੇ ਪੰਨਿਆਂ ਉਤੇ ਗੁਰਬਾਣੀ, ਭਾਈ ਗੁਰਦਾਸ ਤੇ ਭਾਈ ਨੰਦ ਲਾਲ ਅਤੇ ਸਿੱਖ ਸਾਹਿਤ ਦੀ ਦ੍ਰਿਸ਼ਟੀ



ਵਿਚ ਗੁਰੂ ਰਾਮਦਾਸ ਦੀ ਗੁਰਿਆਈ ਬਾਰੇ ਚਰਚਾ ਕੀਤੀ ਜਾ ਰਹੀ ਹੈ।

ਇਤਿਹਾਸਕ ਦ੍ਰਿਸ਼ਟੀ ਤੋਂ ਭਾਵੇਂ ਗੁਰੂ ਰਾਮਦਾਸ ਦੇ ਸੇਵਾ-ਭਾਵ ਬਾਰੇ ਬਹੁਤ ਸਾਰੀਆਂ ਸਾਖੀਆਂ ਪ੍ਰਚਲਿਤ ਹਨ। ਜੇਠਾ (ਗੁਰੂ ਰਾਮਦਾਸ) ਦਿਨ-ਰਾਤ ਗੁਰੂ ਅਮਰਦਾਸ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਇਸ ਸੇਵਾ ਤੋਂ ਖੁਸ਼ ਹੋ ਕੇ ਗੁਰੂ ਅਮਰਦਾਸ ਨੇ ਆਪਣੀ ਲੜਕੀ ਬੀਬੀ ਭਾਨੀ ਲਈ ਗੁਰੂ ਰਾਮਦਾਸ ਨੂੰ ਯੋਗ ਵਰ ਵਜੋਂ ਪ੍ਰਵਾਨ ਕੀਤਾ। ਗੁਰੂ ਅਮਰਦਾਸ ਨੇ ਭਾਈ ਜੇਠਾ ਨੂੰ ਗੁਰੂ ਥਾਪਣ ਤੋਂ ਪਹਿਲਾਂ ਜੇਠਾ ਦੀ ਸੇਵਾ ਦਾ ਇਮਤਿਹਾਨ ਲਿਆ। ਗੁਰੂ ਸਾਹਿਬ ਨੇ ਭਾਈ ਰਾਮਾ ਤੇ ਭਾਈ ਜੇਠਾ ਨੂੰ ਇਕ-ਇਕ ਥੜ੍ਹਾ ਉਸਾਰਨ ਦਾ ਹੁਕਮ ਕੀਤਾ। ਥੜ੍ਹਾ ਬਣ ਜਾਣ 'ਤੇ ਵਾਰ-ਵਾਰ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਥੜ੍ਹਾ ਢਾਹ ਕੇ ਦੁਬਾਰਾ ਬਣਾਉਣ ਲਈ ਕਿਹਾ। ਭਾਈ ਰਾਮਾ ਨੇ ਇਸ ਤਰ੍ਹਾਂ ਦੋ ਵਾਰ ਥੜ੍ਹਾ ਬਣਾ ਕੇ ਜਵਾਬ ਦੇ ਦਿਤਾ, ਪਰੰਤੂ ਜੇਠਾ ਗੁਰੂ ਸਾਹਿਬ ਦੇ ਕਹਿਣ 'ਤੇ ਸਤ ਵਾਰ ਥੜ੍ਹਾ ਢਾਹ ਕੇ ਉਸਾਰਦੇ ਰਹੇ। ਇਸੇ ਸੇਵਾ ਕਾਰਨ ਹੀ ਭਾਈ ਜੇਠਾ ਨੂੰ ਗੁਰਿਆਈ ਦੀ ਬਖਸ਼ਿਸ਼ ਹੋਈ।

ਕਈ ਵਿਦਵਾਨਾਂ ਦਾ ਮਤ ਹੈ ਕਿ ਗੁਰੂ ਰਾਮਦਾਸ ਤੋਂ ਬਾਅਦ ਗੁਰਿਆਈ ਜੱਦੀ ਹੋ ਗਈ ਸੀ, ਜਿਸ ਦਾ ਕਾਰਨ ਮੰਨਿਆ ਜਾਂਦਾ ਹੈ ਕਿ ਬੀਬੀ ਭਾਨੀ ( ਭਾਈ ਜੇਠਾ ਦੀ ਪਤਨੀ) ਦੀ ਆਪਣੇ ਪਿਤਾ ਗੁਰੂ ਅਮਰਦਾਸ ਪ੍ਰਤੀ ਅਥਾਹ ਸ਼ਰਧਾ ਅਤੇ ਸੇਵਾ ਨੇ ਗੁਰਿਆਈ ਜੱਦੀ ਬਣਾ ਦਿਤੀ। ਇਸ ਪ੍ਰਥਾਇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਦਿਨ ਗੁਰੂ ਅਮਰਦਾਸ ਇਸ਼ਨਾਨ ਕਰ ਰਹੇ ਸਨ ਤਾਂ ਉਨ੍ਹਾਂ ਦੀ ਚੌਂਕੀ ਦਾ ਇਕ ਪਾਵਾ ਟੁਟਣ ਲਗਾ, ਜਿਸ ਨੂੰ ਦੇਖ ਕੇ ਬੀਬੀ ਭਾਨੀ ਨੇ ਆਪਣਾ ਹਥ ਪਾਵੇ ਦੀ ਥਾਂ ਦੇ ਦਿਤਾ। ਇਸ ਤਰ੍ਹਾਂ ਬੀਬੀ ਭਾਨੀ ਦਾ ਹਥ ਜ਼ਖਮੀ ਹੋ ਗਿਆ। ਗੁਰੂ ਸਾਹਿਬ ਨੇ ਖ਼ੂਨ ਵਹਿੰਦਾ ਵੇਖ ਬੀਬੀ ਭਾਨੀ ਦੀ ਸੇਵਾ-ਭਾਵਨਾ ਤੋਂ ਖੁਸ਼ ਹੋਏ। ਉਨ੍ਹਾਂ ਨੇ ਬੀਬੀ ਭਾਨੀ ਨੂੰ ਕੋਈ ਵਰ ਮੰਗਣ ਲਈ ਕਿਹਾ। ਬੀਬੀ ਨੇ ਆਪਣੇ ਪਤੀ (ਰਾਮਦਾਸ) ਨੂੰ ਗੁਰਿਆਈ ਬਖਸ਼ਣ ਬਾਰੇ ਬੇਨਤੀ ਕੀਤੀ, ਜਿਹੜੀ ਗੁਰੂ ਸਾਹਿਬ ਨੇ ਪ੍ਰਵਾਨ ਕਰ ਲਈ। ਇਸ ਤਰ੍ਹਾਂ ਗੁਰੂ ਅਮਰਦਾਸ ਨੇ ਆਪਣੇ ਜਵਾਈ ਤੇ ਪੁਤਰੀ ਦੀ ਸੇਵਾ-ਭਾਵਨਾ ਨੂੰ ਦੇਖਦੇ ਹੋਏ ਭਾਈ ਜੇਠਾ ਨੂੰ ਗੁਰਿਆਈ ਬਖਸ਼ੀ। ਮਹਿਮਾ ਪ੍ਰਕਾਸ਼ ਵਿਚ ਇਹ ਵਾਰਤਾ ਇਉਂ ਦਰਜ ਹੈ:

...ਹੇ ਸਤਿਗੁਰ ਕੀਆ ਬਖਸ ਗੁਰਿਆਈ ॥
ਕੋਈ ਸੇਵਕ ਸੇਵਾ ਕਰ ਲੇ ਜਾਈ ॥
ਜੌ ਕੀਆ ਬਖਸ ਸਤਿਗੁਰ ਗੁਰਿਆਈ ॥
ਰਹੇ ਕੁਲ ਕਬਹੂੰ ਨ ਜਾਈ ॥
ਪੁਨਿ ਇਹੁ ਬਚਨੁ ਦਇਆਲ ਗੁਰ ਕਹੇ ॥
ਸਦਾ ਗੁਰਾਈ ਤੁਮ ਕੁਲ ਰਹੇ ॥

ਪਰਾ ਚਲਤਾ ਸਰ ਨਿਰਮਲ ਤੁਮ ਬੰਧਾ॥
ਤਾ ਤੇ ਕਛੁ ਹੋਇ ਕਲੇਸ ਕੋ ਧੰਧਾ॥ ...[19]

ਵਰਨਣਯੋਗ ਹੈ ਕਿ ਨਿਰੋਲ ਇਤਿਹਾਸਕ ਪ੍ਰਸੰਗ ਵਿਚ ਵੇਖਣ ਕਾਰਨ ਕੁਝ ਵਿਦਵਾਨਾਂ ਨੂੰ ਗੁਰੂ ਰਾਮਦਾਸ ਤੋਂ ਬਾਅਦ ਗੁਰਿਆਈ 'ਸੋਢੀਆਂ ਦੇ ਘਰ' ਵਿਚ ਰਹਿਣ ਦਾ ਭੁਲੇਖਾ ਪਿਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੋਢੀਆਂ ਦੇ ਘਰ ਗੁਰਿਆਈ ਰਹਿਣ ਬਾਰੇ ਮਿਲਦੇ ਸੰਕੇਤ[20] ਕਾਰਨ ਕਈ ਵਿਦਵਾਨ ਗਲਤ ਅਰਥ ਲੈ ਕੇ ਆਪਣੇ ਤਥ ਪੁਸ਼ਟ ਕਰਨ ਦੀ ਵੀ ਕੋਸ਼ਿਸ਼ ਕਰਦੇ ਹਨ।[21] ਕੁਝ ਵਿਦਵਾਨਾਂ ਨੂੰ ਸ਼ਾਇਦ ਇਸ ਗਲ ਦਾ ਇਲਮ ਨਹੀਂ ਕਿ ਗੁਰਮਤਿ ਵਿਚ ਜਾਤ-ਪਾਤ ਨੂੰ ਕਿਸੇ ਪ੍ਰਕਾਰ ਦੀ ਮਾਨਤਾ ਨਹੀਂ ਦਿਤੀ ਗਈ। ਇਸੇ ਲਈ ਉਹ ਜਾਤ-ਪਾਤ ਦੇ ਮਾਮਲੇ ਵਿਚ ਗੁਰੂ ਸਾਹਿਬਾਨ ਨੂੰ ਵੀ ਸ਼ਾਮਿਲ ਕਰਦੇ ਹਨ। ਇਸੇ ਉਕਾਈ ਕਾਰਨ ਹੀ ਗੁਰੂ ਰਾਮਦਾਸ ਦੀ ਗੁਰਿਆਈ ਬਾਰੇ ਉਕਤ ਗਲਤ ਭ੍ਰਾਂਤੀਆਂ ਹੋਈਆਂ ਹਨ। ਸਿਧਾਂਤਕ ਤੌਰ 'ਤੇ ਗੁਰਬਾਣੀ ਵਿਚ ਜਾਤ-ਪਾਤ ਦਾ ਜੋਰਦਾਰ ਖੰਡਨ ਕੀਤਾ ਗਿਆ ਹੈ।[22] ਇਸ ਅਧਾਰ 'ਤੇ ਗੁਰੂ ਰਾਮਦਾਸ ਦੀ ਗੁਰਿਆਈ ਬਾਰੇ ਇਹ ਧਾਰਨਾ ਗਲਤ ਸਿਧ ਹੁੰਦੀ ਹੈ। ਜਾਤ-ਪਾਤ ਦੇ ਹਵਾਲੇ ਵਿਚ ਗੁਰੂਰਾਮਦਾਸ ਦਾ ਫੁਰਮਾਣ ਹੈ:

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ॥[23]

ਇਸ ਤੋਂ ਇਲਾਵਾ ਸਿੱਖ ਰਹਿਤ ਮਰਯਾਦਾ ਅਨੁਸਾਰ ਵੀ ਅੰਮ੍ਰਿਤ ਛਕਣ ਤੋਂ ਬਾਅਦ ਸਿੱਖ ਦੀ ਪਿਛਲੀ ਜਾਤ-ਪਾਤ ਆਦਿ ਸਭ ਖਤਮ ਹੋ ਜਾਂਦਾ ਹੈ।[24] ਇਸ ਪ੍ਰਥਾਇ ਗੁਰ ਫੁਰਮਾਣ ਹੈ:

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥[25]

ਗੁਰਿਆਈ ਨੂੰ ਗੱਦੀ ਪਰੰਪਰਾ ਅਧੀਨ ਦੇਖਣ ਵਾਲੇ ਵਿਦਵਾਨ ਵੀ ਇਸ ਸਿਧਾਂਤ ਨੂੰ ਸਮਝਣ ਤੋਂ ਅਸਮਰਥ ਰਹੇ ਹਨ ਕਿ ਗੁਰਿਆਈ ਕੋਈ ਵਿਰਾਸਤੀ/ਪਿਤਾ ਪੁਰਖੀ ਹਕ ਨਹੀਂ, ਬਲਕਿ ਇਹ ਨਿਰੋਲ ਦੈਵੀ ਚੋਣ ਹੈ।

ਗੁਰੂ ਰਾਮਦਾਸ ਦੇ ਤਿੰਨ ਸਪੁਤਰ ਸਨ- ਪ੍ਰਿਥੀ ਚੰਦ, ਮਹਾਂਦੇਵ, ਅਤੇ ਅਰਜਨ ਦੇਵ। ਗੁਰੂ ਸਾਹਿਬ ਨੇ ਉਨ੍ਹਾਂ ਦਾ ਕੋਈ ਬੰਧਨ ਨਹੀਂ ਕਬੂਲਿਆ ਅਤੇ ਸੇਵਾ ਭਾਵਨਾ ਨੂੰ ਪਹਿਲ ਦਿਤੀ। ਜਦੋਂ ਸਿੱਖ ਸੇਵਕਾਂ ਦੀ ਪਰਖ ਕੀਤੀ ਗਈ ਤਾਂ ਸਭ ਤੋਂ ਛੋਟੇ ਪੁਤਰ ਅਰਜਨ ਦੇਵ ਦੀ ਸੇਵਾ, ਸ਼ਰਧਾ ਅਤੇ ਗੁਰੂ-ਪਿਆਰ ਪ੍ਰਵਾਨ ਚੜ੍ਹਿਆ। ਸੇਵਾ ਨੂੰ ਹੀ ਗੁਰਿਆਈ ਬਖਸ਼ੀ ਗਈ। ਇਸ ਤਰ੍ਹਾਂ ਸੇਵਾ, ਗੁਰਿਆਈ ਦਾ ਅਨਿਖੜਵਾਂ ਅੰਗ ਰਹੀ ਹੈ। ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਸਪੁਤਰ ਸਨ, ਜਿਨ੍ਹਾਂ ਵਿਚੋਂ ਤਿੰਨ ਉਨ੍ਹਾਂ ਦੇ ਜੀਵਨ-ਕਾਲ ਸਮੇਂ ਹੀ ਅਕਾਲ ਚਲਾਣਾ ਕਰ ਗਏ ਸਨ। ਤੇਗ ਬਹਾਦਰ ਤੇ ਸੂਰਜ ਮਲ ਨੂੰ ਛਡ ਕੇ ਉਨ੍ਹਾਂ ਆਪਣੇ ਵਡੇ ਲੜਕੇ ਬਾਬਾ ਗੁਰਦਿਤਾ ਦੇ ਪੁਤਰ ਹਰਿ ਰਾਏ ਨੂੰ ਗੁਰਿਆਈ ਬਖਸ਼ੀ। ਬਾਬਾ ਗੁਰਦਿਤਾ ਦੇ ਵਡੇ ਲੜਕੇ ਧੀਰ ਮਲ ਨੂੰ ਵੀ ਯੋਗ ਨਾ



ਸਮਝਦੇ ਹੋਏ ਤੇ ਹਰਿ ਰਾਏ ਦੀ ਸੇਵਾ ਨੂੰ ਮੁਖ ਰਖਦੇ ਹੋਏ ਉਨ੍ਹਾਂ ਨੂੰ ਗੁਰੂ ਥਾਪਿਆ ਗਿਆ। ਇਸੇ ਤਰ੍ਹਾਂ ਬਾਕੀ ਗੁਰੂ ਸਾਹਿਬਾਨ ਨੂੰ ਵੀ ਗੁਰਿਆਈ ਦੀ ਬਖਸ਼ਿਸ਼ ਕਿਸੇ ਨਾ ਕਿਸੇ ਗੁਣ ਦੇ ਆਧਾਰ ਤੇ ਹੀ ਹੋਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਿਆਈ ਦੀ ਦਿਬਤਾ (Divineness), ਸਥਾਪਨਾ, ਵਿਗਾਸ ਅਤੇ ਉਸ ਵਿਚਲੀ ਸਾਂਝੀ ਕੜੀ ਬਾਰੇ ਭਟ ਸਾਹਿਬਾਨ ਦੁਆਰਾ ਭਰਪੂਰ ਪ੍ਰਕਾਸ਼ ਪਾਇਆ ਗਿਆ ਹੈ। ਭਟ-ਬਾਣੀ ਦਾ ਕੇਂਦਰੀ ਮਜ਼ਮੂਨ 'ਗੁਰੂ' ਦੀ ਵਡਿਆਈ ਕਰਨਾ ਹੈ। ਭਟ ਸਾਹਿਬਾਨ ਨੇ ਗੁਰੂ-ਸੰਸਥਾ ਨੂੰ ਗੁਰਿਆਈ ਦੇ ਪ੍ਰਯਾਇਵਾਚੀ ਰਖ ਕੇ ਇਸ ਵਿਚ ਕਾਰਜਸ਼ੀਲ 'ਦਿਬਤਾ' ਦੀ ਵਿਆਖਿਆ ਕੀਤੀ ਹੈ। ਗੁਰੂ ਰਾਮਦਾਸ ਦੀ ਗੁਰਿਆਈ ਅਤੇ ਉਸ ਦੇ ਸਦੀਵ-ਕਾਲੀ ਸਰੂਪ ਬਾਰੇ ਭਟ ਸਾਹਿਬਾਨ 'ਅਮਰ ਪਦੁ'[26] 'ਥਿਰੁ ਥਪ੍ਯਉ'[27], 'ਛਤ੍ਰੁ'[28], 'ਸਿੰਘਾਸਣ'[29] ਅਤੇ 'ਘਰਿ'[30] ਆਦਿ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ।

ਗੁਰੂ ਨਾਨਕ ਦੇਵ ਨੇ ਗੁਰਿਆਈ ਪਰੰਪਰਾ ਦੀ ਸਥਾਪਨਾ ਭਾਈ ਲਹਣਾ ਦੇ ਹਿਰਦੇ ਅੰਦਰ 'ਜੋਤਿ' ਥਾਪਿ ਕੇ ਕੀਤੀ। ਉਨ੍ਹਾਂ ਦੁਆਰਾ ਅਪਨਾਈ ਜੁਗਤਿ ਨੂੰ ਭਟ ਗਯੰਦ ਨੇ 'ਪੰਥੁ ਧਰਮ ਕਾ' ਕਿਹਾ ਹੈ। ਇਹੋ 'ਜੋਤਿ' ਅਗੋਂ ਗੁਰੂ ਅਮਰਦਾਸ ਨੂੰ ਪ੍ਰਾਪਤ ਹੋਈ, ਉਸੇ ਰਾਹੀਂ ਗੁਰੂ ਅਮਰਦਾਸ ਦੁਆਰਾ ਗੁਰੂ ਰਾਮਦਾਸ ਨੂੰ ਗੁਰੂ ਥਾਪਿਆ ਗਿਆ। ਭਟ ਸਾਹਿਬਾਨ ਨੇ ਗੁਰੂ ਰਾਮਦਾਸ ਨੂੰ ਗੁਰਿਆਈ ਪ੍ਰਾਪਤੀ ਦੇ ਵਰਤਾਰੇ ਨੂੰ 'ਵਡਿਆਈ ਮਿਲਣਾ'[31] ਕਿਹਾ ਹੈ। ਉਨ੍ਹਾਂ ਨੇ ਗੁਰੂ ਰਾਮਦਾਸ ਦੀ ਆਤਮਿਕ ਏਕਤਾ ਨੂੰ ਪੁਸ਼ਟ ਕਰਨ ਲਈ ਪਾਰਸ ਨੂੰ ਪਾਰਸ ਮਿਲਣਾ[32], ਅੰਗ ਤੋਂ ਸੰਗ ਪੈਦਾ ਹੋਣਾ[33] ਆਦਿ ਰੂਪਕ ਵਰਤੇ ਹਨ।

ਗੁਰੂ ਰਾਮਦਾਸ ਬਾਬਤ ਭਾਈ ਗੁਰਦਾਸ ਕਹਿੰਦੇ ਹਨ ਕਿ ਗੁਰਿਆਈ ਸੋਢੀਆਂ ਦੇ ਘਰ ਵਿਚ ਹੀ ਰਹੀ। ਬੇਸ਼ਕ ਗੁਰੂ ਅਮਰਦਾਸ ਦੇ ਪੁਤਰਾਂ (ਮੋਹਨ ਤੇ ਮੋਹਰੀ) ਨੇ ਗੁਰਿਆਈ ਲਈ ਆਪਣੀ ਦਾਅਵੇਦਾਰੀ ਦਿਖਾਈ, ਪਰੰਤੂ ਪਹਿਲਾਂ ਦਸੇ ਅਨੁਸਾਰ ਗੁਰਿਆਈ ਤਾਂ 'ਇਲਾਹੀ ਦਾਤਿ' ਹੈ, ਜਿਹੜੀ ਗੁਰੂ ਰਾਮਦਾਸ ਨੂੰ ਪ੍ਰਾਪਤ ਹੋਈ:

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥[34]

ਨਾਨਕ-ਜੋਤਿ ਦੀ ਨਿਰੰਤਰਤਾ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਗੁਰੂ ਸਾਹਿਬਾਨ ਦੀ ਆਤਮਿਕ ਏਕਤਾ ਦਾ ਜ਼ਿਕਰ ਇਉਂ ਕਰਦੇ ਹਨ:

ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ॥
ਅੰਗਦੁ ਅਲਖੁ ਅਭੇਉ ਸਹਜਿ ਸਮੋਇਆ॥
ਅਮਰਹੁ ਅਮਰ ਸਮੇਉ ਅਲਖੁ ਅਲੋਇਆ॥
ਰਾਮ ਨਾਮ ਅਰਿਖੇਉ ਅੰਮ੍ਰਿਤੁ ਚੋਇਆ॥ ...[35]

ਭਾਵ, ਗੁਰੂ ਨਾਨਕ ਦੇਵ ਗੁਰੂਆਂ ਦੇ ਗੁਰੂ ਹੋਏ, ਜਿਨ੍ਹਾਂ ਨੇ ਗੁਰੂ ਅੰਗਦ ਦੇਵ ਨੂੰ ਅਲਖ ਤੇ ਅਭੇਦ ਸਹਿਜ ਪਦ ਬਖਸ਼ ਕੇ ਵਾਹਿਗੁਰੂ ਵਿਚ ਅਭੇਦ ਕਰ ਦਿਤਾ। ਗੁਰੂ ਅਮਰਦਾਸ ਨੇ ਗੁਰੂ ਰਾਮਦਾਸ ਨੂੰ ਪ੍ਰੇਮ-ਪਿਆਲੇ ਦਾ ਅੰਮ੍ਰਿਤ ਬਖਸ਼ਿਆ।

ਗੁਰੂ ਗੋਬਿੰਦ ਸਿੰਘ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਗੁਰੂ-ਜੋਤਿ ਦੀ ਏਕਤਾ ਬਾਖੂਬੀ ਪੇਸ਼ ਕੀਤੀ ਹੈ। ਉਨ੍ਹਾਂ ਅਨੁਸਾਰ ਸਿੱਖ ਧਰਮ ਵਿਚ ਇਕ ਹੀ ਗੁਰੂ ਹੋਇਆ ਹੈ, ਜਿਸ ਦੀ ਜੋਤਿ ਅਤੇ ਜੁਗਤਿ ਦਸਾਂ ਜਾਮਿਆਂ ਵਿਚ ਸਮੇਂ-ਸਮੇਂ 'ਤੇ ਪ੍ਰਗਟ ਹੋਈ :

ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥
ਅਮਰਦਾਸਿ ਅੰਗਦ ਪਹਿਚਾਨਾ ॥
ਅਮਰਦਾਸ ਰਾਮਦਾਸ ਕਹਾਯੋ ॥
ਸਾਧਨ ਲਖਾ ਮੂੜ੍ਹ ਨਹਿ ਪਾਯੋ ॥
ਭਿੰਨ ਭਿੰਨ ਸਭ ਹੂੰ ਕਰਿ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧਿ ਪਾਈ ॥
ਬਿਨੁ ਸਮਝੇ ਸਿਧਿ ਹਾਥਿ ਨਾ ਆਈ ॥ [36]

ਉਕਤ ਪੰਕਤੀਆਂ ਵਿਚ ਗੁਰੂ ਗੋਬਿੰਦ ਸਿੰਘ ਦਸਦੇ ਹਨ ਕਿ ਗੁਰੂ ਸਾਹਿਬਾਨ ਦੇ ਵਖੋ-ਵਖਰੇ ਸਰੂਪ ਦੇਖ ਕੇ ਸੰਗਤ ਦੀ ਬਹੁ-ਗਿਣਤੀ ਉਨ੍ਹਾਂ ਨੂੰ ਵਖ-ਵਖ ਗੁਰੂ ਸਮਝ ਲੈਂਦੀ ਹੈ। ਉਨ੍ਹਾਂ ਨੂੰ ਇਹ ਭੁਲੇਖਾ 'ਦੇਹ' ਨੂੰ ਗੁਰੂ ਸਮਝਣ ਕਰਕੇ ਪੈਂਦਾ ਹੈ, ਭਰੰਤੂ ਗੁਰੂ ਦੀ ਅਸਲ ਰਮਜ਼ ਨੂੰ ਸਮਝਣ ਵਾਲੇ ਇਸ ਭਰਮ ਵਿਚ ਨਹੀਂ ਪੈਂਦੇ। ਅਸਲ ਵਿਚ ਗੁਰੂ ਜੋਤਿ-ਸਰੂਪ ਹੋਣ ਕਾਰਨ ਹਰੇਕ ਸਮੇਂ/ਸਥਾਨ 'ਤੇ ਇਕ ਹੀ ਹੈ। ਭਲੇ ਪੁਰਖਾਂ ਦਾ ਨਿਸਚਾ ਹੈ ਕਿ ਗੁਰੂ ਨਾਨਕ ਦੇਵ ਹੀ ਗੁਰੂ ਅੰਗਦ ਹਨ, ਗੁਰੂ ਅੰਗਦ ਹੀ ਗੁਰੂ ਅਮਰਦਾਸ ਹਨ ਤੇ ਗੁਰੂ ਅਮਰਦਾਸ ਹੀ ਗੁਰੂ ਰਾਮਦਾਸ ਹਨ, ਜਿਨ੍ਹਾਂ ਨੇ ਇਸ ਤਥ ਨੂੰ ਪਛਾਣਿਆ ਹੈ, ਉਨ੍ਹਾਂ ਨੂੰ ਹੀ ਸਿਧ ਹਥ ਆਈ ਹੈ। ਇਸ ਨਿਸਚੇ ਤੋਂ ਰਹਿਤ ਹੋ ਕੇ ਸਿਧੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਇਹ ਬਿਲਕੁਲ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਉਕਤ ਬਚਨ ਗੁਰਬਾਣੀ ਵਿਚਲੇ ਫੁਰਮਾਣ ਦੀ ਹੀ ਵਿਆਖਿਆ ਹੈ :

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ [37]

ਗੁਰੂ ਗੋਬਿੰਦ ਸਿੰਘ ਬਚਿਤ੍ਰ ਨਾਟਕ ਵਿਚ ਗੁਰੂ-ਜੋਤਿ ਏਕਤਾ ਦੀ ਹਾਮੀ ਇਉਂ ਭਰਦੇ ਹਨ:

ਨਾਨਕ ਅੰਗਦ ਕੋ ਬਪੁ ਧਰਾ ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ ॥
ਅਮਰਦਾਸ ਪੁਨਿ ਨਾਮੁ ਕਹਾਯੋ ॥ ਜਨ ਦੀਪਕ ਤੇ ਦੀਪ ਜਗਾਯੋ ॥ ...



ਅਮਰ ਦਾਸ ਰਾਮਦਾਸ ਕਹਾਯੋ ॥ ਸਾਧਨ ਲਖਾ ਮੂੜ੍ਹ ਨਹਿ ਪਾਯੋ ॥ ...[38]

ਗੁਰੂ ਗੋਬਿੰਦ ਸਿੰਘ ਨੌ ਗੁਰੂ-ਵਿਅਕਤੀਆਂ ਨੂੰ ਮੁਖ ਰਖਦੇ ਹੋਏ ਅਕਾਲਪੁਰਖ ਦੇ ਸਨਮੁਖ ਬੇਨਤੀ ਕਰਦੇ ਹਨ:

ੴ ਵਾਹਿਗੁਰੂਜੀ ਕੀ ਫਤੇ ॥
ਸ੍ਰੀ ਭਗਉਤੀ ਜੀ ਸਹਾਇ ॥
ਵਾਰ ਸ੍ਰੀ ਭਗਉਤੀ ਜੀ ਕੀ ॥
ਪਾਤਸਾਹੀ ੧੦ ॥
ਪ੍ਰਥਮਿ ਭਗਉਤੀ ਸਿਮਰਕੈ ਗੁਰੁਨਾਨਕ ਲਈ ਧਿਆਇ ॥
ਅੰਗਦ ਗੁਰੂਤੇ ਅਮਰ ਦਾਸ ਰਾਮਦਾਸੈ ਹੋਈ ਸਹਾਇ ॥ ...[39]

ਭਾਈ ਨੰਦ ਲਾਲ ਦਸ ਗੁਰੂ ਸਾਹਿਬਾਨ ਦੀ ਏਕਤਾ ਬਾਰੇ ਇਉਂ ਜ਼ਿਕਰ ਕਰਦੇ ਹਨ ਕਿ ਗੁਰੂ ਨਾਨਕ ਦੇਵ ਦਾ ਹੀ ਰੂਪ ਗੁਰੂ ਅੰਗਦ ਸਨ, ਗੁਰੂ ਅਮਰਦਾਸ ਨੇ ਗੁਰੂ ਅੰਗਦ ਦੇਵ ਦੀ ਸੇਵਾ ਕਰਕੇ ਉਨ੍ਹਾਂ ਦਾ ਹੀ ਰੂਪ ਪ੍ਰਾਪਤ ਕੀਤਾ। ਉਹੀ ਗੁਰੂ ਰਾਮਦਾਸ ਤੇ ਗੁਰੂ ਅਰਜਨ ਸਨ :

ਨਾਨਕ ਸੋ ਅੰਗਦ ਗੁਰ ਦੇਵਨਾ ॥
ਸੋ ਅਮਰਦਾਸ ਹਰਿ ਸੇਵਨਾ ॥
ਸੋ ਰਾਮਦਾਸ ਸੋ ਅਰਜਨਾ ॥ [40]

ਗੁਰੂ-ਜੋਤਿ ਏਕਤਾ ਸੰਬੰਧੀ ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਨਾਨਕ ਹੀ ਅੰਗਦ ਹੈ, ਬਖਸ਼ਿਸ਼ ਅਤੇ ਵਡੀ ਵਡਿਆਈ ਦੇ ਮਾਲਕ ਅਮਰ ਦਾਸ ਵੀ ਉਹੀ ਹਨ। ਉਹੀ ਰਾਮਦਾਸ ਹਨ :

ਹਮੂ ਨਾਨਕ ਅਸਤੋ ਹਮੂ ਅੰਗਦ ਅਸਤ
ਹਮੂ ਅਮਰਦਾਸ ਅਫ਼ਜ਼ਲੋ ਅਮਜਦ ਅਸਤ ॥
ਹਮੂ ਰਾਮਦਾਸੋ ਹਮੂ ਅਰਜੁਨ ਅਸਤ...[41]

ਗਿਆਨ ਰਤਨਾਵਲੀ ਦੇ ਕਰਤਾ ਨੇ ਗੁਰਿਆਈ ਦੀ ਮਹਾਨਤਾ, ਅਧਿਕਾਰੀ ਅਤੇ ਗੁਰਿਆਈ ਦੇ ਰਹਸ ਆਦਿ ਪਖਾਂ ਦਾ ਵਿਸ਼ਲੇਸ਼ਨ ਕੀਤਾ ਹੈ। ਕਰਤਾ ਅਨੁਸਾਰ ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਵਿਚ ਕੋਈ ਅੰਤਰ ਨਹੀਂ। ਗੁਰੂ ਅੰਗਦ ਹੀ ਗੁਰੂ ਅਮਰਦਾਸ ਹਨ, ਉਹੀ ਜੋਤਿ ਗੁਰੂ ਰਾਮਦਾਸ ਵਿਚ ਸਮਾਈ :

ਗੁਰੂ ਨਾਨਕ ਜੀ ਦਾ ਜੁ ਮੁਖ ਉਜਲਾ ਰਖਣਾ ਟਿਕਾ ਹੈ ਸੀ। ਸੋਈ
ਗੁਰੂ ਅੰਗਦ ਜੀ ਦਾ ਟਿਕਾ ਮੁਖ ਉਜਲਾ ਹੋਆ ॥ ਤੇ ਜੋ ਨਾਮ ਦਾ
ਛਤ੍ਰ ਗੁਰੂ ਨਾਨਕ ਜੀ ਦਾ ਹੈ ਸੀ ਤੇ ਵੀਚਾਰ ਦਾ ਤਖਤ ਹੈ ਸੀ

> ਸੋਈ ਗੁਰੂ ਅੰਗਦ ਜੀ ਦਾ ਤਖਤ ਤੇ ਛਤ੍ਰ ਹੋਇਆ॥ ਤੇ ਸਬਦਿ ਦੀ ਮੁਹਰ ਗੁਰੂ ਅੰਗਦ ਜੀ ਚਲਾਈ॥ ...ਗੁਰੂ ਅੰਗਦ ਜੀ ਸਬਦਿ ਦੀ ਜੋਤ ਜਗਾਈ॥ ...ਏਹ ਗਿਆਨ ਅਮਰਦਾਸ ਜੀ ਨੂੰ ਪਰਪਕ ਹੋਇਆ ...ਤਾ ਉਨਾ ਦੇ ਅਗੇ ਗੁਰੂ ਅੰਗਦ ਜੀ ਨੇ ਪੰਜ ਪੈਸੇ ਤੇ ਨਾਲੀਏਰ ਤੇ ਮਿਸਰੀ ਦੀ ਰੋੜੀ ਰਖਿ ਕੇ ਮਥਾ ਟੇਕਿਆ ਤਾਂ ਗੁਰੂ ਅੰਗਦ ਜੀ ਕਹਿਆ ਅਧਿਕਾਰੀ ਦੀ ਵਸਤ ਗਿਆਨ ਹੈ ...ਦਾਤਿ ਤੇ ਜੋਤਿ ਖਸਮ ਦੀ ਵਡਿਆਈ ਕਰਿ ਕੈ ਪ੍ਰਾਪਤਿ ਹੋਈ ਹੈ॥ ... ਸਤਿਗੁਰੂ ਗੁਰੂ ਅਮਰਦਾਸ ਵੀ ਕਹਿਆ ਸੀ॥ ਗਿਆਨ ਤਾਂ ਅਧਿਕਾਰੀ ਦੀ ਵਸਤ ਹੈ ...ਸਤਿਗੁਰ ਜੀ ਰਾਮਦਾਸ ਜੀ ਨੂੰ ਗੁਰਿਆਈ ਦਿਤੀ॥ ...[42]

ਸ੍ਰੀ ਗੁਰ ਸੋਭਾ ਦਾ ਕਰਤਾ ਸੈਨਾਪਤਿ ਅਨੁਸਾਰ ਦਸ ਗੁਰੂ ਸਾਹਿਬਾਨ ਸਾਧਾਰਨ ਮਨੁਖ ਨਹੀਂ, ਸਗੋਂ 'ਪਰਮ ਪੁਰਖ' ਸਨ:

> ...ਅਬ ਸਤਿਗੁਰ ਕੇ ਨਾਮ ਬਖਾਨੋ॥
> ਪਰਮ ਪੁਰਖ ਤਿਹ ਤੇ ਪਹਿਚਾਨੋ॥
> ਪ੍ਰਥਮੇ ਸਤਿਗੁਰ ਨਾਨਕ ਭਏ॥
> ਅੰਗਦ ਅਮਰਦਾਸ ਪ੍ਰਗਟਏ॥
> ਤਿਹ ਤੇ ਰਾਮਦਾਸ ਗੁਰੂ ਜਾਨੋ॥ ... [43]

ਸੈਨਾਪਤਿ ਨੇ ਗੁਰੂ-ਜੋਤਿ ਦੀ ਏਕਤਾ ਦਾ ਕਈ ਥਾਈਂ ਜ਼ਿਕਰ ਕੀਤਾ ਹੈ। ਕਰਤਾ ਅਨੁਸਾਰ ਗੁਰੂ ਰਾਮਦਾਸ ਗੁਰੂ ਨਾਨਕ-ਅੰਗਦ ਦੇਵ ਦਾ ਰੂਪ ਹੀ ਸਨ:

> ਤੁਹੀ ਗੁਰੂ ਨਾਨਕ ਹੈ ਤੁਹੀ ਗੁਰੂ ਅੰਗਦ ਹੈ॥
> ਤੂਹੀ ਗੁਰੂ ਅਮਰਦਾਸ ਰਾਮਦਾਸ ਤੁਹੀ ਹੈਂ॥ [44]

ਮਹਿਮਾ ਪ੍ਰਕਾਸ਼ (ਕਵਿਤਾ) ਦੇ ਕਰਤਾ ਅਨੁਸਾਰ ਗੁਰੂ-ਜੋਤਿ ਦੀ ਨਿਰੰਤਰਤਾ ਇਸ ਤਰ੍ਹਾਂ ਪ੍ਰਵਾਹਿਤ ਹੁੰਦੀ ਹੈ, ਜਿਵੇਂ ਦੀਵੇ ਤੋਂ ਦੀਵਾ ਬਲਦਾ ਹੈ:

> ਗੁਰ ਨਾਨਕ ਰੂਪ ਧਰਿਓ ਬਨਵਾਰੀ॥
> ਜਗ ਭਗਤ ਨੀਵ ਧਰ ਕੀਓ ਪਾਰੀ॥
> ਗੁਰ ਅੰਗਦ ਰੂਪ ਧਰਿ ਕੀਓ ਹੁਲਾਸਾ॥
> ਜਿਮ ਦੀਪਕ ਸੌ ਦੀਪ ਪ੍ਰਕਾਸਾ॥ [45]

'ਜੋਤਿ ਨਿਰੰਤਰਤਾ' ਦੀ ਕਥਾ ਅਦਭੁਤ ਹੈ, ਇਹ ਕਥਨ ਵਿਚ ਨਹੀਂ:



> ਹੇ ਪੁਰਖਾ ਤੁਮ ਮਮ ਭੇਦ ਨਹ ਤੂੰ ਮੇਰੋ ਨਿਜ ਰੂਪ॥
> ਤੁਮ ਮੇਰੇ ਹੀਅਰੇ ਬਸੋ ਅਦਭੁਤ ਕਥਾ ਅਨੂਪ॥ [46]

ਇਹ ਜੋਤਿ ਨਿਰੰਤਰਤਾ ਦੀ ਲੜੀ ਅਗੇ ਚਲਦੀ ਰਹਿੰਦੀ ਹੈ, ਜਿਸ ਅਧੀਨ ਗੁਰੂ ਅਮਰਦਾਸ ਨੇ ਗੁਰੂ ਰਾਮਦਾਸ ਨੂੰ ਇਹੀ ਮਿਸ਼ਨ ਹਿਤ ਥਾਪਿਆ:

> ਰਵਿ ਗਿਆਨ ਪ੍ਰਕਾਸ ਮੁਖਾਰਬਿੰਦ ਸਤ-ਬਾਨੀ ਕਿਰਨ ਉਚਾਰਨ ਕਉ॥
> ਸ੍ਰੀ ਰਾਮਦਾਸ ਗੁਰ ਅਮਰ ਥਾਪਿਓ ਬੋਹਥ ਭਵ ਪਾਰ ਉਤਾਰਨ ਕਉ॥ [47]

ਸ੍ਰੀ ਗੁਰ ਪੰਥ ਪ੍ਰਕਾਸ਼ ਦਾ ਕਰਤਾ ਰਤਨ ਸਿੰਘ ਭੰਗੂ ਗੁਰਿਆਈ ਪਰੰਪਰਾ ਸਿਧਾਂਤ ਨੂੰ ਦੈਵੀ ਰਹਸ ਨਾਲ ਜੋੜਦਾ ਹੈ। ਸੰਸਾਰ ਨੇ ਜਿਵੇਂ ਗੁਰੂ ਨਾਨਕ ਦੇਵ ਨੂੰ ਸਮਝਿਆ, ਤਿਵੇਂ ਹੀ ਗੁਰੂ ਅੰਗਦ, ਅਮਰਦਾਸ ਅਤੇ ਗੁਰੂ ਰਾਮਦਾਸ ਨੂੰ ਵੀ ਜਾਣਿਆ:

> ਗੁਰ ਨਾਨਕ ਪਾਛੈ ਅੰਗਦ ਭਯੋ॥ ...
> ਅੰਗਦ ਤੇ ਗੁਰ ਭਯੋ ਅਮਰਦਾਸ॥ ...
> ਪੁਨ ਰਾਮਦਾਸ ਪੂਰਣ ਮਤ ਠਈ॥ ...[48]

ਭੰਗੂ ਸਪਸ਼ਟ ਕਰਦਾ ਹੈ ਕਿ ਗੁਰੂ ਰਾਮਦਾਸ ਗੁਰੂ ਨਾਨਕ ਦੇਵ ਦੀ ਨਿਰੰਤਰਤਾ ਵਜੋਂ ਸਨ:

> ...ਸ੍ਰੀ ਗੁਰ ਅੰਗਦ ਕੋ ਕਹਿ ਗਏ॥
> ਅੰਗਦ ਜੀ ਅਮਰਦਾਸ ਸਮਝਏ॥
> ਅਮਰਦਾਸ ਰਾਮਦਾਸੈ ਕਹਾਯੋ॥ ...[49]

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਕਵਿ ਸੰਤੋਖ ਸਿੰਘ ਗੁਰੂ ਨਾਨਕ ਦੇਵ ਤੇ ਗੁਰੂ ਰਾਮਦਾਸ ਨੂੰ ਇਕ ਜੋਤਿ ਦਸਦੇ ਹਨ:

> ਚਰਨ ਸਰਨ ਤਮ ਹਰਨ ਕਰਨ ਮੰਗਲ ਗੁਰ ਨਾਨਕ॥
> ਕਰਤਿ ਅੰਗ ਪਰਲੋਕ ਲੋਕ ਅੰਗਦ ਉਰ ਆਨਕ॥
> ਅਮਰ ਕਰਤਿ ਗੁਰ ਅਮਰਦਾਸ ਹਿਤ ਰਾਮਦਾਸ ਧਰ॥ [50]

ਗੁਰੂ ਸਾਹਿਬਾਨ ਨੂੰ ਇਕ ਜੋਤਿ ਸਮਝਦੇ ਹੋਏ ਕਰਤਾ ਇਉਂ ਮੰਗਲ ਕਰਦਾ ਹੈ:

> ਸ੍ਰੀ ਨਾਨਕ ਪਦ ਪੰਕਜ ਬੰਦਨ॥
> ਸਿਮਰੋ ਅੰਗਦ ਦੋਖ ਨਿਕੰਦਨ॥
> ਅਮਰਦਾਸ ਗੁਰ ਹਿਰਦੇ ਧਜਾਵੌਂ॥
> ਸ੍ਰੀ ਗੁਰ ਰਾਮਦਾਸ ਗੁਨ ਗਾਵੌਂ॥ ...[51]

ਸ੍ਰੀ ਸਰਬਲੋਹ ਗ੍ਰੰਥ ਵਿਚ ਗੁਰੂ-ਜੋਤਿ ਦੀ ਏਕਤਾ ਦ੍ਰਿੜ ਕਰਵਾਉਂਦਾ ਹੋਇਆ ਕਰਤਾ ਗੁਰੂ ਰਾਮਦਾਸ ਦਾ ਮੰਗਲ ਕਰਦਾ ਹੈ:

ਕਰਨਧਾਰ ਸਦਿ ਗੁਰ ਰਾਮ ਕਹਿਯਤਿ ਸ੍ਰੀ ਨਾਨਕ ਗੁਰਿ ਅੰਗਦ ਧਾਰੇ ॥
ਅਮਰਦਾਸ ਪੂਰੋ ਪੁਰਸ਼ੋਤਮ ਸਤਿਸੰਗਤਿ ਦੈ ਪਾਰ ਉਤਾਰੇ ॥
ਰਾਮਦਾਸ ਗੁਰੂ ਅਚਲ ਅਮਰ ਨਿਤਿ ਸੁਧਾ ਸਰੋਵਰ ਰੂਪ ਸੁਧਾਰੇ ॥ ...[52]

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਵਿਚ ਵਰਤੀ ਇਕ ਜੋਤਿ ਮੂਲ ਰੂਪ ਵਿਚ ਦੈਵੀ ਵਰਤਾਰਾ ਹੈ, ਜਿਸ ਦੀ ਭਰਪੂਰ ਵਿਆਖਿਆ ਗੁਰਬਾਣੀ ਵਿਚ ਮਿਲਦੀ ਹੈ। ਇਸ ਸੰਦਰਭ ਵਿਚ ਰਾਮਕਲੀ ਕੀ ਵਾਰ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਇਸ ਤੋਂ ਬਿਨਾਂ ਭਟ ਸਾਹਿਬਾਨ ਨੇ ਗੁਰੂ ਸਾਹਿਬਾਨ ਦੀ ਜੁਗਤਿ ਪਛਾਣਦੇ ਹੋਏ ਸਾਰੇ ਗੁਰੂ ਸਾਹਿਬਾਨ ਵਿਚ ਇਕ ਜੋਤਿ ਦਾ ਵਾਸਾ ਅਨੁਭਵ ਕੀਤਾ ਹੈ। ਗੁਰੂ ਸਾਹਿਬਾਨ ਦੇ ਸਮਕਾਲੀਨ ਸਿੱਖ, ਭਾਈ ਗੁਰਦਾਸ ਤੇ ਭਾਈ ਨੰਦ ਲਾਲ ਨੇ ਵੀ ਗੁਰੂ ਸ਼ਰਨ ਵਿਚ ਰਹਿੰਦੇ ਹੋਏ ਇਸ ਦੈਵੀ ਵਰਤਾਰੇ ਦਾ ਅਨੁਭਵ ਕੀਤਾ, ਜਿਸ ਕਾਰਨ ਉਨ੍ਹਾਂ ਨੇ ਗੁਰੂ-ਜੋਤਿ ਦੀ ਏਕਤਾ ਆਪੋ-ਆਪਣੀ ਰਚਨਾ ਵਿਚ ਬਾ-ਖੂਬੀ ਦ੍ਰਿੜ ਕਰਵਾਈ ਹੈ। ਇਨ੍ਹਾਂ ਤੋਂ ਬਿਨ੍ਹਾਂ ਸਿੱਖ ਸਾਹਿਤ ਵੀ ਇਸ ਵਰਤਾਰੇ ਤੋਂ ਅਭਿਜ ਨਾ ਰਹਿ ਸਕਿਆ। ਇਸ ਸਾਹਿਤ ਨੇ ਗੁਰੂ-ਜੋਤਿ ਦੀ ਨਿਰੰਤਰਤਾ ਦੇਖਦੇ ਹੋਏ, ਇਸ ਨੂੰ ਬੜੀ ਸ਼ਿਦਤ ਨਾਲ ਪੇਸ਼ ਕੀਤਾ ਹੈ। ਖੂਬਸੂਰਤੀ ਦੀ ਗਲ ਇਹ ਹੈ ਕਿ ਗੁਰੂ ਸਾਹਿਬਾਨ ਵਿਚ ਵਿਦਮਾਨ ਇਕ 'ਜੋਤਿ' ਦਾ ਸਿਧਾਂਤਕ ਪਹਿਲੂ ਪੇਸ਼ ਕਰਦੇ ਹੋਏ ਸਿੱਖ ਸਾਹਿਤ ਨੇ ਲਗਪਗ ਇਕੋ ਜਿਹੇ ਰੂਪਕ ਵਰਤ ਕੇ 'ਜੋਤਿ' ਦੇ ਰਹਸਮਈ ਵਰਤਾਰੇ ਨੂੰ ਪੇਸ਼ ਕੀਤਾ ਹੈ।

ਹਵਾਲੇ:


1. ਜੋਤਿ ਰੂਪਿ ਹਰਿ ਆਪਿ ਗੁਰੂਨਾਨਕੁ ਕਹਾਯਉ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1408.
2. ਮਿਸਾਲ ਵਜੋਂ ਭਾਈ ਕਾਨ੍ਹ ਸਿੰਘ ਅਨੁਸਾਰ 'ਗੁਰੂ' ਪਦ ਦੇ ਅਰਥ ਹਨ: ਹਨ੍ਹੇਰਾ ਦੂਰ ਕਰਕੇ ਰੌਸ਼ਨੀ (ਪ੍ਰਕਾਸ਼) ਕਰਨ ਵਾਲਾ। ਭਾਈ ਸਾਹਿਬ ਅਨੁਸਾਰ, "ਗੁਰੂ ਸ਼ਬਦ ਗ੍ਰੀ (ਗ੍ਰ) ਧਾਤੂ ਤੋਂ ਬਣਿਆ ਹੈ, ਜਿਸ ਦੇ ਅਰਥ ਹਨ: ਨਿਗਲਣਾ ਅਤੇ ਸਮਝਾਉਣਾ। ਜੋ ਅਗਯਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤਗਯਾਨ ਸਮਝਾਉਂਦਾ ਹੈ, ਉਹ ਗੁਰੂ ਹੈ।" ਮਹਾਨ ਕੋਸ਼, ਪੰਨਾ 415; ਇਸ ਪ੍ਰਥਾਇ ਗੁਰਬਾਣੀ ਵਿਚ ਅਨੇਕ ਥਾਈਂ ਪੁਸ਼ਟੀ ਹੁੰਦੀ ਹੈ। ਜਿਵੇਂ ਗੁਰੂ ਨਾਨਕ ਦੇਵ ਕਹਿੰਦੇ ਹਨ ਕਿ ਭਾਵੇਂ ਸੈਂਕੜੇ ਚੰਦਰਮਾ ਚੜ੍ਹ ਜਾਣ, ਹਜਾਰਾਂ ਸੂਰਜਾਂ ਦਾ ਪ੍ਰਕਾਸ਼ ਹੋ ਜਾਵੇ, ਐਨੇ ਚਾਨਣ ਹੋਣ ਦੇ ਬਾਵਜੂਦ ਵੀ ਗੁਰੂ ਤੋਂ ਬਿਨਾਂ ਘੋਰ ਹਨੇਰਾ ਹੀ ਹੈ:
   ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
   ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463; ਵਿਕਾਰਾਂ ਰੂਪੀ ਭੜਕਦੀ ਅਗਨੀ ਨੂੰ ਠੰਢੀ ਕਰ ਦੇਣ ਵਾਲੇ





   ਤੇ ਅਗਿਆਨ ਦਾ ਨਾਸ ਕਰ ਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਗੁਰੂਹੈ:
   ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ ॥
   ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 241.
3. ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999, ਪੰਨਾ 536.
4. ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 524.
5. ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 509.
6. ਨਾ ਹਉ ਥਕਾਂ ਨ ਠਾਕੀਆ ਏਵਡ ਰਖਹਿ ਜੋਤਿ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1241.
7. ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1428.
8. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 663.
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1036.
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 490-91.
11. ਵੀਰ ਸਿੰਘ (ਸੰਪਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ 772.
12. Gurbachan Singh Talib, *Guru Nanak : His Personality and Vision,* Guru Das Kapur & Sons (P) Ltd., Delhi, (no date), p. 143.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 967.
14. ਭਗਤ ਸਿੰਘ (ਭਾਈ), ਗੁਰਬਿਲਾਸ ਪਾਤਸ਼ਾਹੀ ੬, (ਸੰਪਾ.), ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਡਾ. ਅਮਰਜੀਤ ਸਿੰਘ, ਧਰਮ ਪ੍ਰਚਾਰ ਕਮੇਟੀ (SGPC), ਸ੍ਰੀ ਅੰਮ੍ਰਿਤਸਰ, 1998, ਅਧਿਆਇ/ਬੰਦ/ਪੰਨਾ - ੧੬/੨੮੯/੫੫੧.
15. ਕੇਸਰ ਸਿੰਘ ਛਿਬਰ,ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ: ਸੰਪਾਦਨ ਤੇ ਇਤਿਹਾਸਕ ਅਧਿਐਨ, (ਸੰਪਾ.) ਰਾਏ ਜਸਬੀਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001, ਚਰਣ/ਬੰਦ -2/125.
16. ਉਹੀ, ਚਰਣ/ਬੰਦ - 2/131,133,136,138,139.

17. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 307-308.
18. ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998 (ਸਤਵੀਂ ਵਾਰ), ਵਾਰ 26, ਪਉੜੀ 33.
19. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ ਦੂਜਾ, ਖੰਡ -1), (ਸੰਪਾ.), ਡਾ. ਉਤਮ ਸਿੰਘ ਭਾਟੀਆ, ਭਾਸ਼ਾ ਵਿਭਾਗ ਪੰਜਾਬ, 1999, ਸਾਖੀ/ਬੰਦ/ਪੰਨਾ - ੩/੨੨-੨੪/੨੭੪.
20. ਦਿਚੈ ਪੂਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ ॥
    ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂਕਹਾਵੈ ॥ ...
    ਫਿਰ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂਕਹਾਵੈ ॥
    ਜਾਣਿ ਨ ਦੇਸਾਂ ਸੋਢੀਓਂ ਹੋਰਸਿ ਅਜਰੁ ਨ ਜਰਿਆ ਜਾਵੈ ॥
    ਘਰ ਹੀ ਕੀ ਵਥੁ ਘਰੇ ਰਹਾਵੈ ॥
    ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 47.
21. This hereditary principle of succession is also reflected in the writings of Bhai Gurdas. While commenting on the nomination of Guru Ram Dass, he writes, "what previously received must be restored, and descend to the line that oweth it. The Sodhies will not allow it to depart, no others can endure the unendurable one. What belonged to the house shall remain in the house.
    *Joginder Singh, A STUDY OF SIKH INSTITUTIONS: PRACTICES AND OUTLOOK* (Unpublished Ph.D. thesis), Punjabi University, Patiala, p. 67.
22. - ਫਕੜ ਜਾਤੀ ਫਕੜੁ ਨਾਉ ॥
    ਸਭਨਾ ਜੀਆ ਇਕਾ ਛਾਉ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 83.
    - ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1094.
23. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 731.
24. ਸਿੱਖ ਰਹਿਤ ਮਰਯਾਦਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ 30.
25. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 940.



26. ਗੁਰ ਰਾਮਦਾਸ ਕਲ੍ਯ਼ਚਰੈ ਤੈਂ ਅਟਲ ਅਮਰ ਪਦੁ ਪਾਇਓ ॥
    ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 1397.
27. ... ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯ਼ਉ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1397.
28. ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1408.
29. ਕਾਟੇ ਸੁ ਪਾਪ ਤਿਨ੍ਹ ਨਰਹੁ ਕੇ ਗੁਰੁ ਰਾਮਦਾਸੁ ਜਿਨ੍ਹ ਪਾਇਯਉ ॥
    ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਆਉ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1409.
30. ਗੁਰੁ ਅਰਜਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1407.
31. ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1406.
32. ਗੁਰਿ ਰਾਮਦਾਸ ਅਰਜੁਨੁ ਵਰ੍ਯ਼ਉ ਪਾਰਸੁ ਪਰਸੁ ਪ੍ਰਮਾਣੁ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1407.
33. ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1406.
34. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 47.
35. ਉਹੀ, ਵਾਰ 3, ਪਉੜੀ 12.
36. ਭਾਈ ਰਣਧੀਰ ਸਿੰਘ, (ਸੰਪਾ.), ਸ਼ਬਦਾਰਥ: ਦਸਮ ਗ੍ਰੰਥ ਸਾਹਿਬ (ਪੋਥੀ ਪਹਿਲੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995 (ਤੀਜਾ ਸੰਸਕਰਣ), ਪੰਨਾ 70.
37. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 966.
38. ਸ਼ਬਦਾਰਥ: ਦਸਮ ਗ੍ਰੰਥ ਸਾਹਿਬ (ਪੋਥੀ ਪਹਿਲੀ), ਪੰਨਾ 70.
39. ਉਹੀ, ਪੰਨਾ 154.
40. ਗੰਡਾ ਸਿੰਘ (ਸੰਪਾ.),ਭਾਈ ਨੰਦ ਲਾਲ ਗ੍ਰੰਥਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994 (ਦੂਜੀ ਵਾਰ), ਪੰਨਾ 219.
41. ਉਹੀ, ਪੰਨੇ 194-95.
42. ਜਸਬੀਰ ਸਿੰਘ ਸਾਬਰ (ਸੰਪਾ.), ਗਿਆਨ ਰਤਨਾਵਲੀ : ਜਨਮਸਾਖ਼ੀ ਸ੍ਰੀ ਗੁਰੂ ਨਾਨਕ ਦੇਵ

ਜੀ ਕੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993, ਪੰਨੇ 358-61.

43. ਸੈਨਾਪਤਿ ਕਵੀ, ਸ੍ਰੀ ਗੁਰ ਸੋਭਾ, (ਸੰਪਾ.), ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990 (ਚੌਥੀ ਵਾਰ), ਅਧਿਆਇ/ਬੰਦ/ਪੰਨਾ - ੧/੧੨/੬੪.
44. ਉਹੀ, ੨/੪੬/੬੮.
45. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ ਦੂਜਾ, ਖੰਡ 1), (ਸੰਪਾ.), ਡਾ. ਉਤਮ ਸਿੰਘ ਭਾਟੀਆ, ਭਾਸ਼ਾ ਵਿਭਾਗ ਪੰਜਾਬ, 1999 (ਤੀਜੀ ਵਾਰ), ਸਾਖੀ/ਬੰਦ/ਪੰਨਾ - ੨/੨/੨੯.
46. ਉਹੀ, (ਭਾਗ ਦੂਜਾ, ਖੰਡ 1), ਸਾਖੀ/ਬੰਦ/ਪੰਨਾ - ੧੫/੬/੧੩੭.
47. ਉਹੀ, ੧/੭/੨੨੯.
48. ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, (ਸੰਪਾ.), ਡਾ. ਬਲਵੰਤ ਸਿੰਘ ਢਿਲੋਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਸਾਖੀ/ਬੰਦ/ਪੰਨਾ - ੧੨/੮/੨੩.
49. ਉਹੀ, ੧੦੨/੩੯-੪੨/੨੫੮.
50. ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ ਪਹਿਲੀ), (ਸੰਪਾ.), ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੰਨਾ 171.
51. ਉਹੀ, (ਜਿਲਦ ਚੌਥੀ, ਉਤਰਾਰਧ), ਪੰਨਾ 1256.
52. ਸ੍ਰੀ ਸਰਬਲੋਹ ਗ੍ਰੰਥ (ਭਾਗ ਦੂਜਾ), ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ, ਪੰਜਾਬ, 2000, ਪੰਨਾ 486.

# ਸ੍ਰੀ ਗੁਰੂ ਰਾਮਦਾਸ ਰਚਿਤ ਸਲੋਕ: ਇਕ ਅਧਿਐਨ

ਡਾ. ਰਣਜੀਤ ਕੌਰ ਪੰਨਵਾਂ*



ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਿਮੰਡ ਦੇ ਸਮੁੱਚੇ ਉਦਗਾਰਾਂ, ਸਰੋਕਾਰਾਂ, ਪਰਿਪੇਖਾਂ ਦਾ ਵਰਣਨ ਇਕੋ ਹੀ ਥਾਂ ਪ੍ਰਾਪਤ ਹੁੰਦਾ ਹੈ। ਇਸ ਨਿਧਿ ਨੂੰ ਗੁਰੂ ਅਰਜਨ ਦੇਵ ਨੇ ਪਾਕੰਪਾਕ ਅਤੇ ਅਜ਼ੀਜ਼ ਹੱਥਾਂ ਨਾਲ ਸੰਪਾਦਿਤ ਕਰਕੇ ਅਨੁਯਾਈਆਂ ਨੂੰ ਅਨਮੋਲ ਦਾਤ ਬਖ਼ਸ਼ਸ਼ ਕੀਤੀ। ਰੱਬੀ ਆਵੇਸ਼ ਨੂੰ ਪੂਰਵ ਗੁਰੂ ਸਾਹਿਬਾਨ (ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਰਾਮਦਾਸ ਤੱਕ) ਨੇ ਇਕੱਤਰ ਕਰਨ ਅਤੇ ਸੰਭਾਲਣ ਦਾ ਵਡਮੁਲਾ ਕਾਰਜ ਕੀਤਾ। ਇਕਤਰ ਗੁਰਬਾਣੀ ਨੂੰ ਗੁਰੂ ਅਰਜਨ ਦੇਵ ਨੇ ਸੁਯੋਗ ਅਗਵਾਈ ਅਧੀਨ ਭਾਈ ਗੁਰਦਾਸ ਤੋਂ ਕਾਤਬ ਦੀ ਸੇਵਾ ਲੈ ਕੇ ਗੁਰਮੁਖੀ ਲਿਪੀ ਵਿਚ 1604 ਈ. ਨੂੰ ਰਾਮਸਰ ਵਿਖੇ ਗ੍ਰੰਥ ਸਾਹਿਬ ਦਾ ਸਰੂਪ ਦਿੱਤਾ। ਪਰੰਪਰਾ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ 1706 ਈ. ਨੂੰ ਗੁਰੂ ਤੇਗ ਬਹਾਦਰ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਕਰਨ ਦਾ ਬਹੁਮੁਲਾ ਕਾਰਜ ਕੀਤਾ। ਡਾ. ਗੁਰਭਗਤ ਸਿੰਘ ਅਨੁਸਾਰ "ਪੰਜਾਬ ਨੇ ਅਤੇ ਪੰਜਾਬ ਰਾਹੀਂ ਭਾਰਤ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਰਾਹੀਂ ਵਿਸ਼ਵ ਨੂੰ ਵੱਡੀ ਦੇਣ ਦਿੱਤੀ, ਇਹ ਕੋਈ ਅਤਿਕਥਨੀ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਯੋਗਦਾਨ ਅਨੇਕ-ਪੱਖੀ ਹੈ, ਪਰ ਬਹੁਤ ਗੌਰਵਸ਼ੀਲ ਪੱਖ ਜੇ ਦ੍ਰਿਸ਼ਟਮਾਨ ਕਰਨਾ ਹੋਵੇ ਤਾਂ ਉਹ ਵਿਸ਼ਵ ਲਈ ਵਿਸਮਾਦੀ ਜੀਵਨ ਅਤੇ ਇਸ ਦੇ ਅਭਿਆਸ ਦਾ ਸੰਕਲਪ ਦੇਣਾ ਹੈ।"[1]

ਗੁਰਬਾਣੀ 'ਸਚ ਕੀ ਬਾਣੀ' ਹੈ, ਭੌਤਿਕਤਾ ਤੋਂ ਨਿਖੇੜ ਕੇ ਪਰਾਭੌਤਿਕ ਤੱਤਾਂ ਨਾਲ ਜੋੜਨ ਦਾ ਕਾਰਜ ਕਰਦੀ ਹੈ, ਪਰ ਕਵਿਤਾ ਦਿਸਦੇ ਜਗਤ ਤੋਂ ਕਲਪਨਾ ਤੱਕ ਦੀ ਉਡਾਣ ਹੁੰਦੀ ਹੈ। ਇਸ ਕਰਕੇ ਕਾਵਿ-ਸ਼ਾਸਤਰੀ ਨੇਮਾਂ ਅਨੁਸਾਰ 'ਸਚ ਕੀ ਬਾਣੀ' ਦਾ ਵਿਸ਼ਲੇਸ਼ਣ ਕਰਨਾ ਜ਼ਾਇਜ ਨਹੀਂ, ਪਰ ਸਹਿਜੇ ਹੀ ਗੁਰਬਾਣੀ ਵਿੱਚੋਂ ਕਈ ਕਾਵਿ-ਨੇਮਾਂ ਦੀ ਨਿਸ਼ਾਨਦੇਹੀ ਹੋ ਜਾਂਦੀ ਹੈ। ਇੰਞਪ੍ਰਤੀਤ ਹੋਣ ਲੱਗਦਾ ਹੈ ਕਿ ਗੁਰਬਾਣੀ ਕਿਸੇ ਕਾਵਿ-ਨੇਮ (ਵਿਧੀ) ਵਿਚ ਲਿਖੀ ਗਈ ਹੈ। ਗੁਰਬਾਣੀ ਸਾਹਿਤਕ ਕਾਵਿ ਨਹੀਂ ਹੈ, ਕਿਉਂਕਿ ਗੁਰਬਾਣੀ ਕਰਤੇ (ਅਕਾਲ ਪੁਰਖ) ਦੀਆਂ ਅਗੰਮੀ ਰਹੱਸਮਈ ਬਾਤਾਂ ਹਨ। ਕਵਿਤਾ ਮਨੁੱਖ ਦੀਆਂ ਮਨੋਕਲਪਿਤ ਬੰਧੇਜੀ ਉਡਾਣਾਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਪਰੰਪਰਾਗਤ ਕਾਵਿ-ਰੂਪਾਂ, ਲੋਕ ਕਾਵਿ-ਰੂਪਾਂ, ਕਾਵਿ-ਸ਼ੈਲੀਆਂ ਅਤੇ ਕਾਵਿ-ਸਿਧਾਂਤਾਂ ਦੇ ਨਮੂਨੇ ਵੇਖਣ ਨੂੰ ਮਿਲਦੇ ਹਨ। ਡਾ. ਤਾਰਨ ਸਿੰਘ ਕਾਵਿ-ਰੂਪਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਪ੍ਰਬੰਧ ਨੂੰ ਚਾਰ ਵਰਗਾਂ ਵਿਚ ਵੰਡ ਕੇ ਅਧਿਐਨ ਕਰਦੇ ਹਨ:

(1) ਸ਼ਬਦ (ਕਲਪਨਾ ਦਾ ਸਮਾਨ ਰੂਪ, Imagination)
(2) ਰਸ (ਭਾਵਕਤਾ ਦਾ ਸਮਾਨ ਰੂਪ, Emotion)

(3) ਰੂਪ (ਕਾਵਿ-ਰੂਪ ਦਾ ਸਮਾਨ ਰੂਪ, Forms of Poetry)

(4) ਰਾਗ (ਛੰਦਾਬੰਦੀ ਦਾ ਸਮਾਨ ਰੂਪ, Prosody)[2]

ਕਾਵਿ-ਰੂਪ ਉਹ ਸਾਧਨ ਹਨ, ਜਦ ਕਵੀ-ਮਨ ਵਿਚ ਵਲਵਲੇ ਦੀ ਖੇਡ ਪਨਪਦੀ ਹੈ ਤਾਂ ਕਵੀ ਆਪਣੇ ਕਾਵਿ ਅਨੁਭਵ ਨੂੰ ਪਰੰਪਰਾ ਵਿੱਚੋਂ ਵੀ ਪ੍ਰਾਪਤ ਕਰਦਾ ਹੈ। ਕਈ ਵਾਰ ਆਪਣੀ ਮਿਹਨਤ ਅਤੇ ਅਨੁਭਵ ਦੇ ਗਹਿਰੇਪਨ ਸਦਕਾ ਵੱਖਰਤਾ ਵੀ ਬਖ਼ਸ਼ਦਾ ਹੈ ਅਤੇ ਵਿਆਖਿਆ ਯੋਗ ਵਿਸ਼ੇ ਦੇ ਅਨੁਸਾਰੀ ਨਵੀਨ ਰੂਪ ਪ੍ਰਗਟ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਾਵਿ-ਰੂਪਾਂ ਦੀ ਵਿਦਵਾਨਾਂ ਨੇ ਆਪੋ-ਆਪਣੀ ਵਿਧੀ ਨਾਲ ਵਰਗਵੰਡ ਕੀਤੀ ਹੈ। ਡਾ. ਰਤਨ ਸਿੰਘ ਜੱਗੀ, ਚਉਪਦੇ, ਅਸ਼ਟਪਦੀਆਂ, ਸੋਲਹੇ, ਸਲੋਕ, ਸ਼ਬਦ, ਛੰਤ ਆਦਿ ਨੂੰ ਛੰਦਬਧ ਕਾਵਿ-ਰੂਪ ਦੇ ਵਰਗ ਵਿਚ ਰੱਖਦੇ ਹਨ।[3] ਡਾ. ਸਤਿੰਦਰ ਸਿੰਘ ਕਾਵਿ-ਰੂਪਾਂ ਦੀ ਵੰਡ ਕਰਦੇ ਹੋਏ ਆਰਤੀ, ਸਲੋਕ, ਸ਼ਬਦ ਆਦਿ ਨੂੰ ਧਾਰਮਿਕ ਕਾਰਜਾਂ ਨਾਲ ਸੰਬੰਧਿਤ ਵਰਗ ਵਿਚ ਰੱਖਦੇ ਹਨ।[4]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਿਤ ਬਾਣੀ ਦਾ ਮੂਲ ਸੁਰ ਵਿਸਮਾਦੀ ਅਨੁਭਵ ਨੂੰ ਲੋਕਾਈ ਤੱਕ ਅਗਰਸਰ ਕਰਨਾ ਹੈ। ਇਸ ਲਈ ਲੋਕ ਕਾਵਿ-ਰੂਪ ਅਹਿਮ ਭੂਮਿਕਾ ਅਦਾ ਕਰਦੇ ਹਨ ਕਿਉਂਕਿ ਲੋਕ ਕਾਵਿ-ਰੂਪ ਲੋਕ ਮਨ ਦੇ ਵਧੇਰੇ ਸਮੀਪ ਵਿਚਰਦੇ ਹਨ ਅਤੇ ਪ੍ਰਭਾਵ ਉਸਾਰੂ ਹਨ। ਇਸੇ ਕਰਕੇ ਗੁਰੂ ਸਾਹਿਬ ਨੇ ਲੋਕ ਕਾਵਿ-ਰੂਪਾਂ ਘੋੜੀਆਂ, ਅਲਾਹੁਣੀਆਂ, ਸੋਲਹੇ, ਲਾਵਾਂ, ਪਹਿਰੇ, ਵਣਜਾਰਾ ਆਦਿ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਕਾਰਤ ਥਾਂ ਦਿੱਤੀ ਪਰ ਇਨ੍ਹਾਂ ਲੋਕ ਪ੍ਰਚਲਿਤ ਕਾਵਿ-ਰੂਪਾਂ ਦਾ ਪ੍ਰਯੋਗ ਹੂ-ਬ-ਹੂ ਨਹੀਂ ਹੋਇਆ, ਸਗੋਂ ਵਿਸ਼ੇਸ਼ ਬਦਲ-ਫੇਰ ਨਾਲ ਵਰਤੋਂ ਵਿਚ ਆਏ ਹਨ।

ਸੋ, ਕਈ ਕਾਵਿ-ਰੂਪ ਅਤੇ ਕਾਵਿ-ਜੁਗਤਾਂ ਵਿਸਮਾਦੀ ਬਾਣੀ ਨੂੰ ਵਿਅਕਤ ਕਰਨ ਲਈ ਰੂਪਾਂਤਰਣ ਵਿਧੀ ਰਾਹੀਂ ਪ੍ਰਯੋਗ ਹੋਈਆਂ ਹਨ, ਜਿਵੇਂ: ਬਾਰਹਮਾਹ, ਘੋੜੀਆਂ, ਸਲੋਕ, ਸਵਈਆ, ਅਸ਼ਟਪਦੀਆਂ, ਕਾਫ਼ੀ, ਵਾਰ, ਸਦ ਆਦਿ। ਸਲੋਕ ਨੂੰ ਵਧੇਰੇ ਬਾਣੀਕਾਰਾਂ ਨੇ ਦੈਵੀ ਅਨੁਭਵ ਦੀ ਪ੍ਰਸਤੁਤੀ ਲਈ ਉਪਯੋਗ ਕੀਤਾ ਹੈ। ਹੋਰ ਕਾਵਿ-ਰੂਪਾਂ ਨਾਲੋਂ ਸਲੋਕ ਕਾਵਿ-ਰੂਪ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤਾਤ ਵਿਚ ਹੋਈ ਹੈ।ਗੁਰੂ ਰਾਮਦਾਸ ਦੁਆਰਾ ਰਚਿਤ ਸਲੋਕਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਸਲੋਕ ਦੇ ਸ਼ਾਬਦਿਕ ਅਰਥ ਅਤੇ ਪ੍ਰੀਭਾਸ਼ਾ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ।

**ਸਲੋਕ ਦਾ ਸ਼ਾਬਦਿਕ ਅਰਥ:**

ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ ਸਲੋਕ ਦਾ ਸ਼ਬਦੀ ਅਰਥ ਪ੍ਰਸੰਸਾ, ਉਸਤਤਿ, ਤਅਰੀਫ, ਯਸ਼ ਦਾ ਗੀਤ, ਛੰਦ, ਪਦ ਕਾਵਯ, ਪਦਯ ਹੈ।[5]

*ਰਿਸਰਚ ਸਕਾਲਰ, ਸਿੱਖ ਇ. ਰਿ. ਬੋਰਡ, ਸ਼੍ਰੋ. ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।



ਭਾਈ ਵੀਰ ਸਿੰਘ ਅਨੁਸਾਰ "ਸਲੋਕ, {ਸੰ: ਸੰਸਕ੍ਰਿਤ, ਸਲੋਕਯ}ਛੰਦ, ਕਵਿਤਾ ਵਿਚ ਰਚੀ ਰਚਨਾ। ਯਥਾ 'ਉਤਮ ਸਲੋਕ ਸਾਧ ਕੇ ਬਚਨ।" ਸੰਸਕ੍ਰਿਤ ਵਿਚ ਅਨੁਸ਼ਟੁਪ ਵਜ਼ਨ ਦੇ ਛੰਦਾਂ ਨੂੰ ਕਹਿੰਦੇ ਸਨ, ਪਰ ਪੰਜਾਬੀ ਵਿਚ ਐਸੇ ਵਜ਼ਨ ਦੇ ਛੰਦਾਂ ਨੂੰ ਬੀ ਕਹਿੰਦੇ ਹਨ, ਜੋ ਦੋਹੇ ਯਾਂ ਦੋਹੇ ਦੇ ਕ੍ਰੀਬ ਹੁੰਦੇ ਹਨ।[6]

ਤਾਰਾ ਸਿੰਘ ਨਰੋਤਮ ਸਲੋਕ ਦੇ ਅਰਥ ਦੱਸਦੇ ਹਨ: "ਸੰ. ਚਾਰ ਮੁਕ੍ਤੀਓਂ ਮੇਂ ਏਕ ਮੁਕ੍ਤੀ, ਜੈਸੇ-ਅੰਤੇ ਮੁਕਤਿ ਸਲੋਕ। ਅਰਥ ਹਨ-ਯਸ। ਜੈਸੇ-ਭਗਤੋਂ ਕਾ ਬਡਾ ਸਲੋਕ ਹੈ ਭਾਵ ਬਡਾ ਜਸ ਹੈ। ਛੰਦ ਮਾਤ੍ਰ।"[7]

ਨਾਲੰਦਾ ਵਿਸ਼ਾਲ ਸ਼ਬਦ ਸਾਗਰ ਦੇ ਅਨੁਸਾਰ: ਸਲੋਕ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ, ਉਸਤਤੀ, ਪ੍ਰਸੰਸਾ, ਨਾਮ, ਕੀਰਤੀ ਜਾਂ ਅਨੁਸ਼ਟੁਪ ਛੰਦ।[8]

ਉਪਰੋਕਤ ਵਿਦਵਾਨਾਂ ਦੇ ਮਤ ਜਾਨਣ 'ਤੇ ਪਤਾ ਲੱਗਦਾ ਹੈ ਕਿ ਸਲੋਕ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਅਤੇ ਜਿਸ ਦਾ ਅਰਥ-ਜਸ, ਵਡਿਆਈ, ਉਸਤਤਿ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਅਰਥ ਦੇਣ ਦੇ ਨਾਲ-ਨਾਲ ਸਲੋਕ ਨੂੰ ਛੰਦ ਅਤੇ ਪਦ ਕਾਵਿ ਵੀ ਕਿਹਾ ਹੈ। ਤਾਰਾ ਸਿੰਘ ਨਰੋਤਮ ਨੇ ਸਲੋਕ ਨੂੰ ਅੰਤਿਮ ਮੁਕਤੀ, ਯਸ਼ ਅਤੇ ਵਡਿਆਈ ਦੇ ਅਰਥਾਂ 'ਚ ਲਿਆ ਹੈ। ਭਾਈ ਵੀਰ ਸਿੰਘ ਅਨੁਸਾਰ ਸਲੋਕ, ਸੰਸਕ੍ਰਿਤ ਵਿਚ ਅਨੁਸ਼ਟੁਪ ਵਜ਼ਨ ਦੇ ਛੰਦਾਂ ਨੂੰ ਕਿਹਾ ਜਾਂਦਾ ਹੈ।ਸਲੋਕ ਦੀ ਪਰਿਭਾਸ਼ਾ ਨੂੰ ਬਝਵੇਂ ਅਤੇ ਸਪਸ਼ਟ ਰੂਪ ਵਿਚ ਸਮਝਣ ਲਈ ਹੇਠ ਲਿਖੇ ਵਿਦਵਾਨਾਂ ਦੇ ਵਿਚਾਰਾਂ ਨੂੰ ਜਾਨਣਾ ਜਰੂਰੀ ਹੈ। ਡਾ. ਸੁਖਦੇਵ ਸਿੰਘ ਅਨੁਸਾਰ:

> ਸਲੋਕ ਅਨੁਸ਼ਟੁਪ ਤੋਂ ਕਾਵਿ-ਰੂਪ ਵਿਚ ਰੂਪਾਂਤਰਿਤ ਹੋਇਆ ਮਹੱਤਵਪੂਰਣ ਲਘੂ-ਅਕਾਰੀ ਕਾਵਿ-ਰੂਪ ਹੈ। ਅਸਲ ਵਿਚ ਇਹ ਇਕ ਤੁਕ-ਸਮੂਹ ਹੁੰਦਾ ਹੈ, ਜਿਸ ਵਿਚ ਇਕੋ ਭਾਵ ਅਥਵਾ ਵਿਚਾਰ ਦੀ ਪ੍ਰਧਾਨਤਾ ਰਹਿੰਦੀ ਹੈ ਅਤੇ ਇਸ ਭਾਵ ਜਾਂ ਵਿਚਾਰ ਨੂੰ ਸੂਤ੍ਰਿਕ ਸ਼ੈਲੀ ਵਿਚ ਸੰਖੇਪਤਾ ਅਤੇ ਸੰਜਮ ਸਹਿਤ ਪ੍ਰਸਤੁਤ ਕੀਤਾ ਜਾਂਦਾ ਹੈ। ਆਕਾਰਗਤ ਸੀਮਤਤਾ ਦਾ ਧਾਰਨੀ ਹੋਣ ਦੇ ਬਾਵਜੂਦ ਵਿਸ਼ੇਗਤ ਅਸੀਮਤਾ ਵੀ ਇਸ ਦਾ ਮਹੱਤਵਪੂਰਣ ਪਹਿਲੂ ਹੈ। ਇਸ ਤੋਂ ਇਲਾਵਾ ਇਸ ਦੀ ਪ੍ਰਕਿਰਤੀ ਵਿਚ ਸੰਖੇਪਤਾ, ਤੀਖਣਤਾ, ਪ੍ਰਗੀਤਿਕਤਾ, ਥੀਮਕ ਇਕਾਗਰਤਾ ਵਰਗੀਆਂ ਮਹੱਤਪੂਰਣ ਵਿਸ਼ੇਸ਼ਤਾਵਾਂ ਵੀ ਆ ਜਾਂਦੀਆਂ ਹਨ।[9]

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਸਲੋਕ ਨੂੰ ਇੰਞ ਪਰਭਾਸ਼ਿਤ ਕਰਨ ਦਾ ਯਤਨ ਕਰਦੇ ਹਨ:

> ਸਲੋਕ ਇਕ ਪ੍ਰਸਿੱਧ ਲੋਕ ਕਾਵਿ-ਰੂਪ ਹੈ। ਸਲੋਕ ਦਾ ਸ਼ਾਬਦਿਕ ਅਰਥ ਪ੍ਰਸ਼ੰਸਾ, ਉਸਤਤੀ ਆਦਿ ਹੈ। ਹੌਲੇ-ਹੌਲੇ ਇਹ ਸ਼ਬਦ ਉਹਨਾਂ ਕਾਵਿ ਬੰਦਾਂ ਲਈ ਰੂੜ੍ਹ ਹੋ

> ਗਿਆ, ਜਿਨ੍ਹਾਂ ਵਿਚ ਕਿਸੇ ਦੇਵਤੇ ਦੀ ਮਹਿਮਾ ਤੇ ਜਸ ਹੁੰਦਾ ਸੀ। ਇਹ ਕਾਵਿ-ਰੂਪ ਪੰਜਾਬੀ ਦਾ ਸਭ ਤੋਂ ਪ੍ਰਾਚੀਨ ਤੇ ਲੋਕ-ਪ੍ਰਿਯ ਕਾਵਿ-ਰੂਪ ਹੈ। ਇਸ ਦੀ ਸ਼ੈਲੀ ਸੂਤ੍ਰਕ ਹੁੰਦੀ ਹੈ। ਇਸ ਦੀ ਲੈਅ, ਕਦੇ ਭਾਵੁਕ ਤੇ ਕਦੇ ਬੌਧਿਕ ਹੁੰਦੀ ਹੈ।[10]

ਇਨ੍ਹਾਂ ਦੋਹਾਂ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਲੋਕ ਕਾਵਿ-ਰੂਪ ਨੂੰ ਸਮਝਣ ਲਈ ਸਹਾਇਕ ਹਨ। ਸੋ ਸਲੋਕ ਨੂੰ ਇੰਞ ਪਰਿਭਾਸ਼ਤ ਕੀਤਾ ਜਾ ਸਕਦਾ ਹੈ, ਸਲੋਕ ਉਹ ਲਘੂ ਆਕਾਰੀ ਰਚਨਾ (ਤੁਕ ਸਮੂਹ) ਹੈ। ਜਿਸ ਵਿਚ ਭਾਵ ਨੂੰ ਸੰਕੋਚ ਕੇ, ਸੰਖੇਪ ਰੂਪ ਵਿਚ ਦਰਸਾਇਆ ਜਾਂਦਾ ਹੈ। ਗੁਰਬਾਣੀ ਵਿਚ ਦਰਜ ਸਲੋਕ ਇਕ ਤਰ੍ਹਾਂ ਨਾਲ ਤੁਕ ਸਮੂਹ ਹੈ, ਜਿਸ ਵਿਚ ਇਕੋ ਭਾਵ (ਵਿਚਾਰ) ਦੀ ਪ੍ਰਮੁੱਖਤਾ ਰਹਿੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਲੋਕ ਤਿੰਨ ਤਰ੍ਹਾਂ ਦੇ ਲਗਾਮਾਤਰਾ ਭੇਦ ਨਾਲ ਪ੍ਰਯੋਗ ਹੋਇਆ ਹੈ: ਸਲੋਕ, ਸਲੋਕੁ, ਸਲੋਕਾ। ਸਲੋਕ ਅਤੇ ਸਲੋਕੁ ਪਦ ਦੀ ਵਰਤੋਂ ਸਿਫ਼ਤ-ਸਲਾਹ ਦੇ ਅਰਥਾਂ ਵਿਚ ਅਤੇ ਸਲੋਕਾ ਪਦ ਦੀ ਵਰਤੋਂ ਬਹੁਵਚਨ ਦੇ ਰੂਪ ਵਿਚ ਹੋਈ ਹੈ। ਸੁਖਮਨੀ ਸਾਹਿਬ ਬਾਣੀ ਵਿਚ ਅਤੇ ਸਹਸਕ੍ਰਿਤ ਸਲੋਕਾਂ ਵਿਚ ਗੁਰੂ ਅਰਜਨ ਦੇਵ ਨੇ ਸਲੋਕ ਸ਼ਬਦ ਦੀ ਵਰਤੋਂ ਕੀਤੀ ਹੈ। ਉਤਮ ਸਲੋਕ ਸਾਧ ਕੈ ਬਚਨ।[11] ਭਾਵ ਕਿ ਸਾਧ (ਸੰਤ) ਕੇ ਬਚਨ (ਬੋਲ) ਉੱਤਮ (ਉੱਚੇ) ਸਲੋਕ (ਉਸਤਤਿ ਭਰੇ ਸ਼ਬਦ) ਹਨ। ਸੋ ਸੰਤਾਂ, ਮਹਾਂਪੁਰਸ਼ਾਂ ਦੇ ਉੱਤਮਤਾ (ਉਸਤਤਿ) ਵਾਲੇ ਬੋਲ ਸਲੋਕ ਹਨ। ਸਹਸਕ੍ਰਿਤ ਦੇ 32ਵੇਂ ਸਲੋਕ ਵਿਚ ਵੀ ਗੁਰੂ ਅਰਜਨ ਦੇਵ ਸਲੋਕ ਸ਼ਬਦ ਦੀ ਵਰਤੋਂ ਸਿਫ਼ਤ-ਸਲਾਹ ਦੇ ਅਰਥਾਂ ਵਿਚ ਕਰਦੇ ਹਨ:

> ਜੀਹ ਭਣਿ ਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ ॥[12]

ਗੁਰੂ ਨਾਨਕ ਦੇਵ ਆਸਾ ਕੀ ਵਾਰ ਦੇ ਸਲੋਕ ਵਿਚ ਸਲੋਕ ਪਦ ਦੀ ਸਿਫ਼ਤ-ਸਲਾਹ ਦੇ ਪ੍ਰਸੰਗ ਵਿਚ ਇੰਞਕਰਦੇ ਹਨ: ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥[13]

ਆਸਾ ਕੀ ਵਾਰ ਦੇ ਸਿਰਲੇਖ 'ਆਸਾ ਮਹਲਾ ੧॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ ॥'[14] ਵਿਚ ਸਲੋਕਾ ਪਦ ਦੀ ਵਰਤੋਂ ਬਹੁਵਚਨ ਵਜੋਂ ਹੋਈ ਹੈ।

ਪ੍ਰਾਚੀਨ ਕਾਲ ਵਿਚ ਜਿੱਥੇ ਸਲੋਕ ਰਾਹੀਂ ਪਰਮਾਤਮਾ ਦੀ ਉਸਤਤਿ, ਤਾਰੀਫ਼ ਕੀਤੀ ਜਾਂਦੀ ਸੀ, ਉੱਥੇ ਮੱਧਕਾਲ ਵਿਚ ਪਾਰਲੌਕਿਕ ਸੰਦਰਭਾਂ ਦੇ ਨਾਲ-ਨਾਲ ਲੌਕਿਕ ਸੰਦਰਭ ਵੀ ਸਲੋਕਾਂ ਦੁਆਰਾ ਪ੍ਰਸਤੁਤ ਹੋਣ ਲੱਗ ਪਏ। ਡਾ. ਸੁਖਦੇਵ ਸਿੰਘ ਲਿਖਦੇ ਹਨ ਕਿ, "ਮੱਧਕਾਲ ਵਿਚ ਭੰਡ, ਮਿਰਾਸੀ ਆਦਿ ਸਲੋਕਾਂ ਰਾਹੀਂ ਆਪਣੇ ਮਾਲਕ ਦੀ ਉਸਤਤਿ ਕਰਕੇ ਇਨਾਮ ਪ੍ਰਾਪਤ ਕਰਦੇ ਸਨ। ਇਸ ਤਰ੍ਹਾਂ ਸਲੋਕਾਂ ਰਾਹੀਂ ਕਿਸੇ ਦੀ ਤਾਰੀਫ਼ ਕਰਨ ਦੀ ਪ੍ਰਵਿਰਤੀ ਇਸ ਦੇ ਪ੍ਰਸੰਸਾ, ਉਸਤਤਿ ਵਾਲੇ ਅਰਥਾਂ ਨੂੰ ਰੂੜ ਕਰਨ ਵਿਚ ਅਹਿਮ ਭੂਮਿਕਾ ਅਦਾ ਕਰਦੀ ਹੈ।"[15]



ਭਾਰਤੀ ਪਰੰਪਰਾ ਵਿਚ ਸਲੋਕ ਕਈ ਸੰਦਰਭਾਂ ਵਿਚ ਪ੍ਰਸੰਸਾ ਕਰਨ ਲਈ ਅਤੇ ਕਈ ਵਾਰ ਨਾਂਹਵਾਚਕ ਅਰਥਾਂ ਵਿਚ ਵੀ ਮਾਧਿਅਮ ਬਣਦਾ ਰਿਹਾ ਹੈ। ਨਾਂਹਵਾਚਕ ਅਰਥਾਂ ਪ੍ਰਥਾਇ ਇਸ ਕਾਵਿ-ਰੂਪ ਦਾ ਪ੍ਰਯੋਗ ਅਸ਼ੁੱਭ/ ਮਾੜੇ ਬੋਲ ਬੋਲਣ ਲਈ ਹੁੰਦਾ ਹੈ। ਵਿਅੰਗਮਈ ਢੰਗ ਨਾਲ ਕਿਸੇ ਨੂੰ 'ਸਲੋਕ ਸੁਣਾਉਣ' ਦਾ ਸੰਕੇਤ ਮਾੜੇ ਬੋਲ (ਗਾਲ੍ਹ) ਬੋਲਣ ਦੀ ਗ਼ਲਤ ਭਾਵਨਾ ਦਾ ਸਹਿਜ ਸੁਭਾਵੀ ਪ੍ਰਗਟਾਵਾ ਹੈ। ਨਾਂਹਵਾਚਕ ਅਰਥਾਂ ਵਿਚ ਸਲੋਕ ਦੀ ਵਰਤੋਂ ਦੀ ਮਿਸਾਲ ਭਾਰਤੀ ਕਾਵਿ ਪਰੰਪਰਾ ਵਿਚ ਸਭ ਤੋਂ ਪਹਿਲਾਂ ਹੋਈ ਮਿਲਦੀ ਹੈ। ਪਰੰਪਰਾ ਵਿਚ ਸਲੋਕ ਕਾਵਿ-ਰੂਪ ਦੀ ਨਾਂਹਵਾਚਕ ਅਰਥ ਵਿਚ ਵਰਤੋਂ ਸਭ ਤੋਂ ਪਹਿਲਾਂ ਸੰਸਕ੍ਰਿਤ ਸਾਹਿਤ ਵਿਚ ਮਹਾਂਕਵੀ ਬਾਲਮੀਕ[16] ਦੁਆਰਾ ਕੀਤੀ ਗਈ। ਉਨ੍ਹਾਂ ਦੁਆਰਾ ਉਚਾਰਣ ਕੀਤਾ ਗਿਆ, ਪਲੇਠਾ ਸਲੋਕ ਅਨੁਸ਼ਟੁੱਪ ਛੰਦ ਵਿਚ ਸੀ। ਜੋ ਸਰਾਪ ਦੇਣ ਲਈ ਪ੍ਰਯੋਗ ਕੀਤਾ ਗਿਆ ਸੀ। ਅਸੀਂ ਸਲੋਕ ਨੂੰ ਪੂਰਨ ਨਕਾਰਾਤਮਕ/ਨਾਂਹਵਾਚਕ ਸਰੂਪ ਵਾਲਾ ਕਾਵਿ-ਰੂਪ ਨਹੀਂ ਗਰਦਾਨ ਸਕਦੇ, ਕਿਉਂਕਿ ਇਹ ਤਾਂ ਇਕ ਪ੍ਰਗਟਾਉ ਮਾਧਿਅਮ ਹੈ, ਜਿਸ ਦੀ ਵਰਤੋਂ ਦੋਹਾਂ ਉਦਗਾਰਾਂ (ਨਕਾਰਾਤਮਕ/ਸਕਾਰਾਤਮਕ) ਦੀ ਅਭਿਵਿਅਕਤੀ ਲਈ ਕੀਤੀ ਜਾ ਸਕਦੀ ਹੈ।

ਸਲੋਕ ਪੰਜਾਬੀ ਸਾਹਿਤ ਦੇ ਹੋਰ ਕਾਵਿ-ਰੂਪਾਂ ਜਿਵੇਂ ਦੋਹਾ, ਦੋਹੜਾ, ਦੋਹਰਾ, ਡੱਖਣਾ ਨਾਲ ਕਾਵਿਕ ਸਰੂਪ ਪੱਖੋਂ ਸਮਾਨਤਾ ਦਾ ਧਾਰਨੀ ਹੈ। ਪੰਜਾਬੀ ਸਾਹਿਤ ਦੇ ਇਨ੍ਹਾਂ ਕਾਵਿ-ਰੂਪਾਂ ਦਾ ਅਧਿਐਨ ਕਰਦਿਆਂ ਕਈ ਖੋਜਾਰਥੀਆਂ ਨੇ ਇਨ੍ਹਾਂ ਨੂੰ ਰਲਗੱਡ ਕਰ ਦਿੱਤਾ ਹੈ, ਪਰ ਆਧਾਰ ਅਤੇ ਸਰੂਪ ਪੱਖੋਂ ਇਨ੍ਹਾਂ ਵਿਚ ਕਈ ਅਸਮਾਨਤਾਵਾਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਲੋਕ ਕਾਵਿ-ਰੂਪ ਆਰੰਭਤਾ ਤੋਂ ਲੈ ਕੇ ਅਖੀਰ ਤੱਕ ਸੁਭਾਇਮਾਨ ਹੈ। ਜੋ ਕਿ ਸਲੋਕ, ਦੋਹਾ, ਦੋਹਰਾ ਅਤੇ ਡੱਖਣੇ ਦੇ ਸਰੂਪ ਵਿਚ ਵੀ ਹੈ। ਬਾਣੀਕਾਰਾਂ ਦੁਆਰਾ ਰਚਿਤ ਲਗਪਗ 1834 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੱਖ-ਵੱਖ ਪੰਨਿਆਂ ਉੱਪਰ ਅੰਕਿਤ ਹਨ। ਵਿਭਿੰਨ ਬਾਣੀਕਾਰਾਂ ਦੁਆਰਾ ਸਲੋਕ ਕਾਵਿ-ਰੂਪ ਨੂੰ ਆਧਾਰ ਬਣਾ ਕੇ ਮੌਲਿਕ ਦੈਵੀ ਅਨੁਭਵ ਦੀ ਅਭਿਵਿਅਕਤੀ ਕੀਤੀ ਗਈ ਹੈ। ਗਿਣਾਤਮਕ ਪੱਖੋਂ ਸਲੋਕ ਕਾਵਿ ਰੂਪਾਕਾਰ ਦੀ ਵਰਤੋਂ ਵਧੇਰੇ ਹੋਈ ਹੈ। ਸਮੁੱਚੇ ਸਲੋਕ ਬਾਣੀਕਾਰ ਭਾਰਤੀ ਕਾਵਿ ਸ਼ਾਸ਼ਤਰ ਅਤੇ ਛੰਦ ਵਿਧਾਨ ਦੇ ਨੇਮਾਂ ਦੀ ਪਾਕੀਜ਼ਗੀ ਤੋਂ ਨਿਰਪੇਖ ਹਨ, ਉਨ੍ਹਾਂ ਦੁਆਰਾ ਰਚਿਤ ਸਲੋਕਾਂ ਦਾ ਕੋਈ ਛੰਦ ਰੂਪ ਪੱਕਾ (fix) ਨਹੀਂ ਅਤੇ ਨਾ ਹੀ ਪੰਕਤੀਆਂ (ਤੁਕਾਂ) ਦੀ ਗਿਣਤੀ ਮੁਕਰਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਤੁਕ ਤੋਂ ਲੈ ਕੇ ਛੱਬੀ ਤੁਕਾਂ ਵਾਲੇ ਸਲੋਕ ਵੀ ਪ੍ਰਾਪਤ ਹੁੰਦੇ ਹਨ।

**ਗੁਰੂ ਰਾਮਦਾਸ ਦੀ ਸਲੋਕ ਰਚਨਾ (1532-1581 ਈ.)**

ਗੁਰੂ ਰਾਮਦਾਸ ਸਲੋਕ ਰਚਨਾ ਕਰਨ ਵਾਲੇ ਚੌਥੇ ਗੁਰੂ ਬਾਣੀਕਾਰ ਹਨ। ਗੁਰੂ ਜੀ ਨੇ

ਕੇਵਲ ਇਕ ਰਾਗ ਜੈਜਾਵੰਤੀ ਨੂੰ ਛੱਡ ਕੇ 30 ਰਾਗਾਂ ਵਿਚ ਬਾਣੀ ਰਚਨਾ ਕੀਤੀ ਹੈ। ਇੰਨੇ ਰਾਗਾਂ ਵਿਚ ਬਾਣੀ ਰਚਨਾ ਦੇ ਨਾਲ-ਨਾਲ ਗੁਰੂ ਸਾਹਿਬ ਨੇ ਲੋਕ ਗਾਇਨ ਸ਼ੈਲੀਆਂ, ਜਿਵੇ: ਪਹਰੇ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ ਆਦਿ ਦਾ ਵੀ ਪ੍ਰਯੋਗ ਕੀਤਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ, "ਲੋਕ ਗਾਇਨ ਸ਼ੈਲੀਆਂ ਦੀ ਵਰਤੋਂ ਕਰਕੇ ਲੋਕ ਦਾ ਪਰਲੋਕ ਨਾਲ ਸੰਬੰਧ ਸਥਾਪਿਤ ਕੀਤਾ ਹੈ। ਪਹਰੇ, ਕਰਹਲੇ, ਵਣਜਾਰਾ ਦੁਆਰਾ ਆਪ ਨੇ ਸੰਸਾਰਿਕ ਪ੍ਰਪੰਚ ਦੀਆਂ ਦੁਸ਼ਵਾਰੀਆਂ ਤੋਂ ਜਾਣੂ ਕਰਾ ਕੇ ਮਨੁੱਖ ਨੂੰ ਹਰਿ-ਭਗਤੀ ਵਿਚ ਲੀਨ ਰਹਿਣ ਲਈ ਸੁਚੇਤ ਕੀਤਾ ਹੈ।"[17] ਆਪ ਜੀ ਨੇ ਲਾਵਾਂ, ਅੱਠ ਵਾਰਾਂ (ਸਿਰੀ ਰਾਗ ਕੀ ਵਾਰ, ਗਉੜੀ ਕੀ ਵਾਰ, ਬਿਹਾਗੜੇ ਕੀ ਵਾਰ, ਵਾਰ ਸੋਰਠਿ, ਬਿਲਾਵਲ ਕੀ ਵਾਰ, ਵਾਰ ਸੋਰਠਿ, ਕਾਨੜੇ ਕੀ ਵਾਰ, ਵਡਹੰਸ ਕੀ ਵਾਰ) ਆਦਿ ਦੀ ਰਚਨਾ ਕੀਤੀ ਹੈ। ਵਾਰਾਂ ਵਿਚ ਦਰਜ ਸਲੋਕ ਅਤੇ ਸਲੋਕ ਵਾਰਾਂ ਤੇ ਵਧੀਕ ਸਿਰਲੇਖ ਹੇਠ ਅੰਕਿਤ ਕੁੱਲ 136 ਦੇ ਕਰੀਬ ਸਲੋਕਾਂ ਦੀ ਰਚਨਾ ਕੀਤੀ ਹੈ। ਜਿਨ੍ਹਾਂ ਦਾ ਵਿਵਰਣ ਹੇਠਾਂ ਅੰਕਿਤ ਸਾਰਣੀ ਵਿਚ ਹੈ:

| ਲੜੀ ਨੰ: | ਬਾਣੀ/ਵਾਰ ਦਾ ਨਾਂ | ਬਾਣੀਕਾਰ/ਵਾਰਕਾਰ ਦਾ ਨਾਂ | ਸਲੋਕ ਗਿਣਤੀ ਸ੍ਰੀ ਗੁਰੂ ਰਾਮਦਾਸ ਜੀ |
|---|---|---|---|
| 1. | ਵਾਰ ਮਾਝ ਕੀ | ਗੁਰੂ ਨਾਨਕ ਦੇਵ | 2 |
| 2. | ਗਉੜੀ ਕੀ ਵਾਰ | ਗੁਰੂ ਰਾਮਦਾਸ | 53 |
| 3. | ਬਿਹਾਗੜੇ ਕੀ ਵਾਰ | ਗੁਰੂ ਰਾਮਦਾਸ | 2 |
| 4. | ਰਾਗੁ ਸੋਰਠਿ ਵਾਰ | ਗੁਰੂ ਰਾਮਦਾਸ | 7 |
| 5. | ਛੰਤ ਬਿਲਾਵਲੁ ਰਾਗ | ਗੁਰੂ ਰਾਮਦਾਸ | 1 |
| 6. | ਬਿਲਾਵਲ ਕੀ ਵਾਰ | ਗੁਰੂ ਰਾਮਦਾਸ | 1 |
| 7. | ਮਾਰੂ ਕੀ ਵਾਰ | ਗੁਰੂ ਅਮਰਦਾਸ | 3 |
| 8. | ਸਾਰੰਗ ਕੀ ਵਾਰ | ਗੁਰੂ ਰਾਮਦਾਸ | 6 |
| 9. | ਕਾਨੜੇ ਕੀ ਵਾਰ | ਗੁਰੂ ਰਾਮਦਾਸ | 30 |
| 10. | ਸਲੋਕ ਸੇਖ ਫਰੀਦ ਕੇ | — | 1 |
| 11. | ਸਲੋਕ ਵਾਰਾਂ ਤੇ ਵਧੀਕ | ਗੁਰੂ ਰਾਮਦਾਸ | 30 |
| | **ਕੁੱਲ ਸਲੋਕ** | | **136** |

ਗੁਰੂ ਜੀ ਰਚਿਤ ਗਉੜੀ ਕੀ ਵਾਰ ਵਿਚ ਦਰਜ ਸਲੋਕਾਂ ਅਤੇ ਪਉੜੀਆਂ ਵਿਚ ਵਿਚਾਰਧਾਰਕ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸੇ ਵਾਰ ਦੀ 30ਵੀਂ ਅਤੇ 31ਵੀਂ ਪਉੜੀ ਪੰਜਵੇਂ ਪਾਤਸ਼ਾਹ ਰਚਿਤ ਹਨ। ਗੁਰੂ ਅਰਜਨ ਦੇਵ ਰਚਿਤ 31ਵੀਂ ਪਉੜੀ ਕੁਝ ਮਾਤ੍ਰਾਂ ਅਤੇ ਸ਼ਬਦਾਂ ਦੇ ਫਰਕ ਨਾਲ ਇਸੇ ਵਾਰ ਵਿਚ ਗੁਰੂ ਰਾਮਦਾਸ ਰਚਿਤ 12ਵੀਂ ਪਉੜੀ ਹੈ। ਕਾਨੜੇ



ਕੀ ਵਾਰ ਵਿਚ 15 ਪਉੜੀਆਂ ਨਾਲ ਦਰਜ ਦੋ-ਦੋ ਸਲੋਕ ਚੌਥੇ ਪਾਤਸ਼ਾਹ ਦੇ ਹਨ।

ਸਲੋਕਾਂ ਨੂੰ ਪੜਚੋਲਣ 'ਤੇ ਨੁਕਤਾ ਸਾਹਮਣੇ ਆਉਂਦਾ ਹੈ ਕਿ ਪੂਰਵ ਗੁਰੂ ਸਾਹਿਬਾਨ ਵਾਂਗ ਗੁਰੂ ਰਾਮਦਾਸ ਰਚਿਤ ਸਲੋਕ ਕਾਵਿ ਸ਼ਾਸਤਰੀ ਬੰਧਨਾਂ ਤੋਂ ਮੁਕਤ ਹਨ। ਗੁਰੂ ਜੀ ਦੀ ਅਨੁਭੂਤੀ ਬੜੀ ਵਿਰਾਟ ਹੈ, ਕਾਵਿ ਨੇਮਾਂ ਨਾਲੋਂ ਵਿਚਾਰ ਪ੍ਰਗਟਾਵੇ ਨੂੰ ਪ੍ਰਥਮਤਾ ਦਿੱਤੀ ਹੈ। ਗੁਰੂ ਜੀ ਰਚਿਤ ਸਲੋਕ 2 ਤੁਕਾਂ ਤੋਂ ਲੈ ਕੇ 13 ਤੁਕਾਂ ਤੱਕ ਦੀ ਖੁਲ੍ਹ ਲੈਂਦੇ ਹਨ। ਸਲੋਕ ਕਾਵਿ, ਭਾਸ਼ਾ ਅਤੇ ਵਿਸ਼ੇ ਪੱਖ ਤੋਂ ਵਿਸ਼ੇਸ਼ਤਾਵਾਂ ਦੇ ਭੰਡਾਰ ਹਨ। ਸਲੋਕਾਂ ਵਿਚ ਬਹੁਤ ਪ੍ਰਤੀਕਾਂ, ਦ੍ਰਿਸ਼ਟਾਂਤਾਂ ਦੀ ਵਰਤੋਂ ਹੋਈ ਹੈ। ਭਾਸ਼ਾਈ ਪੱਖ ਤੋਂ ਸਲੋਕ ਰਚਨਾ ਕਈ ਵਿਲੱਖਣਤਾਵਾਂ ਰੱਖਦੀ ਹੈ। ਹਿੰਮਤ ਸਿੰਘ ਸੋਢੀ ਅਨੁਸਾਰ:

> ਸਲੋਕਾਂ ਦੀ ਬੋਲੀ ਸ਼ੁੱਧ ਤੇ ਨਿਰੋਲ ਪੰਜਾਬੀ ਜਾਂ ਲਾਹੌਰੀ ਭਾਸ਼ਾ ਦੇ ਵਧੇਰੇ ਨੇੜੇ ਦੀ ਲੱਗਦੀ ਹੈ। ਇਸ ਵਿਚ ਸਰਲਤਾ ਅਤੇ ਵੇਗ ਬਹੁਤ ਪ੍ਰਬਲ ਹੈ। ਇਕੋ ਸ਼ਬਦ 'ਤੇ ਵਾਕੰਸ਼ ਉਨ੍ਹਾਂ ਦੀ ਬਾਣੀ ਵਿਚ ਬਾਰ-ਬਾਰ ਆਉਂਦਾ ਹੈ ਤੇ ਹਰ ਵਾਰ ਨਵੇਂ ਰੂਪ ਤੇ ਨਵੇਂ ਰੰਗ ਵਿਚ ਆਉਂਦਾ ਹੈ। ਹਰ ਵਾਰ ਉਸ ਵਿਚ ਨਵੀਂ ਸੁੰਦਰਤਾ ਤੇ ਨਵੀਂ ਤਾਜ਼ਗੀ ਅੱਖਾਂ ਤੇ ਕੰਨਾਂ ਨੂੰ ਸਰਸ਼ਾਰ ਕਰ ਦਿੰਦੀ ਹੈ। ਕਈ ਵੇਰ ਇਕੋ ਸ਼ਬਦ ਭਿੰਨ-ਭਿੰਨ ਰੰਗਾਂ ਅਤੇ ਅਰਥਾਂ ਵਿਚ ਆ ਕੇ ਭਾਵਾਂ ਦੀ ਅਸਮਾਨੀ ਪੀਂਘ ਨੂੰ ਸਤਰੰਗਾ ਕਰ ਦਿੰਦਾ ਹੈ।[18]

ਪੰਜਾਬੀ ਭਾਸ਼ਾ ਵਿਚ ਕਿਤੇ-ਕਿਤੇ ਲਹਿੰਦੀ ਬੋਲੀ ਦੀ ਸ਼ਬਦਾਵਲੀ ਦਾ ਪ੍ਰਯੋਗ ਹੋਇਆ ਹੈ। ਅਰਬੀ-ਫ਼ਾਰਸੀ ਦੇ ਸ਼ਬਦਾਂ: ਸਾਹਿਬ, ਅਮਰ, ਸਿਫ਼ਤ, ਖੁਆਰੀ, ਫੁਰਮਾਨ ਆਦਿ ਵਰਤੇ ਗਏ ਹਨ। ਗਉੜੀ ਕੀ ਵਾਰ ਦੇ ਸਲੋਕਾਂ ਦੀ ਤੁਕਾਂ ਦੀ ਲੰਬਾਈ ਵਧੇਰੇ ਹੈ। ਗੁਰੂ ਜੀ ਛੰਦਾਬੰਦੀ ਦੇ ਨੇਮਾਂ ਦੀ ਮੁਥਾਜੀ ਨਾ ਝੱਲਦੇ ਹੋਏ, ਭਾਵ ਪੂਰਤੀ ਨੂੰ ਤਰਜੀਹ ਦਿੰਦੇ ਹਨ। ਗੁਰੂ ਜੀ ਦੇ ਸਲੋਕਾਂ ਦੀ ਬਣਤਰ (ਤੁਕ ਲੰਬਾਈ) ਭਾਵ-ਪ੍ਰਗਟਾਵੇ ਉੱਪਰ ਆਧਾਰਿਤ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ:

> ਇਸ ਵਿਚ ਸੰਦੇਹ ਨਹੀਂ ਕਿ ਗੁਰੂ ਜੀ ਤੋਂ ਪਹਿਲਾਂ ਵੀ ਗੁਰਬਾਣੀ ਦੀਆਂ ਤੁਕਾਂ ਦੀ ਲੰਬਾਈ ਇਕ ਸਾਮਾਨ ਘੱਟ ਹੀ ਮਿਲਦੀ ਹੈ, ਪਰ ਗੁਰੂ ਰਾਮਦਾਸ ਦੀ ਰਚਨਾ ਵਿਚ ਤੁਕਾਂ ਅਤਿ-ਦੀਰਘ ਹੋ ਗਈਆਂ ਹਨ ਅਤੇ ਇੰਵਪ੍ਰਤੀਤ ਹੋਣ ਲੱਗਦਾ ਹੈ ਕਿ ਉਹ ਆਪਣਾ ਭਾਗ ਵਾਰਤਿਕ ਵਿਚ ਪ੍ਰਗਟ ਕਰ ਰਹੇ ਹੋਣ। ਪਰ ਵਾਰਤਿਕ ਨੂੰਾ ਹੁੰਦੇ ਹੋਇਆ ਵੀ ਤੁਕਾਂ ਵਿਚ ਲੈਆਤਮਕਤਾ ਬਣੀ ਹੋਈ ਹੈ।[19]

ਗੁਰੂ ਜੀ ਰਚਿਤ ਸਲੋਕਾਂ ਦੀਆਂ ਤੁਕਾਂ (ਪੰਕਤੀਆਂ) ਦੂਜੇ ਗੁਰੂ ਸਾਹਿਬਾਨ ਦੇ ਸਲੋਕਾਂ

ਦੇ ਮੁਕਾਬਲਤਨ ਵਧੇਰੇ ਵੱਡੀਆਂ ਹਨ; ਉਦਾਹਰਣ ਲਈ.

ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥ [20]

ਸਲੋਕਾਂ ਵਿਚ ਮਨਮੁਖ-ਗੁਰਮੁਖ ਪ੍ਰਤੀਕ ਵਰਤੇ ਗਏ ਹਨ। ਅਨੁਭਵ ਦੇ ਗਹਿਰੇਪਣ ਕਰਕੇ ਗੁਰੂ ਰਾਮਦਾਸ ਰਚਿਤ ਸਲੋਕ ਸੁਭਾਸ਼ਿਤਾਂ, ਅਖਾਣਾਂ, ਮੁਹਾਵਰਿਆਂ ਦਾ ਦਰਜਾ ਗ੍ਰਹਿਣ ਕਰ, ਲੋਕ ਜ਼ੁਬਾਨ ਦਾ ਅਟੁੱਟ ਅੰਗ ਬਣ ਗਏ ਹਨ; ਜਿਵੇਂ:

- ਸਾ ਧਰਤੀ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥ [21]
- ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨਾ ਹੋਵੀ ਭਲਾ ॥ [22]
- ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥ [23]
- ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ ॥ [24]

ਵਿਸ਼ੇ ਪਾਸਾਰ ਪੱਖੋਂ (ਅਧਿਆਤਮਿਕ, ਸਮਾਜਿਕ, ਰਾਜਨੀਤਿਕ, ਧਾਰਮਿਕ) ਸਲੋਕ ਵਿਸ਼ਾਲ ਹਨ, ਗੁਰੂ ਜੀ ਰਚਿਤ ਸਲੋਕਾਂ ਨੇ ਕਈ ਸੂਖਮ ਅਤੇ ਸਥੂਲ ਵਿਸ਼ਿਆਂ ਨੂੰ ਸਮੋਇਆ ਹੋਇਆ ਹੈ। ਚੌਥੇ ਪਾਤਸ਼ਾਹ ਦੁਆਰਾ ਅਧਿਆਤਮਵਾਦ ਦਾ ਆਧਾਰ ਤਿੰਨ ਸੰਕਲਪਾਂ (ਪਰਮਾਤਮਾ, ਜਗਤ, ਮਨੁੱਖ) ਬਾਰੇ ਬਹੁਤ ਸਾਰੇ ਸਲੋਕ ਰਚੇ ਗਏ ਹਨ। ਚੌਥੇ ਪਾਤਸ਼ਾਹ ਦੇ ਸਲੋਕਾਂ ਵਿਚ ਪਰਮਾਤਮਾ ਲਈ 'ਹਰਿ' ਨਾਮ ਦੀ ਵਰਤੋਂ ਬੇਸ਼ੁਮਾਰ ਹੋਈ। ਪ੍ਰਮੁੱਖ ਨੁਕਤਾ ਜੋ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਇਹ ਹੈ ਕਿ ਤੀਜੇ ਗੁਰੂ ਜੀ ਵਾਂਗ ਆਪ ਨੇ 'ਹਰਿ' ਨਾਂ ਇਕ ਸਲੋਕ ਵਿਚ ਅਨੇਕ ਵਾਰ ਵਰਤਿਆ ਹੈ। ਉਦਾਹਰਣ ਲਈ.

**ਹਰਿ ਹਰਿ** ਅੰਮ੍ਰਿਤੁ ਨਾਮ ਰਸੁ **ਹਰਿ** ਅੰਮ੍ਰਿਤੁ **ਹਰਿ** ਉਰ ਧਾਰਿ ॥
ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ ॥
ਮਨਿ **ਹਰਿ ਹਰਿ** ਨਾਮੁ ਧਿਆਇਆ ਬਿਖੁ ਹਉਮੈ ਕਢੀ ਮਾਰਿ ॥
ਜਿਨ **ਹਰਿ ਹਰਿ** ਨਾਮੁ ਨ ਚੇਤਿਓ ਤਿਨ ਜੂਐ ਜਨਮੁ ਸਭੁ ਹਾਰਿ ॥
ਗੁਰਿ ਤੁਠੈ **ਹਰਿ** ਚੇਤਾਇਆ **ਹਰਿ** ਨਾਮਾ **ਹਰਿ** ਉਰ ਧਾਰਿ ॥
ਜਨ ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ ॥ [25]

ਗੁਰੂ ਜੀ ਦੁਆਰਾ ਪਰਮਾਤਮਾ ਲਈ ਹੋਰ ਨਾਂ ਗੋਵਿੰਦ, ਰਾਮ, ਪ੍ਰਭੂ, ਸਹੁ, ਪ੍ਰੀਤਮ, ਖਸਮ, ਸਾਹਿਬ, ਪਾਰਬ੍ਰਹਮ ਵਰਤੇ ਗਏ ਹਨ। 'ਰਾਮ' ਨਾਂ ਦਾ ਪ੍ਰਯੋਗ ਬਹੁਤ ਵਾਰ ਹੋਇਆ ਹੈ। ਗੁਰੂ ਰਾਮਦਾਸ ਗਉੜੀ ਕੀ ਵਾਰ ਵਿਚਲੇ ਇਕ ਸਲੋਕ ਵਿਚ ਅਬਿਨਾਸ਼ੀ ਪ੍ਰਭੂ ਦੇ 'ਮੂਲ-ਮੰਤ੍ਰ' ਵਿਚਲੇ ਗੁਣਾਂ ਦਾ ਵਿਸਥਾਰ ਕਰਦੇ ਹਨ ਕਿ ਪਰਮਾਤਮਾ ਸੱਚਾ, ਨਿਡਰ, ਨਿਰਵੈਰ, ਵੈਰ-ਵਿਰੋਧ



ਰਹਿਤ, ਨਿਰ-ਆਕਾਰ ਸਰੂਪ ਹੈ:

ਹਰਿ ਸਤਿ ਨਿਰੰਜਨ ਅਮਰੁ ਹੈ ਨਿਰਭਉ ਨਿਰਵੈਰੁ ਨਿਰੰਕਾਰੁ ॥ [26]

ਇਕ ਹੋਰ ਸਲੋਕ ਵਿਚ ਚੌਥੇ ਪਾਤਸ਼ਾਹ ਪਰਮਾਤਮਾ ਦੀ ਸਰਗੁਣਤਾ ਬਿਆਨ ਕਰਦੇ ਹਨ ਕਿ ਉਹ ਨਿਰਵੈਰ, ਨਿਡਰ, ਪਰਮਾਤਮਾ ਆਪੇ ਆਪ ਵਰਤਦਾ ਹੈ, ਆਪ ਹੀ ਗੁਣਾਂ (ਉਤ ਕ੍ਰਿਸ਼ਟਤਾਈਆਂ) ਦਾ ਨਿਧਿ ਹੈ। ਉਸ **ਸਿਰਜਣਹਾਰ** ਪਰਮਾਤਮਾ ਨੇ ਆਪ ਹੀ ਧਰਤੀ ਅਤੇ ਆਕਾਸ਼ ਬਣਾਏ ਹਨ। ਉਸ ਦਾ ਸਿਮਰਨ ਕਰਨਾ ਚਾਹੀਦਾ ਹੈ, ਉਹ ਸਾਰੇ ਪਾਪਾਂ, ਮਾੜੇ ਕਰਮਾਂ ਨੂੰ ਖ਼ਤਮ ਨਾਸ਼ ਕਰਨ ਵਾਲਾ ਹੈ:

ਆਪੇ ਧਰਤੀ **ਸਾਜੀਅਨੁ** ਆਪੇ ਆਕਾਸੁ ॥
ਵਿਚਿ ਆਪੇ ਜੰਤ ਉਪਾਇਅਨੁ ਮੁਖਿ ਆਪੇ ਦੇਇ ਗਿਰਾਸੁ ॥
ਸਭੁ ਆਪੇ ਆਪਿ ਵਰਤਦਾ ਆਪੇ ਹੀ ਗੁਣਤਾਸੁ ॥
ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਟੇ ਤਾਸੁ ॥ [27]

ਚੌਥੇ ਪਾਤਸ਼ਾਹ ਦੁਆਰਾ ਜਗਤ ਲਈ ਛੇ ਸ਼ਬਦ- ਸ੍ਰਿਸ਼ਟੀ, ਭਉਜਲ, ਸੰਸਾਰ, ਜਗਤ, ਖੇਲ, ਜਗ ਆਦਿ ਵਰਤੇ ਗਏ ਹਨ। ਜਿਨ੍ਹਾਂ ਵਿੱਚੋਂ 'ਸੰਸਾਰ' ਅਤੇ 'ਜਗਤ' ਸ਼ਬਦ ਸਲੋਕਾਂ ਵਿਚ ਵਧੇਰੇ ਵਾਰੀ ਵਰਤੋਂ ਵਿਚ ਆਇਆ ਹੈ। ਗੁਰੂ ਜੀ ਜਗਤ ਲਈ 'ਭਉਜਲ' ਸ਼ਬਦ ਵਰਤ ਕੇ ਸਮਝਾਉਂਦੇ ਹਨ ਕਿ ਸੱਚੇ ਸਤਿਗੁਰੂ ਦੀ ਸੇਵਾ ਅਤੇ ਅਰਾਧਨਾ ਕਰਨ ਨਾਲ ਨਾਮ ਦੀ ਪ੍ਰਾਪਤੀ ਹੁੰਦੀ ਹੈ। ਨਾਮ ਦੀ ਬਖ਼ਸ਼ਸ਼ ਦੁਆਰਾ ਦਾਤਾਰ ਅਕਾਲ ਪੁਰਖ ਭਿਆਨਕ ਸੰਸਾਰ ਸਮੁੰਦਰ ਵਿੱਚੋਂ ਬਾਹਰ ਕੱਢ ਲੈਂਦਾ ਹੈ:

ਸਤਿਗੁਰੁ ਸੇਵੀਐ ਆਪਣਾ ਪਾਈਐ ਨਾਮੁ ਅਪਾਰੁ ॥
**ਭਉਜਲਿ** ਡੁਬਦਿਆ ਕਢਿ ਲਏ ਹਰਿ ਦਾਤਿ ਕਰੇ ਦਾਤਾਰੁ ॥ [28]

ਗੁਰੂ ਰਾਮਦਾਸ ਦੁਆਰਾ ਮਨੁੱਖ ਲਈ ਨਰ, ਜਨ, ਪ੍ਰਾਣੀ ਅਤੇ ਜੀਅ ਚਾਰ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਗੁਰੂ ਜੀ ਮਨੁੱਖ ਨੂੰ 'ਪ੍ਰਾਣੀ' ਕਹਿ ਕੇ ਸੰਬੋਧਨ ਕਰਦੇ ਹਨ ਕਿ ਉਹ ਪ੍ਰਾਣੀ ਮੂਰਖ ਹਨ ਜੋ ਮਨ ਦੇ ਪਿੱਛੇ ਲੱਗਦੇ ਹਨ ਅਤੇ ਪਰਮਾਤਮਾ ਦੇ ਨਾਮ ਤੋਂ ਵਾਂਝੇ ਰਹਿ ਕੇ ਭਟਕਦੇ ਫਿਰਦੇ ਹਨ। ਗੁਰੂ ਦੇ ਬਿਨ੍ਹਾਂ ਉਹਨਾਂ ਦਾ ਮਨ ਟਿਕਦਾ ਨਹੀਂ ਅਤੇ ਮੁੜ-ਮੁੜ ਜੂਨਾਂ ਵਿਚ ਪੈਂਦੇ ਹਨ:

ਮਨਮੁਖੁ **ਪ੍ਰਾਣੀ** ਮੁਗਧੁ ਹੈ ਨਾਮਹੀਣ ਭਰਮਾਇ ॥
ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥ [29]

ਗੁਰੂ ਰਾਮਦਾਸ ਦੁਆਰਾ ਸਰੀਰ ਲਈ ਦੋ ਸ਼ਬਦ ਸਰੀਰ ਅਤੇ ਤਨ ਹੀ ਪ੍ਰਯੋਗ ਵਿਚ ਆਏ ਹਨ। ਗੁਰੂ ਜੀ ਨੇ ਸਲੋਕਾਂ ਵਿਚ ਸਰੀਰ ਨਾਲੋਂ 'ਤਨ' ਸ਼ਬਦ ਨੂੰ ਵਧੇਰੇ ਵਾਰ ਵਰਤਿਆ

ਹੈ। ਗੁਰੂ ਜੀ ਸਰੀਰ ਲਈ 'ਤਨ' ਸ਼ਬਦ ਵਰਤਦੇ ਹੋਏ ਦੱਸਦੇ ਹਨ ਕਿ ਜਿਸ ਮਨੁੱਖ ਵਿਚ ਹਉਮੈ ਪ੍ਰਬਲ ਰਹਿੰਦੀ ਹੈ। ਉਸ ਮਨੁੱਖੀ ਮਨ ਵਿਚ ਮਾਇਆ ਦਾ ਪ੍ਰਭਾਵ ਬਣਿਆ ਰਹਿੰਦਾ ਹੈ। ਅਜਿਹੇ ਮਨੁੱਖ ਗੁਰੂ ਦੇ ਦਰ 'ਤੇ ਕੇਵਲ ਲੋਕ ਦਿਖਾਵੇ ਖ਼ਾਤਰ ਜਾਂਦੇ ਹਨ। ਉਹ ਗੁਰੂ ਦੇ ਦੱਸੇ ਹੁਕਮ ਵਿਚ ਸ਼ਰਧਾ ਨਹੀਂ ਬਣਾ ਸਕਦੇ। ਜਿਸ ਕਰਕੇ ਉਹ ਮਨੁੱਖ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਹੋ ਸਕਦੇ, ਉਨ੍ਹਾਂ ਲਈ ਪਾਰ ਲੰਘਣਾ ਮੁਸ਼ਕਿਲ ਹੋ ਜਾਂਦਾ ਹੈ:

ਅੰਤਰਿ ਜੋਰੁ ਹਉਮੈ **ਤਨਿ** ਮਾਇਆ ਕੂੜੀ ਆਵੈ ਜਾਇ॥
ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਇ॥ [30]

ਘੁਰੂ ਰਾਮਦਾਸ ਗਉੜੀ ਰਾਗ ਵਿਚ ਦਰਜ ਸਲੋਕ ਵਿਚ 'ਚਿਤੁ' ਨੂੰ ਮਨ ਦੇ ਅਰਥਾਂ ਵਿਚ ਪ੍ਰਯੋਗ ਕਰਦੇ ਹਨ। ਗੁਰੂ ਜੀ ਅਨੁਸਾਰ ਸਤਿਗੁਰੂ ਦੇ ਸਨਮੁਖ ਹੋ ਕੇ ਮਨ (ਚਿਤ) ਨੂੰ ਪੱਕਾ ਕਰਕੇ ਪ੍ਰਭੂ ਦੀ ਯਾਦ ਵਿਚ ਜੁੜਨਾ ਚਾਹੀਦਾ ਹੈ:

ਇਹੁ ਮਨੂਆ ਦ੍ਰਿੜੁ ਕਰਿ ਰਖੀਐ ਗੁਰਮੁਖਿ ਲਾਈਐ **ਚਿਤੁ**॥ [31]

ਚੌਥੇ ਪਾਤਸ਼ਾਹ ਰਚਿਤ ਸਲੋਕਾਂ ਵਿਚ ਅਹੰਕਾਰ ਲਈ ਅਹੰਕਾਰ ਸ਼ਬਦ ਹੀ ਵਰਤਿਆ ਗਿਆ ਹੈ। ਗੁਰੂ ਜੀ ਨਿਮਨਅੰਕਿਤ ਸਲੋਕ ਵਿਚ ਪੰਜ ਵਿਕਾਰਾਂ ਦਾ ਵਰਣਨ ਕਰਦੇ ਹਨ। ਪੰਜੇ ਵਿਕਾਰਾਂ ਕਾਮ (ਭੋਗ ਵਿਲਾਸ) ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਝੂਠ, ਨਿੰਦਾ, ਚੁਗਲੀ ਸੰਸਾਰੀ ਮਾਇਆ ਨੂੰ ਤਿਲਾਂਜਲੀ ਦੇਣੀ ਚਾਹੀਦੀ ਹੈ। ਫਿਰ ਹੀ ਮਾਇਆ ਤੋਂ ਨਿਰਲੇਪ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ:

ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ **ਅਹੰਕਾਰੁ** ਚੁਕਾਵੈ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ॥ [32]

ਚੌਥੇ ਪਾਤਸ਼ਾਹ ਦੁਆਰਾ ਆਤਮਾ ਲਈ ਜੋਤੀ ਅਤੇ ਜੀਅੜਾ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ। ਗੁਰੂ ਜੀ ਆਤਮਾ ਲਈ ਜੀਅੜਾ ਸ਼ਬਦ ਵਰਤਦੇ ਹੋਏ ਦੱਸਦੇ ਹਨ ਕਿ ਜਦ ਜੀਅੜਾ ਸੁਆਮੀ ਦੇ ਅਖਤਿਆਰ ਵਿਚ ਹੋਵੇ ਤਾਂ ਫਿਰ ਜਨਮ-ਮਰਨ ਦਾ ਤੌਖਲਾ ਮਿਟ ਜਾਂਦਾ ਹੈ। ਪਰਮਾਤਮਾ ਉਸੇ ਤਰ੍ਹਾਂ ਹੀ ਕਰਦਾ ਹੈ ਜਿਵੇਂ ਉਸ ਨੂੰ ਚੰਗਾ ਲੱਗਦਾ ਹੈ:

ਮਰਣ ਜੀਵਣ ਕੀ ਚਿੰਤਾ ਗਈ ਇਹੁ **ਜੀਅੜਾ** ਹਰਿ ਪ੍ਰਭ ਵਸਿ ॥
ਜਿਉ ਭਾਵੈ ਤਿਉ ਰਖ ਤੂ ਜਨ ਨਾਨਕ ਨਾਮੁ ਬਖਸਿ॥ [33]

ਗੁਰੂ ਰਾਮਦਾਸ ਸੱਚ ਬੋਲਣ ਦੀਆਂ ਬਰਕਤਾਂ ਨੂੰ ਸਿਰੀ ਰਾਗ ਕੀ ਵਾਰ ਵਿਚ ਦਰਜ ਸਲੋਕ ਵਿਚ ਬਾਖ਼ੂਬੀ ਵਿਅਕਤ ਕਰਦੇ ਹਨ। ਗੁਰੂ ਜੀ ਅਨੁਸਾਰ ਜਿਸ ਜੀਵ ਦੇ ਅੰਦਰ ਸੱਚ ਹੁੰਦਾ ਹੈ, ਉਹ ਸੱਚੇ ਨਾਮ ਨੂੰ ਪਾ ਲੈਂਦਾ ਹੈ ਅਤੇ ਹਮੇਸ਼ਾਂ ਮੂੰਹੋਂ ਸੱਚ ਬੋਲਦਾ ਹੈ ਅਤੇ ਉਹ ਖ਼ੁਦ ਰੱਬ ਦੀ ਬੰਦਗੀ ਦੇ ਰਾਹ ਦਾ ਪਾਂਧੀ ਬਣਦਾ ਹੈ ਅਤੇ ਹੋਰਨਾਂ ਸੰਗੀਆਂ-ਸਾਥੀਆਂ ਨੂੰ ਬੰਦਗੀ ਦੇ ਰਾਹੇ ਪਾਉਂਦਾ ਹੈ। ਇਹ ਸਭ ਸੱਚ ਦੀਆਂ ਬਖ਼ਸ਼ਿਸ਼ਾਂ ਹਨ:



ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥ [34]

ਗੁਰੂ ਰਾਮਦਾਸ ਗਉੜੀ ਕੀ ਵਾਰ ਦੇ ਇਕ ਸਲੋਕ ਵਿਚ ਅਧਿਆਤਮਿਕਤਾ ਦੇ ਸਰੂਪ ਨੂੰ ਜੀਵਨ-ਜਾਚ ਦੇ ਰੂਪ ਵਿਚ ਬੜੇ ਢੁਕਵੇਂ ਸ਼ਬਦਾਂ ਵਿਚ ਵਿਚਾਰ ਪ੍ਰਸਤੁਤ ਕਰਦੇ ਹਨ। ਗੁਰੂ ਜੀ ਗੁਰਸਿਖ ਦੀ ਰਹਤ ਬਾਰੇ ਆਦੇਸ਼ ਕਰਦੇ ਹਨ ਕਿ ਜੋ ਗੁਰੂ ਦਾ ਸਿੱਖ ਅਖਵਾਉਂਦਾ ਹੈ, ਉਹ ਅੰਮ੍ਰਿਤ ਵੇਲਾ ਸਾਂਭਦਾ ਹੈ। ਅੰਮ੍ਰਿਤ ਵੇਲੇ ਉਠ ਕੇ ਵਾਹਿਗੁਰੂ ਦਾ ਨਾਮ ਸਿਮਰਨ ਕਰਦਾ ਹੈ, ਉਦਮ, ਉਤਸ਼ਾਹ ਨਾਲ ਪ੍ਰਭਾਤ ਵੇਲੇ ਇਸ਼ਨਾਨ ਕਰਦਾ ਹੈ। ਗੁਰੂ ਦਾ ਉਪਦੇਸ਼ ਮੰਨਦਾ ਹੋਇਆ, ਨਾਮ ਦਾ ਜਾਪ ਕਰਕੇ ਸਾਰੇ ਗੁਨਾਹਾਂ, ਦੋਸ਼ਾਂ ਤੋਂ ਮੁਕਤ ਹੋ ਜਾਂਦਾ ਹੈ। ਦਿਨ ਚੜ੍ਹੇ ਉਹ ਗੁਰਬਾਣੀ ਦਾ ਗਾਇਨ ਕਰਦਾ ਹੈ ਅਤੇ ਬਹਿਦਿਆਂ, ਉਠਦਿਆਂ ਹਰੀ ਨਾਮ ਦਾ ਸਿਮਰਨ ਕਰਦਾ ਹੈ। ਸੁਆਸ-ਸੁਆਸ ਪਰਮਾਤਮਾ ਦਾ ਨਾਮ ਜਪਣ ਵਾਲਾ ਗੁਰਮੁਖ ਗੁਰੂ ਨੂੰ ਚੰਗਾ ਲੱਗਦਾ ਹੈ। ਗੁਰਮੁਖ ਮਨੁੱਖ ਆਪ ਪਰਮਾਤਮਾ ਦਾ ਨਾਮ ਜਪਦਾ ਹੈ ਅਤੇ ਹੋਰਨਾਂ ਨੂੰ ਜਪਣ ਦੀ ਪ੍ਰੇਰਨਾ ਦਿੰਦਾ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ [35]

ਦੇਸੀ ਮਹੀਨੇ ਸਾਵਣ ਦੇ ਦ੍ਰਿਸ਼ਾਂ ਦਾ ਸੁਹਜਮਈ ਪ੍ਰਗਟਾਵਾ ਗੁਰੂ ਰਾਮਦਾਸ ਜੀ ਕਰਦੇ ਹਨ ਜੋ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਨਾਮ-ਸਿਮਰਨ ਕਰਦੇ ਹਨ, ਉਹਨਾਂ ਲਈ ਇਕ ਰਸ ਵਰਨ ਵਾਲਾ ਸਾਵਣ ਦਾ ਮਹੀਨਾ ਆ ਜਾਂਦਾ ਹੈ। ਜਦੋਂ ਝੜੀ ਲਗ ਕੇ ਮੋਹਲੇਧਾਰ ਮੀਂਹ ਵਰ੍ਹਦਾ ਹੈ ਤਾਂ ਹੁੰਮਸ, ਤਪਸ਼, ਲੋਕਾਂ ਦੇ ਦੁਖ ਤੇ ਭੁਖ ਸਭ ਦੂਰ ਹੋ ਜਾਂਦੇ ਹਨ ਕਿਉਂਕਿ ਸਾਰੀ ਧਰਤੀ ਹਰਿਆਵਲੀ-ਹਰਿਆਵਲੀ ਹੀ ਨਜ਼ਰੀ ਆਉਂਦੀ ਹੈ। ਢੇਰਾਂ ਦੇ ਢੇਰ ਅੰਨ੍ਹ ਦੀ ਪੈਦਾਵਰ ਦੀ ਆਸ ਬੱਝਦੀ ਹੈ। ਇਸੇ ਤਰ੍ਹਾਂ ਗੁਰਮੁਖ ਨੂੰ ਅਚਿੰਤ ਪ੍ਰਭੂ ਆਪ ਹੀ ਮੇਹਰ ਕਰਕੇ ਆਪਣੇ ਨੇੜੇ ਲਿਆਉਂਦਾ ਹੈ ਅਤੇ ਉਸ ਦੀ ਮਿਹਨਤ ਨੂੰ ਪ੍ਰਵਾਨ ਕਰਦਾ ਹੈ:

ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ॥
ਦੁਖ ਭੁਖ ਕਾੜਾ ਸਭੁ ਚੁਕਾਇਸੀ ਮੀਹੁ ਵੁਠਾ ਛਹਬਰ ਲਾਇ॥
ਸਭ ਧਰਤਿ ਭਈ ਹਰੀਆਵਲੀ ਅੰਨੁ ਜੰਮਿਆ ਬੋਹਲ ਲਾਇ॥
ਹਰਿ ਅਚਿੰਤੁ ਬੁਲਾਵੈ ਕ੍ਰਿਪਾ ਕਰਿ ਹਰਿ ਆਪੇ ਪਾਵੈ ਥਾਇ॥

ਸਾਰੰਸ਼ ਦੇ ਰੂਪ ਵਿਚ ਕਹਿ ਸਕਦੇ ਹਾਂ ਕਿ ਗੁਰੂ ਰਾਮਦਾਸ ਰਚਿਤ ਸਲੋਕਾਂ ਵਿਚ ਲੌਕਿਕਤਾ ਤੋਂ ਪਾਰਲੌਕਿਕਤਾ ਤੱਕ ਦੇ ਵਿਭਿੰਨ ਪਾਸਾਰ ਇਕ ਥਾਂ ਮੌਲਦੇ ਦ੍ਰਿਸ਼ਟਮਾਨ ਹੁੰਦੇ ਹਨ। ਜਿਨ੍ਹਾਂ ਵਿਚ ਪਰਾਭੌਤਿਕਤਾ, ਬ੍ਰਹਿਮੰਡ ਸਿਧਾਂਤ, ਨੈਤਿਕਤਾ, ਅਧਿਆਤਮਿਕਤਾ, ਸੁਹਜ, ਗਿਆਨ, ਅਤੇ ਸਮਾਜ ਸ਼ਾਸਤਰ ਦੀ ਅਭਿਵਿਅਕਤੀ ਸੰਤੁਲਿਤ ਪਰਿਪੇਖ ਵਿਚ ਹੁੰਦੀ ਹੈ।

**ਹਵਾਲੇ:**


1. ਡਾ. ਗੁਰਭਗਤ ਸਿੰਘ, ਵਿਸਮਾਦੀ ਪੂੰਜੀ, ਉਹੀ, ਪੰਨਾ 55.
2. ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਪੰਨਾ 89.
3. ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼ ਭਾਗ-1, ਪੰਨਾ 336.
4. ਡਾ. ਸਤਿੰਦਰ ਸਿੰਘ, 'ਗੁਰਮਤਿ ਕਾਵਿ-ਰੂਪ', ਖੋਜ ਪੱਤ੍ਰਿਕਾ, ਗੁਰਮਤਿ ਕਾਵਿ-ਅੰਕ ਵਿਸ਼ੇਸ਼ ਅੰਕ, ਡਾ. ਰਤਨ ਸਿੰਘ ਜੱਗੀ, (ਸੰਪਾ.), ਪੰਨਾ 174.
5. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999, ਪੰਨਾ 172.
6. ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼ ਭਾਗ-1, ਪੰਨਾ 247.
7. ਤਾਰਾ ਸਿੰਘ ਨਰੋਤਮ, ਗੁਰੂ ਗਿਰਾਰਥ ਕੋਸ਼, ਜਿਲਦ-1, ਪੰਨਾ 82.
8. Slok (szw pu.) (s<.) 1 SwÑd[ Ívin[ 2-pukwr[ ãpRwhwn[ 3-áquq[ pRS<sw[ 4-nwm, kliq~[ 5. ãpRwnuàtupCNd[ 6. s<ákuq kw koe~ pQ[ (‰RI nvljl, (s<pw.) nwlNdw ivSwl SÑd swgr, p<nw 1368.
9. ਡਾ. ਸੁਖਦੇਵ ਸਿੰਘ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕ: ਬਹੁਪੱਖੀ ਅਧਿਐਨ, ਪੰਨਾ 17.
10. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼, ਭਾਗ-II, ਪੰਨੇ 551-552.
11. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 295.
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1356.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473.
14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 462.
15. ਡਾ. ਸੁਖਦੇਵ ਸਿੰਘ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕ: ਬਹੁਪੱਖੀ ਅਧਿਐਨ, ਪੰਨਾ 14.
16. ਮਹਾਂਰਿਸ਼ੀ ਬਾਲਮੀਕ ਦੁਆਰਾ ਉਚਾਰਣ ਕੀਤਾ ਗਿਆ ਪਲੇਠੇ ਸਲੋਕ ਨਾਲ ਸੰਬੰਧਿਤ ਕਹਾਣੀ ਰਮਾਇਣ ਦੇ ਪਹਿਲੇ ਭਾਗ ਵਿਚ ਦਰਜ ਹੈ।
17. ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਗ-II, ਪੰਨਾ 442.
18. ਹਿੰਮਤ ਸਿੰਘ ਸੋਢੀ, 'ਗੁਰੂ ਰਾਮਦਾਸ ਜੀਵਨ ਤੇ ਰਚਨਾ', ਪੰਜਾਬੀ ਦੁਨੀਆਂ, ਡਾ. ਜੀਤ ਸਿੰਘ ਸੀਤਲ (ਸੰਪਾ.), ਪੰਨਾ 89.





19. ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼, ਭਾਗ-II, ਪੰਨਾ 442.
20. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.
21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 310.
22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 308.
23. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.
24. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 308.
25. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1314.
26. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 302.
27. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 302.
28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 313.
29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 313.
30. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1422.
31. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 314.
32. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 141.
33. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 314.
34. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 140.
35. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 305-306.
36. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1250.


# ਸਮਕਾਲੀ ਸਭਿਆਚਾਰਕ ਤੱਤਾਂ ਦਾ ਵਿਸ਼ਲੇਸ਼ਣ: ਗੁਰੂ ਰਾਮਦਾਸ ਦੀ ਬਾਣੀ ਦੇ ਸੰਦਰਭ ਵਿਚ

**ਅਰਜੁਨ ਸਿੰਘ***

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜੋ ਕਿ ਗੁਰੂ ਕਾਲ ਦੇ ਸਮੇਂ ਹੀ ਮੌਜੂਦਾ ਸਰੂਪ ਵਿਚ ਸੰਮਿਲਤ ਅਤੇ ਸੰਕਲਿਤ ਕੀਤੀ ਜਾ ਚੁਕੀ ਸੀ, ਇਹ ਸਮੁੱਚੇ ਧਾਰਮਿਕ ਸਾਹਿਤ ਅਤੇ ਇਤਿਹਾਸ ਵਿਚ ਇਕ ਵਿਲੱਖਣ ਅਤੇ ਨਿਵੇਕਲੀ ਉਦਾਹਰਨ ਹੈ। ਗੁਰਬਾਣੀ ਨਿਰਸੰਦੇਹ ਬਾਣੀ ਰਚੈਤਿਆਂ ਦੇ ਅਨੁਭਵ ਵਿਚਾਰਾਂ ਦੀ ਸਰਲ ਪ੍ਰਸਤੁਤੀ ਹੈ, ਪਰੰਤੂ ਇਸ ਅਨਭੂਤੀ ਦੀ ਅਭਿਵਿਅੰਜਨਾ ਸਮਕਾਲੀ ਸਮਾਜਿਕ ਪਰਿਪੇਖ ਅਤੇ ਤਤਕਾਲੀਨ ਸਭਿਆਚਾਰ ਦੇ ਪ੍ਰਸੰਗ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਸਮਕਾਲੀ ਸਭਿਆਚਾਰ ਨੂੰ ਗੁਰੂ ਸਾਹਿਬਾਨ ਨੇ ਬਹੁਤ ਨੇੜਿਓਂ ਤੱਕਿਆ ਸੀ। ਇਸ ਸੱਭਿਆਚਾਰ ਵਿਚ ਆਏ ਮਨਘੜ੍ਹਤ ਵਿਚਾਰਾਂ, ਕੁਰੀਤੀਆਂ ਅਤੇ ਮਾਨਤਾਵਾਂ ਨੇ ਗੁਰੂ ਸਾਹਿਬਾਨ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਮਜਬੂਰ ਕੀਤਾ।

ਭਾਵੇਂ ਬਾਣੀ ਰਚਣ ਵਾਲੇ ਸਾਰੇ ਰਹਿਬਰ ਉਚੇਰੇ ਆਤਮਿਕ ਤੇ ਅਧਿਆਤਮਿਕ ਮੰਡਲਾਂ ਦੇ ਵਾਸੀ ਸਨ ਫਿਰ ਵੀ ਰੂਹਾਨੀ ਗੱਲਾਂ ਦੇ ਨਾਲ ਨਾਲ ਆਪਣੇ ਸਭਿਆਚਾਰ ਦੀ ਅਭਿਵਿਅਕਤੀ ਉਨ੍ਹਾਂ ਨੇ ਰੱਜ ਕੇ ਕੀਤੀ। ਉਨ੍ਹਾਂ ਨੇ ਸਮਾਜ ਦੇ ਹਰੇਕ ਪੱਖ (ਭਾਵੇਂ ਉਹ ਧਾਰਮਿਕ ਸੀ ਜਾਂ ਸਮਾਜਿਕ, ਅਧਿਆਤਮਿਕ ਸੀ ਜਾਂ ਸਭਿਆਚਾਰਕ) ਅਤੇ ਹਰ ਅੰਗ ਸੰਬੰਧੀ ਆਪਣੇ ਮਹਾਨ ਵਿਚਾਰ ਪ੍ਰਗਟਾਏ ਹਨ ਜਿਨ੍ਹਾਂ ਵਿਚ ਗੁਰੂ ਰਾਮਦਾਸ ਦਾ ਵੀ ਨਿਵੇਕਲਾ ਅਸਥਾਨ ਹੈ। ਗੁਰੂ ਰਾਮਦਾਸ ਜਿਥੇ ਪੂਰਨ ਮਨੁੱਖ, ਮਹਾਨ ਪਵਿਤਰ ਆਤਮਾ, ਅਰਸ਼ੀ ਢਾਡੀ 'ਤੇ ਉੱਚ-ਕੋਟੀ ਦੇ ਕਮਾਲ ਦੇ ਕਵੀ ਸਨ ਉੱਥੇ ਨਾਲ ਹੀ ਇਕ ਬਹੁਤ ਵੱਡੇ ਸਮਾਜਿਕ ਉਸਰੀਈਏ ਵੀ ਸਨ। ਗੁਰੂ ਨਾਨਕ ਦੇਵ ਦੇ ਦਰਸਾਏ ਮਾਰਗ 'ਤੇ ਚਲਦੇ ਹੋਏ ਉਨ੍ਹਾਂ ਨੇ ਕਈ ਪੱਖਾਂ ਤੋਂ ਸਮਾਜਿਕ ਪਰਿਵਰਤਨ ਲਿਆਂਦੇ। ਲੰਗਰ ਸੰਸਥਾ, ਅੰਮ੍ਰਿਤਸਰ ਦੀ ਉਸਾਰੀ ਅਤੇ ਗੋਇੰਦਵਾਲ ਵਿਖੇ ਬਉਲੀ ਦੀ ਉਸਾਰੀ ਆਦਿ ਕਈ ਮਹਤਵਪੂਰਨ ਕਾਰਜ ਗੁਰੂ ਸਾਹਿਬ ਦੀ ਸਮਾਜਿਕ ਸੱਭਿਆਚਾਰ ਨੂੰ ਅਲੋਕਿਕ ਦੇਣ ਹੈ। ਇਸ ਤੋਂ ਪਹਿਲਾਂ ਅਸੀਂ ਸਮਕਾਲੀ ਸਭਿਆਚਾਰ ਅਤੇ ਗੁਰੂ ਰਾਮਦਾਸ ਦੀ ਬਾਣੀ ਦੀ ਗੌਰਵਮਈ ਅਮੀਰ ਪਰੰਪਰਾ ਦੇ ਸੰਬੰਧਾਂ ਨੂੰ ਵਾਚੀਏ, ਸਾਨੂੰ ਸਭਿਆਚਾਰ ਸੰਬੰਧੀ ਪਰਿਭਾਸ਼ਕ ਜਾਣਕਾਰੀ ਪ੍ਰਾਪਤ ਕਰ ਲੈਣੀ ਵਧੇਰੇ ਉਪਯੋਗੀ ਅਤੇ ਲਾਹੇਵੰਦ ਰਹੇਗੀ।

'ਸਭਿਆਚਾਰ' ਦੋ ਸ਼ਬਦ; ਸਭਿਅ (ਸਾਊ ਜਾਂ ਨੇਕ) ਅਤੇ ਅਚਾਰ (ਆਚਰਨ ਜਾਂ ਚਾਲ ਚਲਣ) ਦੀ ਸੰਧੀ ਤੋਂ ਹੋਂਦ ਵਿਚ ਆਇਆ ਹੈ। ਜਿਸਦੇ ਅਰਥ ਹਨ ਨੇਕ ਜਾਂ ਸੁਲਝਿਆ ਸੁਧਰਿਆ ਆਚਰਨ।[1] ਪਰ ਇਉਂ ਇਹ ਗੱਲ ਕੇਵਲ ਵਿਅਕਤੀ ਨਾਲ ਜੁੜਦੀ ਹੈ। ਜਦੋਂ ਇਹ ਸ਼ਬਦ ਅਸੀਂ ਸਮਾਜ ਲਈ ਵਰਤਦੇ ਹਾਂ ਤਾਂ ਇਸ ਦੇ ਅਰਥ ਵੀ ਸਮਾਜ ਜਿੰਨੇ ਹੀ ਵਿਸ਼ਾਲ ਹੋ



ਨਿਬੜਦੇ ਹਨ। ਇਸੇ ਲਈ ਸਭਿਆਚਾਰ ਨੂੰ ਕਈ ਵਾਰ ਸੱਭਿਅਤਾ ਜਾਂ ਸਦਾਚਾਰ ਦੇ ਅਰਥਾਂ ਲਈ ਵੀ ਵਰਤਦੇ ਹਾਂ।[2] ਸਭਿਆਚਾਰ ਨੂੰ ਜੀਵਣ ਜੀਉਣ ਦੀ ਵਿਧੀ ਵੀ ਆਖਿਆ ਗਿਆ ਹੈ।[3] ਮਨੁੱਖੀ ਸਮੂਹਾਂ ਦੀ ਵਿਸ਼ੇਸ਼ ਪ੍ਰਾਪਤੀ, ਜਿਨ੍ਹਾਂ ਵਿਚ ਬੋਲੀ, ਕਲਾ, ਵਿਗਿਆਨ, ਰਿਵਾਜ, ਸੰਸਥਾਵਾਂ, ਕਾਨੂੰਨ, ਪਦਾਰਥਕ ਵਸਤਾਂ ਜਿਵੇਂ ਇਮਾਰਤਾਂ ਅਤੇ ਕਲਾਕਿਰਤੀਆਂ ਆਦਿ ਸਭਿਆਚਾਰ ਨਾਲ ਨਾਲ ਸੰਬੰਧਿਤ ਹੋਣ ਸਦਕਾ ਇਸਦੇ ਮੁੱਖ ਅੰਗ ਸਮਝੇ ਜਾਂਦੇ ਹਨ।

ਈ.ਬੀ.ਟੇਲਰ ਅਨੁਸਾਰ, ਸਭਿਆਚਾਰ ਉਹ ਜਟਿਲ ਸਮਗਰਤਾ ਹੈ ਜਿਸ ਵਿਚ ਗਿਆਨ ਵਿਸ਼ਵਾਸ ਕਲਾ ਨੈਤਿਕ ਨਿਯਮ ਕਾਨੂੰਨ ਪ੍ਰਥਾ ਅਤੇ ਅਜੇਹੀਆਂ ਹੋਰ ਯੋਗਤਾਵਾਂ ਅਤੇ ਆਦਤਾਂ ਸ਼ਾਮਲ ਹਨ ਜਿਨ੍ਹਾਂ ਨੂੰ ਮਨੁੱਖ ਨੇ ਇਕ ਸਮਾਜਿਕ ਪ੍ਰਾਣੀ ਹੋਣ ਦੀ ਹੈਸੀਅਤ ਵਿਚ ਪ੍ਰਾਪਤ ਕੀਤਾ ਹੈ।[4] ਮੈਲੀਨੋਵਸਕੀ ਅਨੁਸਾਰ ਸਭਿਆਚਾਰ ਇਕ ਅਜਿਹਾ ਉਪਕਰਣ ਹੈ ਜਿਸ ਦੇ ਮਾਧਿਅਮ ਰਾਹੀਂ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਦਾ ਹੈ।[5] ਇਸ ਤੋਂ ਇਲਾਵਾ ਸਭਿਆਚਾਰ ਕੇਵਲ ਮਨੁੱਖੀ ਜਾਤੀ ਦਾ ਵਿਰਸਾ ਹੈ ਅਤੇ ਇਹ ਮਾਨਸ ਜਨਮ ਦੀ ਉਤਮਤਾ ਦਾ ਪ੍ਰਤੀਕ ਹੈ।[6] ਰੇਮੰਡ ਵਿਲੀਅਮ ਨੇ ਸਭਿਆਚਾਰ ਨੂੰ ਮਨ ਦੀ ਇਕ ਅਵਸਥਾ, ਬੋਧਿੱਕ ਅਤੇ ਸਦਾਚਾਰਕ ਗਤੀਵਿਧੀਆਂ ਦਾ ਇਕਠ ਜਾਂ ਜੀਵਨ ਦਾ ਇਕ ਢੰਗ ਮੰਨਿਆਂ ਹੈ।[7] ਐਸ.ਐਸ.ਅਮੋਲ ਅਨੁਸਾਰ ਸਭਿਆਚਾਰ ਮਨੁੱਖ ਨੂੰ ਧਰਮ, ਸਦਾਚਾਰ, ਦੇਸ਼ ਭਗਤੀ ਅਤੇ ਆਪੇ ਦਾ ਤਿਆਗ ਅਤੇ ਮਨੁੱਖੀ ਵਿਚਾਰਾਂ ਦੀ ਉਤਮਤਾ ਨੂੰ ਦਰਸਾਉਂਦਾ ਹੈ।[8]

ਉਪਰੋਕਤ ਵਿਚਾਰਾਂ ਨੂੰ ਵੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਸਭਿਆਚਾਰ ਮਨੁੱਖ ਦਾ ਅਨਿਖੜਵਾਂ ਅੰਗ ਹੈ। ਸਭਿਆਚਾਰ ਵਿਚੋਂ ਹੀ ਮਨੁੱਖ ਆਦਰਸ਼ ਜੀਵਨ ਜੀਉਣ ਦੀ ਜਾਚ ਸਿੱਖਦਾ ਹੈ, ਆਪਣੀ ਲੋੜਾਂ ਪੂਰੀਆਂ ਕਰਦਾ ਹੈ ਅਤੇ ਨੈਤਿਕ ਨਿਯਮ ਆਦਿ ਜਿਹੀਆਂ ਯੋਗਤਾਵਾਂ ਨੂੰ ਸਮਾਜਿਕ ਪ੍ਰਾਣੀ ਦੀ ਹੈਸੀਅਤ ਹੋਣ ਦੇ ਨਾਤੇ ਆਪਣੇ ਜੀਵਨ ਵਿਚ ਧਾਰਨ ਕਰਦਾ ਹੈ।

ਸਭਿਆਚਾਰ ਦਾ ਖੇਤਰ ਵਿਸ਼ਾਲ ਹੋਣ ਕਾਰਨ ਵਿਦਵਾਨਾਂ ਨੇ ਇਸ ਦੀ ਕਈ ਪੱਖਾਂ ਤੋਂ ਵੰਡ ਕੀਤੀ ਹੈ। 'ਡਾ. ਅਮਰਜੀਤ ਹੋਰਾਂ ਨੇ 'ਪਦਾਰਥਕ' ਅਤੇ 'ਗੈਰ ਪਦਾਰਥ' ਦੇ ਸਿਰਲੇਖ ਹੇਠ ਸਭਿਆਚਾਰ ਨੂੰ ਦੋ ਪੱਖਾਂ ਅਧੀਨ ਵਿਚਾਰਿਆ ਹੈ। ਪਦਾਰਥਕ ਸਭਿਆਚਾਰ ਉਹ ਹੈ ਜੋ ਵਸਤਾਂ, ਬਨਸਪਤੀ ਜਾਂ ਸਰੀਰ ਨਾਲ ਸੰਬੰਧ ਰਖੇ। ਇਸਦਾ ਅਧਾਰ ਧਰਤੀ ਤੇ ਪੌਣ ਪਾਣੀ ਆਦਿ ਨਾਲ ਹੁੰਦਾ ਹੈ। ਇਸਤੋਂ ਇਲਾਵਾ ਗੈਰ ਪਦਾਰਥ ਦਾ ਸੰਬੰਧ ਮਾਨਸਿਕਤਾ ਨਾਲ ਹੈ।'[9] ਉਪਰੋਕਤ ਵਿਚਾਰਾਂ ਦੀ ਦ੍ਰਿਸ਼ਟੀ ਤੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ ਕਿ ਇਹ ਸਾਰਾ ਸੰਦਰਭ ਡਾ. ਸਾਹਿਬ ਨੇ ਸਿੱਖ ਸਭਿਆਚਾਰ ਨੂੰ ਮੁੱਖ ਰਖ ਕੇ ਦਿੱਤਾ ਹੈ। ਕਿਉਂਕਿ ਸਿੱਖ ਸਭਿਆਚਾਰ ਖਾਸ ਕਰਕੇ ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਪਦਾਰਥ ਅਤੇ ਗੈਰ ਪਦਾਰਥਕ ਤੱਤਾਂ ਦਾ

*ਰਿਸਰਚ ਸਕਾਲਰ, ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਿਸ਼ਲੇਸ਼ਨ ਕੀਤਾ ਹੈ। ਦੁਨਿਆਵੀ ਸਭਿਆਚਾਰ ਜਿੱਥੇ ਮਨੁੱਖ ਦੇ ਰੋਜ਼ਾਨਾ ਦੇ ਜੀਵਨ, ਖਾਣ-ਪੀਣ, ਪਹਿਨਣ, ਦੁਨਿਆਵੀ ਰਿਸਤਿਆਂ ਆਦਿ ਦੀ ਗੱਲ ਕਰਦਾ ਹੈ, ਉੱਥੇ ਸਿੱਖ ਸਭਿਆਚਾਰ ਦਸਦਾ ਹੈ ਕਿ ਖਾਣਾ ਕੀ ਹੈ, ਕਿੰਨਾ ਕੁ ਖਾਣਾ ਹੈ,[10] ਕਿਵੇਂ ਦਾ ਪਹਿਨਣਾ ਹੈ, ਦੁਨਿਆਵੀ ਰਿਸਤੇ ਕਿਵੇਂ ਦੇ ਹਨ[11] ਆਦਿ ਨੂੰ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਜਾਣੂ ਕਰਵਾ ਕੇ ਮਨੁੱਖੀ ਮਾਨਸਿਕਤਾ ਨੂੰ ਉਚਿਆਂ ਕਰਦਾ ਹੈ।

ਗੁਰੂ ਰਾਮਦਾਸ ਦੇ ਸਮੁੱਚੇ ਕਾਵਿ ਦੀ ਪ੍ਰਕਿਰਤੀ ਧਾਰਮਿਕ ਹੋਣ ਕਰਕੇ ਇਹ ਜਰੂਰੀ ਹੈ ਉਨ੍ਹਾਂ ਦੀ ਰਚਨਾ ਦਾ ਅਧਿਐਨ ਵੀ ਅਧਿਆਤਿਮਕ ਕਾਵਿ ਸਮਝ ਕੇ ਕੀਤਾ ਜਾਵੇ। 'ਹੁਣ ਤੱਕ ਗੁਰੂ ਰਾਮਦਾਸ ਦੀ ਬਾਣੀ ਦਾ ਕਈ ਵਿਸ਼ਿਆਂ ਰਾਹੀਂ ਅਧਿਐਨ ਕੀਤਾ ਜਾ ਚੁਕਾ ਹੈ ਜਿਸ ਨਾਲ ਇਕ ਪਾਸੇ ਇਸ ਰਚਨਾ ਦੀ ਵਿਲੱਖਣਤਾ ਉਜਾਗਰ ਹੋਈ ਹੈ ਅਤੇ ਦੂਜੇ ਪਾਸੇ ਇਸ ਰਚਨਾ ਦੀ ਸੰਰਚਨਾ ਵਿਚਲੇ ਕਈ ਲੁਪਤ ਪੱਖ ਵੀ ਉਜਾਗਰ ਹੋਏ ਹਨ।'[12] ਇਨ੍ਹਾਂ ਉਜਾਗਰ ਹੋਏ ਪੱਖਾਂ ਵਿਚੋਂ ਆਪਣੇ ਇਸ ਅਧਿਐਨ ਵਿਚ ਅਸੀਂ ਗੁਰੂ ਰਾਮਦਾਸ ਦੀ ਬਾਣੀ ਵਿਚ ਪ੍ਰਸਤੁਤ ਹੋਏ ਸਮਕਾਲੀ ਸਭਿਆਚਾਰਕ ਪਹਿਲੂਆਂ ਦਾ ਅਧਿਐਨ ਕਰਾਂਗੇ।

'ਸਭਿਆਚਾਰਕ' ਪੱਖ ਦਾ ਅਧਿਐਨ ਕਰਨ ਵੇਲੇ ਇਹ ਜ਼ਰੂਰੀ ਹੈ ਕਿ ਸਮਾਜ ਵਿਚ ਮਨੁੱਖੀ ਸਭਿਅਤਾ ਨਾਲ ਸੰਬੰਧਿਤ ਤੀਰਥ-ਇਸ਼ਨਾਨ, ਇਸਤਰੀ ਦੀ ਦਸ਼ਾ, ਭੇਖ, ਪਹਿਰਾਵਾ, ਹਾਰ-ਸਿੰਗਾਰ, ਜਾਤ-ਪਾਤ, ਮੂਰਤੀ-ਪੂਜਾ, ਵਰਤ, ਸੰਸਕਾਰ ਆਦਿ ਪਹਿਲੂਆਂ ਨੂੰ ਅਧਾਰ ਬਣਾਇਆ ਜਾਵੇ। ਇਸਤੋਂ ਇਲਾਵਾ ਖੇਤੀਬਾੜੀ, ਵਣਜ-ਵਪਾਰ, ਮਜ਼ਦੂਰੀ, ਰਾਜਸ਼ਾਹੀ, ਨਿਆਂ-ਵਿਧਾਨ, ਖਾਣ-ਪੀਣ ਅਤੇ ਨਸ਼ੇ ਆਦਿਕ ਪਦਾਰਥਾਂ ਦਾ ਸਭਿਆਚਾਰ ਦੇ ਅੰਤਰਗਤ ਅਧਿਐਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਵਿਚਾਰ, ਵਤੀਰਾ, ਵਿਸ਼ਵਾਸ, ਅੰਧਵਿਸ਼ਵਾਸ, ਸਾਹਿਤ, ਕਲਾ, ਧਰਮ, ਮਿਥਿਹਾਸ ਅਤੇ ਫ਼ਲਸਫ਼ੇ ਆਦਿ ਪਹਿਲੂਆਂ ਨੂੰ ਬੋਧਾਤਮਕ ਸੱਭਿਆਚਾਰ ਦੇ ਅੰਤਰਗਤ ਅਧਿਐਨ ਕੀਤਾ ਜਾਂਦਾ ਹੈ।[13] ਗੁਰੂ ਰਾਮਦਾਸ ਨੇ ਇਨ੍ਹਾਂ ਪਹਿਲੂਆਂ ਦਾ ਸਮਕਾਲੀ ਸਭਿਆਚਾਰ ਪਖੋਂ ਆਪਣੀ ਬਾਣੀ ਵਿਚ ਵਿਸ਼ੇਸ਼ ਤੌਰ 'ਤੇ ਚਿਤਰ ਖਿੱਚਿਆ ਹੈ ਜੋ ਇਸ ਪ੍ਰਕਾਰ ਹਨ:

**ਤੀਰਥ ਇਸਨਾਨ:** ਪ੍ਰਾਚੀਨ ਗ੍ਰੰਥਾਂ ਦਾ ਅਜਿਹਾ ਪ੍ਰਕਰਣ ਜਿਸ ਵਿਚ ਵਿਭਿੰਨ ਕਰਮਾਂ ਨੂੰ ਕਰਨ ਦੀ ਵਿਧੀ ਅਤੇ ਨਿਯਮ ਦੱਸੇ ਗਏ ਸਨ, ਕਰਮਕਾਂਡ ਅਖਵਾਉਂਦੇ ਹਨ। ਸਮਾਂ ਬੀਤਣ ਨਾਲ ਕਰਮਾਂ ਦੀ ਮੂਲ ਭਾਵਨਾ ਲੁਪਤ ਹੁੰਦੀ ਗਈ ਅਤੇ ਵਿਖਾਵਿਆਂ ਅਤੇ ਪਾਖੰਡਾਂ ਨੇ ਉਸਦੀ ਥਾਂ ਲੈ ਲਈ। ਤੀਰਥ ਗਮਨ, ਤੀਰਥ ਇਸ਼ਨਾਨ ਅਤੇ ਤਿਉਹਾਰਾਂ ਆਦਿ ਮੌਕਿਆਂ ਤੇ ਵਿਸ਼ੇਸ਼ ਥਾਵਾਂ ਤੇ ਜੁੜਨ ਵਾਲੇ ਇਕਠਾਂ ਪਿਛੇ ਵੀ ਇਹੀ ਭਾਵਨਾ ਕੰਮ ਕਰਦੀ ਹੈ।ਗੁਰਮਤਿ ਵਿਚ ਅਜਿਹੇ ਕਰਮ-ਕਾਂਡ ਦੀ ਕੋਈ ਜਗ੍ਹਾ ਨਹੀ ਹੈ। ਗੁਰੂ ਰਾਮਦਾਸ ਪਾਤਸ਼ਾਹ ਦੇ ਅਨੁਸਾਰ ਅਸਲੀ ਤੀਰਥ



ਉਹ ਪਰਮਾਤਮਾਂ ਹੈ ਅਤੇ ਵੱਡੇ ਭਾਗਾਂ ਵਾਲੇ ਹਨ ਉਹ ਲੋਕ ਜੋ ਇਸ ਵਿਚ ਇਸ਼ਨਾਨ ਕਰਦੇ ਹਨ ਅਤੇ ਨਿਰਮਲ ਹੋ ਜਾਂਦੇ ਹਨ।

ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥ [14]

ਸਮਕਾਲੀ ਸਭਿਆਚਾਰ ਵਿਚ ਅਤੇ ਅਜੋਕੇ ਸੱਭਿਆਚਾਰ ਵਿਚ ਵੀ ਤੀਰਥ ਦੇ ਇਸਨਾਨ ਦਾ ਵਿਸ਼ੇਸ਼ ਮਹੱਤਵ ਸਵੀਕਾਰਿਆ ਹੈ ਪਰੰਤੂ ਵਿਚਾਰ ਗੋਸ਼ਟੀ ਵਾਲੀ ਗੱਲ ਇਹ ਹੈ ਕਿ ਅਸਲ ਤੀਰਥ ਹੈ ਕਿਹੜਾ? ਇਸ ਸੰਬੰਧੀ ਗੁਰੂ ਰਾਮਦਾਸ ਸਪਸ਼ਟ ਫੁਰਮਾਉਂਦੇ ਹਨ ਕਿ ਸਤਿਗੁਰ ਹੀ ਅੰਮ੍ਰਿਤ ਦਾ ਸਰੋਵਰ ਭਾਵ ਤੀਰਥ ਹੈ ਜਿਸ ਦੀ ਬਦੌਲਤ ਜਨਮ ਜਨਮਾਂਤਰਾਂ ਦੀ ਮੈਲ ਧੋਤੀ ਜਾਂਦੀ ਹੈ ਅਤੇ ਮਨੁੱਖ ਆਪਣੇ ਜੀਵਨ ਮਨੋਰਥ ਨੂੰ ਪੂਰਾ ਕਰ ਲੈਂਦਾ ਹੈ।

**ਪੁੰਨ ਦਾਨ:** ਧਰਮ ਕਰਮ ਵਜੋਂ ਅਤੇ ਰਵਾਇਤ ਵਜੋਂ ਜਾਂ ਮਜ਼ਬੂਰਨ ਵੀ ਦਾਨ ਪੁੰਨ ਕਰਨ ਦੀ ਪ੍ਰਵਿਰਤੀ ਸਮਕਾਲੀ ਸਭਿਆਚਾਰ ਦਾ ਇਕ ਅੰਗ ਬਣ ਚੁਕੀ ਸੀ। ਜਿਵੇਂ ਕਿ ਪਦ 'ਦਾਨ ਪੁੰਨ' ਤੋਂ ਹੀ ਬਿਲਕੁਲ ਸਪਸ਼ਟ ਹੈ ਕਿ ਦਾਨ ਕੇਵਲ ਪੁੰਨ ਖੱਟਣ ਜਾਂ ਜੱਸ ਖੱਟਣ ਲਈ ਹੀ ਕੀਤਾ ਜਾਂਦਾ ਸੀ। 'ਵਰਣ ਵੰਡ ਜਾਂ ਜਾਤ ਪਾਤ ਦੇ ਵਿਸ਼ਲੇਸ਼ਣ ਸਮੇਂ ਇਹ ਨੁਕਤਾ ਵੀ ਵਿਚਾਰਿਆ ਜਾ ਚੁਕਾ ਹੈ ਕਿ ਪੁਰੋਹਿਤ ਵਰਗ ਹੀ ਲੋਕਾਂ ਦੇ ਦਾਨ-ਪੁੰਨ ਦਾ ਅਧਿਕਾਰੀ ਸੀ। ਇਨ੍ਹਾਂ ਰਵਾਇਤਾਂ ਅਤੇ ਸਮਾਜਿਕ ਵਿਧਾਨ ਅਨੁਸਾਰ ਸਰਦਿਆਂ ਪੁੱਜਦਿਆਂ ਤੋਂ ਇਲਾਵਾ ਗ਼ਰੀਬ-ਗ਼ਰਬਿਆਂ ਅਤੇ ਨਿਮਾਣਿਆਂ-ਨਿਤਾਣਿਆਂ ਨੂੰ ਵੀ ਇਸੇ ਲੁਟ-ਖਸੁੱਟ ਦਾ ਸ਼ਿਕਾਰ ਹੋਣਾ ਪੈਂਦਾ ਸੀ।'[15] ਗੁਰੂ ਰਾਮਦਾਸ ਅਤੇ ਬਾਕੀ ਬਾਣੀ ਰਚੇਤਿਆਂ ਨੇ ਨਗਾਰੇ ਦੀ ਚੋਟ 'ਤੇ ਇਸਦਾ ਵਿਰੋਧ ਕਰਦਿਆਂ ਮਿਲਦੇ-ਜੁਲਦੇ ਵਿਚਾਰ ਪ੍ਰਗਟਾਏ ਹਨ ਅਰਥਾਤ ਰਸਨਾ ਹਮੇਸ਼ਾ ਉਸ ਅਟੱਲ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦੀ ਰਹੇ ਅਤੇ ਸ਼ਬਦ ਨੂੰ ਹਿਰਦੇ ਵਿਚ ਵਸਾਈ ਰਖੇ, ਇਹੀ ਸਭ ਤੋਂ ਸ੍ਰੇਸ਼ਟ ਅਤੇ ਸਭ ਤੋਂ ਵੱਡਾ ਦਾਨ-ਪੁੰਨ ਹੈ। ਗੁਰੂ ਰਾਮਦਾਸ ਸਮਝਾਉਂਦੇ ਹਨ:

ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ ॥
ਰਸਨਾ ਉਚਰੈ ਗੁਣਵਤੀ ਕੋਇ ਨਾ ਪੁਜੈ ਦਾਨੁ ॥ [16]

**ਹਾਰ-ਸ਼ਿੰਗਾਰ:** ਆਪਣੀ ਸੁੰਦਰਤਾ ਵਿਚ ਵਾਧਾ ਕਰਨ ਅਤੇ ਰੁਤਬੇ ਦੀ ਪਦਵੀ ਅਨੁਸਾਰ ਸਮਾਜ ਵਿਚ ਆਰੰਭਿਕ ਕਾਲ ਤੋਂ ਹੀ ਹਾਰ ਸਿੰਗਾਰ ਦੀ ਵਰਤੋਂ ਚਲੀ ਆ ਰਹੀ ਹੈ। 'ਵੱਖ ਵੱਖ ਸਭਿਅਤਾਵਾਂ ਅਤੇ ਸਭਿਆਚਾਰ ਤੋਂ ਵੰਨ-ਸੁਵੰਨੇ ਗਹਿਣਿਆਂ ਅਤੇ ਸਿੰਗਾਰਦਾਨ ਦੀ ਉਪਲਬੱਧੀ ਅਤੇ ਜਾਣਕਾਰੀ ਸਾਡੇ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਕਰਦੀ ਹੈ। ਭਾਰਤੀ ਸਭਿਆਚਾਰ ਵਿਚ ਸੋਲਾਂ ਪ੍ਰਕਾਰ ਦੇ ਸਿੰਗਾਰ ਦੀ ਸਵੀਕ੍ਰਿਤੀ ਅਤੇ ਵਰਨਣ ਮਿਲਦੇ ਹਨ ਜਿਸਨੂੰ ਇਸਤਰੀ ਆਪਣੇ ਪਤੀ ਦੇ ਮਿਲਾਪ ਲਈ ਉਪਯੋਗ ਕਰਦੀ ਸੀ।'[17] ਗੁਰਬਾਣੀ ਵਿਚ ਜੀਵ

ਆਤਮਾ ਨੂੰ ਇਸਤਰੀ ਅਤੇ ਪਤੀ-ਪਰਮਾਤਮਾ ਨੂੰ ਮਰਦ ਰੂਪ ਵਿਚ ਸਵੀਕਾਰਦਿਆਂ ਸੰਸਾਰਿਕ ਪਤੀ-ਪਤਨੀ ਦੇ ਮਿਲਾਪ ਵਾਂਗ ਇਸਤਰੀ ਵਲੋਂ ਹਾਰ ਸਿੰਗਾਰ ਰਾਹੀਂ ਆਪਣੇ ਆਪ ਨੂੰ ਮਨਮੋਹਣੀ, ਦਿਲਮੋਹਣੀ ਅਤੇ ਸੁੰਦਰ ਲੱਗਣ ਲਈ ਕੀਤੇ ਹਾਰ-ਸਿੰਗਾਰ ਵਿਚ ਕੀਮਤੀ ਧਾਤਾਂ ਸੋਨਾ ਚਾਂਦੀ ਨੂੰ ਅਧਾਰ ਨਹੀਂ ਮੰਨਿਆ ਸਗੋਂ ਨਾਮ ਰੂਪੀ ਗਹਿਣੇ ਪਾਉਣ ਦਾ ਵਿਧਾਨ ਗੁਰੂ ਰਾਮਦਾਸ ਨੇ ਦੱਸਿਆ ਹੈ:

ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ ॥
ਨਾਮ ਬਿਨਾ ਸਭਿ ਫੀਕ ਫੀਕਾਨੇ ਜਨਮਿ ਮਰੈ ਫਿਰਿ ਆਵੈਗੋ ॥ [18]

ਸੋਨਾ ਚਾਂਦੀ ਅਤੇ ਹੋਰ ਸਿੰਗਾਰ ਸੰਬੰਧੀ ਧਾਤਾਂ ਦੀ ਅੈਹਮੀਅਤ ਨਾਮ ਤੋਂ ਬਿਨਾ ਬੇਕਾਰ ਮੰਨੀ ਗਈ ਹੈ। ਜੋ ਜੀਵ ਇਸਤਰੀ ਪਰਮਾਤਮਾ ਦੇ ਨਾਮ ਰੂਪੀ ਗਹਿਣੇ ਨੂੰ ਵਿਸਾਰ ਦੁਨਿਆਵੀ ਹਾਰ-ਸਿੰਗਾਰ ਵਿਚ ਰਚਿਤ ਰਹਿੰਦੀ ਹੈ ਉਸਨੂੰ ਬਾਣੀ ਵਿਚ ਕੁਲਖਣੀ ਨਾਰ ਵਜੋਂ ਸੰਬੋਧਿਤ ਕੀਤਾ ਹੈ ਅਤੇ ਉਹ ਹਮੇਸ਼ਾਂ ਜਨਮ ਮਰਨ ਦਾ ਦੁੱਖ ਭੋਗਦੀ ਹੈ। ਗੁਰੂ ਰਾਮਦਾਸ ਫੁਰਮਾਉਂਦੇ ਹਨ:

ਬਿਨੁ ਸਬਦੈ ਸੁਧੁ ਨਾ ਹੋਵਈ ਜੇ ਅਨੇਕ ਕਰੈ ਸੀਗਾਰ ॥
ਪਿਰ ਕੀ ਸਾਰ ਨ ਜਾਣਈ ਦੂਜੈ ਪਾਏ ਪਿਆਰੁ ॥
ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥੨॥ [19]

**ਵਰਣ ਪ੍ਰਥਾ/ਜਾਤ ਪਾਤ:** ਸਮੁੱਚੇ ਵਿਸ਼ਵ ਨੂੰ ਸਮਾਨਤਾ, ਬਰਾਬਰੀ ਅਤੇ ਭਾਈਚਾਰਕ ਸਾਂਝ ਦਾ ਪੈਗਾਮ ਦੇਣ ਵਾਲੀ ਗੁਰਬਾਣੀ ਅਸਮਾਨਤਾ ਅਤੇ ਊਚ-ਨੀਚ ਦਾ ਡੱਟ ਕੇ ਵਿਰੋਧ ਕਰਦੀ ਹੈ। ਇਕ ਅੱਲ੍ਹਾ ਦੇ ਨੂਰ ਤੋਂ ਪੈਦਾ ਹੋਣ ਵਾਲੇ ਬੰਦਿਆਂ ਵਿਚਲਾ ਤੇਰ-ਮੇਰ, ਛੋਟੇ ਵੱਡੇ ਅਤੇ ਉੱਚੀ ਨੀਵੀਂ ਜਾਤ ਦਾ ਅਹਿਸਾਸ ਸਮਕਾਲੀਨ ਸੱਭਿਆਚਾਰ ਦਾ ਇਕ ਬਹੁਤ ਅਨਿੱਖੜ ਹਿੱਸਾ ਬਣ ਚੁਕਾ ਸੀ। ਚਾਰ ਵਰਣ-ਬ੍ਰਾਹਮਣ, ਖਤੱਰੀ, ਵੈਸ਼ ਤੇ ਸੂਦਰ ਦਾ ਵਿਧਾਨ ਬੜੀ ਸਖ਼ਤਾਈ ਨਾਲ ਲਾਗੂ ਸੀ ਜਿਸ ਦਾ ਸੰਕੇਤ ਗੁਰੂ ਰਾਮਦਾਸ ਦੀਆਂ ਇਨ੍ਹਾਂ ਤੁਕਾਂ ਤੋਂ ਸਪਸ਼ਟ ਰੂਪ ਵਿਚ ਮਿਲਦਾ ਹੈ:

ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ ॥
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ॥ [20]

ਇਥੇ ਹਿੰਦੀ ਦੇ ਪ੍ਰਸਿੱਧ ਵਿਦਵਾਨ ਡਾ. ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ ਦਾ ਇਕ ਕਥਨ ਬੜਾ ਅਰਥਪੂਰਨ ਜਾਪਦਾ ਹੈ ਕਿ ਜੇਕਰ ਨਿਰਗੁਣ ਸੰਤਾਂ ਦੀਆਂ ਬਾਣੀਆਂ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਗਲ ਸਪਸ਼ਟ ਹੋ ਜਾਵੇਗੀ ਕਿ ਇਨ੍ਹਾਂ ਬਾਣੀਆਂ ਨੂੰ ਰੂਪ ਦੇਣ ਵਿਚ ਸਮਕਾਲੀਨ ਸਮਾਜਿਕ ਮਤ-ਭੇਦ ਦੀ ਕਠੋਂੜਤਾ ਦਾ ਬਹੁਤ ਵੱਡਾ ਹੱਥ ਹੈ।[21] ਇਸ ਸੰਦਰਭ ਵਿਚ ਡਾ. ਮਨਮੋਹਨ ਸਹਿਗਲ ਦੀ ਇਹ ਉਕਤੀ ਵੀ ਵਿਚਾਰਨ ਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ



ਕੇਂਦਰੀ ਬਿੰਦੂ ਮਨੁੱਖ ਹੈ, ਇਥੇ ਜਾਤ-ਪਾਤ ਦਾ ਕੋਈ ਲਛਣ ਨਹੀਂ, ਇਸੇ ਲਈ ਸਭ ਵਿਚ ਇਕ ਹੀ ਪਰਮਾਤਮਾ ਦੀ ਜੋਤ ਦਾ ਦਰਸ਼ਨ ਕਰਨ ਵਿਚ ਸਮਰੱਥ ਬਾਣੀਕਾਰਾਂ ਨੇ ਜਾਤ ਨੂੰ ਅਸਲ ਵਿਚ ਗ਼ੈਰ ਜ਼ਰੂਰੀ ਹੀ ਦਸਿਆ ਹੈ।[22]

ਜਾਤਿ ਨ ਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ ॥
ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲ ਨ ਡੁਲਾਵੈਗੋ ॥ [23]

**ਮੂਰਤੀ ਪੂਜਾ/ਦੇਵ ਪੂਜਾ:** ਬ੍ਰਹਮ ਦਾ ਸਰੂਪ ਕੋਈ ਮੱਧਕਾਲੀਨ ਭਗਤੀ ਪਰੰਪਰਾ ਨਾਲ ਹੀ ਸੰਬੰਧਿਤ ਨਹੀਂ ਸਗੋਂ ਪ੍ਰਾਚੀਨ ਸਮਿਆਂ ਤੋਂ ਹੀ ਪ੍ਰਚਲਿਤ ਹੈ ਪਰੰਤੂ ਇਸ ਕਾਲ ਦੀ ਇਹ ਵਿਲੱਖਣਤਾ ਕਹੀ ਜਾ ਸਕਦੀ ਹੈ ਕਿ ਇਸ ਸਮੇਂ ਬ੍ਰਹਮ ਦਾ ਨਿਰਗੁਣ ਸਰੂਪ ਲਗਪਗ ਅਲੋਪ ਹੀ ਹੋ ਚੁਕਾ ਸੀ। ਸਰਗੁਣ ਸਰੂਪ ਸਿਰ ਕੱਢ ਬੈਠਾ ਸੀ। ਫਲਸਰੂਪ ਬਹੁਦੇਵਵਾਦ, ਮੂਰਤੀ ਪੂਜਾ, ਅਤੇ ਹੋਰ ਅਨੇਕਾਂ ਚੀਜਾਂ ਦੀ ਪੂਜਾ-ਅਰਾਧਨਾ ਵਾਸਤਵਿਕਤਾ 'ਤੇ ਭਾਰੂ ਹੋ ਗਈ ਸੀ। ਇਸੇ ਬੇਮੁਹਾਰਤਾ ਦੇ ਆਲਮ ਵਿਚ ਸਾਡੇ ਸਾਰੇ ਬਾਣੀਕਾਰਾਂ ਨੇ ਇਸ ਪ੍ਰਥਾਏ ਆਪਣੇ ਮਹਾਨ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ। ਗੁਰੂ ਰਾਮਦਾਸ ਅਨੁਸਾਰ ਪਰਮਾਤਮਾ ਇਕ ਹੈ ਅਤੇ ਸਾਰੀ ਸ੍ਰਿਸ਼ਟੀ ਵਿਚ ਉਸ ਦਾ ਹੀ ਪਸਾਰਾ ਹੈ। ਮਨੁੱਖ ਨੂੰ ਕੇਵਲ ਇਕ ਪਰਮਾਤਮਾ ਦੀ ਬੰਦਗੀ ਅਤੇ ਸੇਵਾ ਕਰਨੀ ਲਾਹੇਵੰਦ ਹੈ ਕਿਉਂਕਿ ਸਤਿਗੁਰ ਹੀ ਗਿਆਨ ਦੇਣ ਵਾਲਾ ਅੰਜਨ ਹੈ ਅਤੇ ਸਤਿਗੁਰੂ ਦੀ ਪੂਜਾ ਹੀ ਸਫਲਦਾਇਕ ਹੈ:

ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥
ਸਤਿਗੁਰ ਸੇਵੀ ਅਵਰੁ ਨ ਦੂਜਾ ॥ [24]
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥ [25]

ਚੂੰਕਿ ਇਸ ਸੰਸਾਰ ਦੀ ਹਰ ਵਸਤੂ, ਹਰ ਪ੍ਰਾਣੀ ਬਿਨਸਨਹਾਰ ਹੈ, ਇਸ ਲਈ ਕੋਈ ਪੂਜਾ ਸਦੀਵੀ ਅਤੇ ਸਥਾਈ ਹੈ ਤਾਂ ਉਹ ਪ੍ਰਭੂ-ਪੂਜਾ ਹੀ ਹੈ। ਸਮਕਾਲੀ ਸਭਿਆਚਾਰ ਵਿਚਲੀ ਗਊ ਪੂਜਾ ਅਤੇ ਨਾਗ ਪੂਜਾ ਸੰਬੰਧੀ ਵੀ ਕਈ ਹਵਾਲੇ ਗੁਰਬਾਣੀ ਵਿਚ ਉਪਲਬਧ ਹਨ। ਅਸਲੀਅਤ ਤੋਂ ਬੇਮੁੱਖ ਅਤੇ ਭਰਮ ਭੁੱਲੀ ਮਨੁੱਖਤਾ ਨੂੰ ਸਹੀ ਸੇਧ ਦੇਣ ਅਤੇ ਅਜਿਹੀਆਂ ਕੁਪ੍ਰਥਾਵਾਂ ਨੂੰ ਮੇਟਣ ਹਿਤ ਹੀ ਕਈ ਸਦੀਆਂ ਤੱਕ ਸਾਡੇ ਮਹਾਨ ਰਹਿਬਰ ਯਤਨਸ਼ੀਲ ਅਤੇ ਸੰਘਰਸ਼ਸ਼ੀਲ ਰਹੇ ਹਨ।

**ਵਰਤ:** 'ਅਵਰਿ ਕਾਜ ਤੇਰੈ ਕਿਤੈ ਨ ਕਾਮ' ਅਨੁਸਾਰ ਯਥਾਰਥ ਤਕ ਪਹੁੰਚਣ ਲਈ ਅਪਣਾਇਆ ਹਰ ਗਲਤ ਢੰਗ ਅਤੇ ਰਾਹ ਸਾਡੇ ਸੁਘੜ ਸੂਝਵਾਨ ਬਾਣੀ ਰਚੇਤਿਆਂ ਨੂੰ ਪਰਵਾਨ ਨਹੀਂ ਸੀ। ਅਜਿਹੇ ਗਲਤ ਢੰਗਾਂ ਦੀ ਉਨ੍ਹਾਂ ਨੇ ਪੁਰਜ਼ੋਰ ਵਿਰੋਧਤਾ ਕੀਤੀ। ਵਰਤ ਵੀ ਇਕ ਅਜਿਹਾ ਹੀ ਢੋਂਗ ਸੀ। ਇਹ ਵਰਤ ਇਕਾਦਸੀ, ਦੁਆਦਸੀ, ਅਸ਼ਟਮੀ, ਨਵਮੀ,

ਨੌਰਾਤਿਆਂ, ਕਰਵਾ ਚੌਥ ਆਦਿ ਦੇ ਅਵਸਰਾਂ ਤੇ ਰੱਖੇ ਜਾਂਦੇ ਸਨ। ਮੌਨ ਵਰਤ ਆਦਿ ਦੀ ਪਰੰਪਰਾ ਵੀ ਪ੍ਰਚਲਿਤ ਸੀ। ਪਰੰਤੂ ਇਨ੍ਹਾਂ ਸਾਰੇ ਵਰਤਾਂ ਦੀ ਨਿਰਾਰਥਕਤਾ ਦ੍ਰਿੜ੍ਹਾਉਂਦਿਆਂ ਗੁਰੂ ਰਾਮਦਾਸ ਨੇ ਬੜੇ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਗੁਰੂ ਰਾਮਦਾਸ ਦਾ ਕਥਨ ਕਿ ਜੀਵ ਇਸਤਰੀ ਵਰਤ, ਸੁੱਚ-ਸੰਜਮ ਆਦਿ ਜਿਹੀਆਂ ਮਨਘੜਤ ਮਨੌਤਾਂ ਨੂੰ ਆਪਣੇ ਜੀਵਨ ਵਿਚ ਵਾਸਤਵਿਕਤਾ ਪਖੋਂ ਧਾਰਨ ਕਰਦੀ ਹੈ ਪਰ ਇਹ ਨਿਰਾ ਵਿਖਾਵਾ ਮਾਤਰ ਹਨ। ਵਿਖਾਵੇ ਨਾਲ ਮਨ ਦੀ ਭਟਕਣਾ ਦੂਰ ਨਹੀਂ ਹੁੰਦੀ ਸਗੋਂ ਹੋਰ ਵਧਦੀ ਹੈ:

ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ॥
ਅੰਤਰਹੁ ਕੁਸੁਧ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰ ਉਡਾਏ॥ [26]
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥ [27]

**ਸੰਸਕਾਰ:** ਲੋਕ ਮਾਨਸ ਦੇ ਸੂਖਮ ਰੂਪ ਨੂੰ ਸੰਸਕਾਰ ਅਤੇ ਸੰਸਕਾਰਾਂ ਦੇ ਸਥੂਲ ਰੂਪ ਨੂੰ ਰੀਤਾਂ ਕਿਹਾ ਜਾਂਦਾ ਹੈ। ਮਨ ਵਿਚ ਧਾਰਮਿਕ ਭਾਵਨਾਵਾਂ ਨੂੰ ਸਨਮੁੱਖ ਰੱਖ ਕੇ ਕੀਤੀਆਂ ਗਈਆਂ ਰਹੁ-ਰੀਤਾਂ ਸਾਡੇ ਸੰਸਕਾਰਾਂ ਦਾ ਪ੍ਰਗਟਾਵਾ ਹਨ। ਉਂਞ ਤਾਂ ਹਰ ਸਭਿਆਚਾਰ ਵਿਚ ਹੀ ਸੰਸਕਾਰਾਂ ਦਾ ਵਿਸ਼ੇਸ ਮਹੱਤਵ ਹੁੰਦਾ ਹੈ ਪਰੰਤੂ ਪੰਜਾਬੀ ਸੱਭਿਆਚਾਰ ਵਿਚ ਇਨ੍ਹਾਂ ਦਾ ਨਿਵੇਕਲਾ ਸਥਾਨ ਹੈ। 'ਇਥੇ ਸ.ਸ.ਅਮੋਲ ਹੋਰਾਂ ਦਾ ਇਹ ਕਥਨ ਕਾਫੀ ਸਾਰਥਕ ਜਾਪਦਾ ਹੈ ਕਿ ਇਨ੍ਹਾਂ ਰੀਤਾਂ ਦਾ ਜਾਲ ਏਡਾ ਵੱਡਾ ਸੀ ਅਤੇ ਅਜੇ ਤੱਕ ਹੈ ਕਿ ਇਹ ਬੱਚੇ ਦੇ ਜਨਮ ਤੋਂ ਹੀਂ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ ਅਤੇ ਮਰਨ ਤੋਂ ਬਾਅਦ ਤਕ ਰਹਿੰਦੀਆਂ ਹਨ।[28] ਇਸ ਅਖੌਤੀ ਅਸ਼ੁੱਧੀ ਅਤੇ ਗਲਤ ਧਾਰਨਾ ਦਾ ਸਾਰੇ ਬਾਣੀ ਰਚੇਤਿਆਂ ਨੇ ਡਟ ਕੇ ਵਿਰੋਧ ਕੀਤਾ। ਮਨੁੱਖੀ ਸਭਿਅਤਾਵਾਂ ਦੁਆਰਾ ਕੀਤੇ ਜਾਂਦੇ ਸੰਸਕਾਰ ਅਤੇ ਸਿੱਖ ਸਭਿਆਚਾਰ ਵਿਚ ਕੀਤੇ ਜਾਂਦੇ ਸੰਸਕਾਰਾਂ ਦਾ ਸੰਬੰਧ ਗੁਰਬਾਣੀ ਦ੍ਰਿਸ਼ਟੀਕੋਣ ਤੋਂ ਬਿਲਕੁਲ ਭਿੰਨ ਹੈ। ਵਿਆਹ ਵਿਚ ਕੀਤੀਆਂ ਜਾਦੀਆਂ ਰਸਮਾਂ ਸਾਹਾ ਬੰਨਣਾ, ਘੋੜੀਆਂ ਗਾਉਣੀਆਂ, ਮਿਲਣੀ, ਫੇਰੇ ਅਤੇ ਦਾਜ ਆਦਿ ਦੇ ਸੰਦਰਭ ਤੋਂ ਗੁਰਬਾਣੀ ਵਿਚ ਅਨੰਦ ਕਾਰਜ, ਘੋੜੀਆਂ, ਸਾਹਾ ਬੰਨ੍ਹਣਾ ਆਦਿ ਨੂੰ ਅਧਿਆਤਮਕ ਪੱਖ ਤੋਂ ਵਿਚਾਰਿਆ ਹੈ। ਦੂਜੇ ਪਾਸੇ ਜਨਮ ਸੰਸਕਾਰ, ਮਰਨ ਸੰਸਕਾਰ ਅਤੇ ਸਦਾਚਾਰਕ ਸੰਸਕਾਰਾਂ ਨੂੰ ਨਿਭਾਉਣ ਦਾ ਗੁਰਬਾਣੀ ਵਿਚ ਆਪਣਾ ਹੀ ਵਿਧਾਨ ਹੈ। ਸਦਾਚਾਰਕ ਪੱਖ ਨੂੰ ਨਿਭਾਉਣ ਲਈ ਜਿਥੇ ਗੁਰੂ ਸਾਹਿਬ ਨੇ ਸੇਵਾ, ਸਰਬਤ ਦਾ ਭਲਾ ਅਤੇ ਵੰਡ ਛਕਣ ਅਦਿ ਦੇ ਸਿਧਾਂਤਾਂ ਤੋਂ ਜਾਣੂ ਕਰਵਾਇਆ ਹੈ ਉੱਥੇ ਇਨ੍ਹਾਂ ਸਿਧਾਂਤਾਂ 'ਤੇ ਪਹਿਰਾ ਦੇਣ ਲਈ ਸਿੱਖੀ ਜੀਵਨ ਦਾ ਨੇਮ ਵੀ ਪੱਕਿਆਂ ਕੀਤਾ ਹੈ। ਗੁਰੂ ਰਾਮਦਾਸ ਤਾਂ ਸਿੱਖ ਦੇ ਦਿਨ ਦੀ ਸ਼ੁਰੂਆਤ ਹੀ ਅੰਮ੍ਰਿਤ ਵੇਲੇ ਤੋਂ ਕਰਦੇ ਹਨ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥



ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥

..................................

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ [29]

**ਵਿਆਹ ਸੰਸਕਾਰ:** ਹਰ ਸਭਿਆਚਾਰ ਵਾਂਗ ਸਮਕਾਲੀ ਸਭਿਆਚਾਰ ਵਿਚ ਅਤੇ ਅਜੋਕੇ ਸਭਿਆਚਾਰ ਵਿਚ ਵੀ ਵਿਆਹ ਸੰਸਕਾਰ ਇਕ ਖ਼ੁਸ਼ੀਆਂ-ਖੇੜਿਆਂ ਪੂਰਨ ਸੁਹਾਵਣਾ ਅਤੇ ਚਾਵਾਂ ਭਰਿਆ ਅਵਸਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵ ਆਤਮਾ ਅਤੇ ਪਤੀ ਪਰਮਾਤਮਾ ਦੇ ਅਧਿਆਤਮਕ ਵਿਆਹ ਦੇ ਸੰਦਰਭ ਵਿਚ ਚਾਰ ਲਾਵਾਂ[30] ਦੀ ਹੋਂਦ ਵੀ ਹੈ। ਇਸਤੋਂ ਇਲਾਵਾ ਸਭਿਆਚਾਰ ਦੇ ਪ੍ਰਮੁੱਖ ਅੰਗ ਵਿਆਹ ਦੀਆਂ ਰਸਮਾਂ ਅਤੇ ਕਾਰਜ ਸੰਬੰਧੀ ਗੁਰੂ ਸਾਹਬ ਦੀ ਬਾਣੀ ਵਿਚ ਅਨੇਕਾਂ ਦ੍ਰਿਸ਼ਟਾਂਤ ਮਿਲਦੇ ਹਨ। ਵਿਆਹ ਵਿਚ ਹੁੰਦੇ ਕਾਰਜਾਂ ਨੂੰ ਗੁਰੂ ਸਾਹਿਬ ਨੇ ਕੇਵਲ ਰਸਮ ਦੀ ਬਾਹਰੀ ਰੀਤੀ ਜਾਂ ਵਿਧੀ ਨੂੰ ਹੀ ਰੂਪਮਾਨ ਨਹੀਂ ਕੀਤਾ ਸਗੋਂ ਜੀਵ ਆਤਮਾ ਦਾ ਪਰਮਾਤਮਾ ਨਾਲ ਗਿਆਨਾਤਮਕ ਸੰਬੰਧ ਸਥਾਪਿਤ ਕੀਤਾ ਹੈ। ਗੁਰੂ ਜੀ ਦੀ ਬਾਣੀ ਵਿਚ ਕੁੜਮਾਈ, ਜੰਞ[31], ਲਾਵਾਂ, ਦਾਜ ਦੇਣਾ, ਸੁਹਾਵੀ ਸੇਜ, ਆਦਿ ਪੱਖਾਂ ਵਲ ਵਿਸ਼ੇਸ਼ ਧਿਆਨ ਦਿੱਤਾ ਹੈ।[32]

ਵਿਆਹ ਦੇ ਸਮੇਂ ਜਿਵੇਂ ਸਮਕਾਲੀ ਅਤੇ ਤੱਤਕਾਲੀ ਸਭਿਆਚਾਰ ਵਿਚ ਲਾਲਚੀ ਭਾਵਨਾ ਸਦਕਾ ਦਾਜ ਦੇਣ ਅਤੇ ਦਾਜ ਲੈਣ ਦਾ ਵਿਧਾਨ ਚਲਿਆ ਆ ਰਿਹਾ ਹੈ, ਗੁਰੂ ਸਾਹਿਬ ਦੀ ਬਾਣੀ ਅਜਿਹੇ ਕਿਸੇ ਵੀ ਵਿਧਾਨ ਦੀ ਪ੍ਰੋੜ੍ਹਤਾ ਬਿਲਕੁਲ ਨਹੀਂ ਕਰਦੀ। 'ਭਾਵੇਂ ਕਈ ਵਾਰ ਦੁਨਿਆਵੀ ਰਸਮਾਂ ਨੂੰ ਨਿਭਾਉਣ ਲਈ ਕੁਝ ਲੋੜੀਂਦੀਆਂ ਵਸਤਾਂ ਨੂੰ ਦੇਣ ਦੀ ਪ੍ਰੰਪਰਾ ਚਲੀ ਆਉਦੀਂ ਹੈ ਪਰ ਇਹ ਕੇਵਲ ਰਸਮੀ ਤੌਰ 'ਤੇ ਹੈ ਨਾ ਕਿ ਲਾਲਚ ਵੱਸ ਕਿਸੇ ਕੋਲੋਂ ਵੱਡੀ ਰਕਮ ਜਾ ਵਸਤਾਂ ਦੀ ਲਾਲਸਾ ਰਖਣੀ।'[33] ਗੁਰੂ ਰਾਮਦਾਸ ਨੇ ਇਸ ਪ੍ਰਕਾਰ ਦਾ ਦਾਨ ਦੇਣ ਸੰਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ:

ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰ ਸਤਿਗੁਰ ਦਾਨੁ ਦਿਵਾਇਆ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥ [34]

**ਰਾਜਨੀਤਕ ਵਿਵਸਥਾ:** ਕਿਸੇ ਵੀ ਸਭਿਆਚਾਰ ਦੇ ਮੁੱਲਾਂ ਨੂੰ ਰਾਜਿਆਂ ਦੀ ਨੀਤੀ/ਰਾਜਨੀਤੀ ਅਵੱਸ਼ ਪ੍ਰਭਾਵਿਤ ਕਰਦੀ ਹੈ ਕਿਉਂਕਿ ਕਿਸੇ ਵਿਸ਼ੇਸ਼ ਭੂ-ਖੰਡ ਵਿਚ ਵਿਚਰਨ ਵਾਲੇ ਲੋਕ ਕਿਸੇ ਰਾਜ ਨਾਲ ਸੰਬੰਧਿਤ ਹੁੰਦੇ ਹਨ ਅਤੇ ਰਾਜ ਉੱਤੇ ਰਾਜਿਆਂ ਦੇ ਹੁਕਮ ਬਿਨਾਂ ਪੱਤਾ ਵੀ ਨਹੀ ਸੀ

ਝੁਲਦਾ। 'ਸਮਕਾਲੀ ਸ਼ਾਸਕ ਪ੍ਰਤਖ ਅਤੇ ਪਰੋਖ ਢੰਗ ਨਾਲ ਕਿਸੇ ਵੀ ਸਭਿਆਚਾਰ ਨੂੰ ਮਾੜੇ ਜਾਂ ਚੰਗੇ ਢੰਗੇ ਵਤੀਰੇ ਰਾਹੀਂ ਪ੍ਰਭਾਵਿਤ ਕਰਦੇ ਰਹੇ ਹਨ।'ਡਾ. ਮਨਮੋਹਨ ਸਹਿਗਲ ਦਾ ਕਥਨ ਠੀਕ ਜਾਪਦਾ ਹੈ ਕਿ ਰਾਜਨੀਤਕ ਮੁੱਲ ਵੀ ਸੰਸਕ੍ਰਿਤੀ ਕਾ ਅੰਗ ਹੈ, ਇਸਦਾ ਪਰਿਸ਼ੋਧ-ਪਰਿਵਰਤਨ ਬਾਹਰੀ ਢਾਂਚੇ ਕੋ ਅਪਰਿਵਰਤਿਤ ਬਣਾਏ ਰਖਤੇ ਹੁਏ ਭੀ ਲੋਕ-ਜੀਵਨ ਕੇ ਸੰਸਕਾਰੋ ਕੋ ਪ੍ਰਭਾਵਿਤ ਕਰਤਾ ਹੈ।'[35] ਅਤੇ ਅਜਿਹੇ ਸ਼ਾਸਕਾਂ ਦੀ ਪੜ੍ਹੋਤਾ ਗੁਰਬਾਣੀ ਵਿਚ ਕਈ ਵਾਰ ਕੀਤੀ ਹੈ।

ਸਮਕਾਲੀ ਸਭਿਆਚਾਰ ਵਿਚ ਰਾਜ ਅਭਿਮਾਨ ਨਾਲ ਆਫਰਿਆਂ, ਰਾਜ-ਪਾਟ ਅਤੇ ਸਿੰਘਾਸਣਾਂ ਨੂੰ ਜੱਦੀ ਮਲਕੀਅਤ ਸਮਝਣ ਵਾਲਿਆਂ, ਲਾਮ ਲਸ਼ਕਰ ਅਤੇ ਬਾਗ ਮਿਲਖਾਂ ਨੂੰ ਸਦੀਵੀ ਸੱਚਾਈ ਸਮਝਣ ਵਾਲੇ ਅਭਿਮਾਨੀਆਂ ਨੂੰ ਬਾਣੀ ਵਿਚ 'ਕੂੜ ਰਾਜਾ ਕੂੜ ਪਰਜਾ' ਕਹਿਕੇ ਸੰਬੋਧਿਤ ਕੀਤਾ ਹੈ। ਗੁਰੂ ਰਾਮਦਾਸ ਇਸ ਸੰਬੰਧੀ ਫਰਮਾਉਂਦੇ ਹਨ:

ਗੜ ਮੰਦਰ ਗਚ ਗੀਰੀਆ ਕਿਛੁ ਸਾਥਿ ਨ ਜਾਈ ॥
ਸੋਇਨ ਸਾਖਿਤ ਪਉਣ ਵੇਗ ਧ੍ਰਿਗੁ ਧ੍ਰਿਗੁ ਚਤੁਰਾਈ ॥ [36]

**ਖਾਣ-ਪੀਣ:** ਖਾਣਾ-ਪੀਣਾ ਸਾਡੇ ਸ਼ਰੀਰ ਦੀਆਂ ਅਤਿ ਜ਼ਰੂਰੀ ਵਸਤਾਂ ਹਨ ਕਿਉਂਕਿ ਇਸ ਤੋਂ ਬਿਨਾਂ ਸਾਡਾ ਸ਼ਰੀਰ ਕਾਰਜ ਨਹੀਂ ਕਰ ਸਕਦਾ। ਭਾਵੇਂ ਖਾਣਾ-ਪੀਣਾ ਸਾਡਾ ਪ੍ਰਾਨ ਅਧਾਰ ਹੈ ਪਰੰਤੂ ਜੀਵਨ ਦਾ ਅੰਤਿਮ ਲਕਸ਼ ਨਹੀਂ ਕਿਉਂਕਿ ਜਦੋਂ ਇਹ ਅੰਤਮ ਲਕਸ਼ ਬਣ ਗਿਆ ਫਿਰ ਸਭ ਵਿਅਰਥ ਹੋ ਨਿਬੜ੍ਹਦਾ ਹੈ। ਸ਼ਰੀਰਕ ਲੋੜ ਅਨੁਸਾਰ ਕੇਵਲ ਜਿਉਂਦਿਆਂ ਰਹਿਣ ਲਈ ਖਾਣਾ ਗੁਰਬਾਣੀ ਵਿਚ ਕਿਤੇ ਵਰਜਿਤ ਨਹੀਂ।[37] ਗੁਰਬਾਣੀ ਅਲਪ ਅਹਾਰ[38] ਦੀ ਸਿਖਿਆ ਤਾਂ ਦ੍ਰਿੜ੍ਹਾਉਂਦੀ ਹੈ ਪਰੰਤੂ 'ਅੰਨਿ ਤਿਆਗਣ'[39] ਦੀ ਜਰੂਰਤ ਨਹੀਂ ਦਰਸਾਉਂਦੀ। ਗੁਰੂ ਰਾਮਦਾਸ ਨੇ ਬਾਣੀ ਵਿਚ ਜੀਵ ਨੂੰ ਖਾਣ, ਪੀਣ ਅਤੇ ਪਹਿਨਣ ਸੰਬੰਧੀ ਅਨੇਕਾਂ ਹੀ ਦ੍ਰਿਸ਼ਟਾਂਤ ਦਿੱਤੇ ਹਨ:

ਜੀਵਨ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ ॥੧॥ ਰਹਾਉ ॥
ਪੀਵਨਾ ਜਿਤੁ ਮਨੁ ਆਘਾਵੈ ਨਾਮ ਅੰਮ੍ਰਿਤ ਰਸੁ ਪੀਵਨਾ ॥੧॥
ਖਾਵਨਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ ਤ੍ਰਿਪਤੀਵਨਾ ॥੨
ਪੈਨਣਾ ਰਖੁ ਪਤਿ ਪਰਮੇਸੁਰ ਫਿਰਿ ਨਾਗੇ ਨਹੀ ਥੀਵਨਾ ॥੩॥ [40]
- ਆਪ ਪਕਾਵੈ ਆਪ ਭਾਂਡੇ ਦੇਇ ਪਰੋਸੇ ਆਪੇ ਹੀ ਬਹਿ ਖਾਵੈ ॥ [41]

'ਸਮਕਾਲੀ ਸਭਿਆਚਾਰ ਵਿਚ ਪ੍ਰਚਿਲਤ ਛੱਤੀ ਪ੍ਰਕਾਰ ਦੇ ਭੋਜਨਾਂ ਜਾਂ ਬਿੰਜਨਾ ਆਦਿ ਦਾ ਜ਼ਿਕਰ ਮਿਲਦਾ ਹੈ ਜੋ ਕਿ ਸੁਆਦ ਦੇ ਪੱਖ ਤੋਂ ਬੜ੍ਹੇ ਹੀ ਰੋਚਕ ਕਹੇ ਗਏ ਹਨ ਅਤੇ ਉਸ ਸਮੇਂ ਇਨ੍ਹਾਂ ਬਿੰਜਨਾਂ ਵਿਚ ਰਚਿਤ ਮਨੁੱਖ ਪ੍ਰਭੂ ਪ੍ਰਾਪਤੀ ਤੋਂ ਅਨਭੋਲ ਆਪਣਾ ਸਾਰਾ ਜੀਵਨ ਇਵੇਂ ਹੀ ਵਿਅਰਥ ਗਵਾਉਂਦਾ ਸੀ।[42] ਗੁਰੂ ਸਾਹਿਬਾਨ ਨੂੰ ਬੇ ਧਿਆਨ ਮਨੁਖਤਾ ਬਾਰੇ ਸੋਚਦਿਆਂ ਚਿੰਤਾ ਹੋਈ ਕਿਉਂਕਿ ਖਸਮ ਨੂੰ ਵਿਸਾਰ ਕੇ ਉਹ ਕੇਵਲ ਖਾਣ-ਪਾਨ ਨੂੰ ਹੀ ਪ੍ਰਾਥਮਿਕਤਾ ਦੇਣਿ ਪ੍ਰਤੀ



ਰੁਚਿਤ ਹੋ ਚੁਕੇ ਸਨ:

ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ ॥ [43]

**ਸ਼ਗਨ/ਅਪਸ਼ਗਨ:** ਕਿਸੇ ਵਿਸ਼ੇਸ਼ ਸਮੇਂ, ਖਾਸ ਦਿਨ ਅਤੇ ਖ਼ਾਸ ਮਹੂਰਤ 'ਤੇ ਕਿਸੇ ਕਾਰਜ ਨੂੰ ਸ਼ਗਨ ਅਤੇ ਮਾੜੇ ਜਾਂ ਅਸ਼ੁੱਭ ਦਿਨ ਕੋਈ ਕਾਰਜ ਕਰਨਾ ਅਪਸ਼ਗਨ ਸਮਝਿਆ ਜਾਂਦਾ ਹੈ ਇਹ ਧਾਰਨਾ ਅਜੋਕੀ ਨਹੀਂ, ਸਮਕਾਲੀ ਸਭਿਆਚਾਰ ਵਿਚ ਸਗੋਂ ਅੱਜ ਨਾਲੋਂ ਵੀ ਸਖ਼ਤੀ ਨਾਲ ਲਾਗੂ ਸੀ। 'ਵਿਸ਼ੇਸ਼ ਥਿੱਤ, ਵਾਰ, ਰੁੱਤ, ਅਤੇ ਘੜੀ ਨੂੰ ਨਿਰਧਾਰਿਤ ਕਰਨ ਲਈ ਤਕੜੀ ਦਕਸ਼ਣਾ ਦਾ ਵਿਧਾਨ ਵੀ ਮੌਜੂਦ ਸੀ। ਕੋਈ ਸਨਿਵਾਰ ਨੂੰ ਬਦਸ਼ਗਨੀ ਸਮਝਦਾ ਸੀ ਅਤੇ ਕੋਈ ਐਤਵਾਰ ਨੂੰ। ਇਵੇਂ ਦਿਨਾਂ, ਵਾਰਾਂ, ਸ਼ਗਨਾਂ, ਅਪਸ਼ਗਨਾਂ ਨਾਲ ਸੰਬੰਧਿਤ ਕਰਨ ਵਾਲਿਆਂ ਨੂੰ ਗੁਰੂ ਰਾਮਦਾਸ ਵਿਵੇਕਮਈ ਢੰਗ ਨਾਲ ਸਮਝਾਂਉਦੇ ਹਨ:

ਸਾ ਵੇਲਾ ਸੋ ਮੂਰਤ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੜੀਏ
ਜਿਤੁ ਹਰਿ ਮੇਰਾ ਚਿਤਿ ਆਵੈ ਰਾਮੁ ॥ [44]

**ਅਮਾਨਵੀ ਸ਼ਕਤੀਆਂ ਵਿਚ ਵਿਸ਼ਵਾਸ:** ਗੁਰਬਾਣੀ ਦਾ ਅਮਰ, ਅਟਲ ਅਤੇ ਅਨਾਦਿ ਸੰਦੇਸ਼ ਇਕ ਅਤੇ ਕੇਵਲ ਇਕ ਪਾਰਬ੍ਰਹਮ ਪ੍ਰਤਿ ਆਸਥਾ ਹੈ। ਉਸ ਸਰਬ-ਸਮਰਥ, ਸਰਬ-ਪ੍ਰਤਿਪਾਲਕ ਅਤੇ ਸਰਬ-ਸੰਚਾਲਕ ਪ੍ਰਭੂ ਦੀ ਸਰਵੋਤਮ ਅਤੇ ਸ੍ਰੇਸ਼ਟਤਮ ਰਚਨਾ ਮਾਨਵ ਹੈ। ਮਾਨਵ ਵਿਚਲੀਆਂ ਅਸੀਮ ਸੰਭਾਵਨਾਵਾਂ ਨੂੰ ਧਿਆਨਗੋਚਰ ਰਖਦਿਆਂ ਹੀ 'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ' ਦੀ ਸਿਖਿਆ ਦ੍ਰਿੜ ਕਰਵਾਈ ਹੈ। ਸਮਕਾਲੀ ਸਭਿਆਚਾਰ ਸਮੇਂ ਇਨ੍ਹਾਂ ਅਮਾਨਵੀ ਸ਼ਕਤੀਆਂ ਵਿਚ ਵਿਸ਼ਵਾਸ ਬਹੁਤ ਪ੍ਰਚਲਿਤ ਸੀ। ਜਾਦੂ ਟੂਣਾ, ਕਾਲਾ ਇਲਮ, ਭੂਤ-ਭ੍ਰੇਤ ਆਦਿ ਦੀਆਂ ਸ਼ਕਤੀਆਂ ਤੋਂ ਲੋਕ ਤ੍ਰਾਹ ਉਠਦੇ ਸਨ ਅਤੇ ਇਹ ਵਰਤਾਰਾ ਅੱਜ ਵੀ ਮਨੁੱਖੀ ਮਾਨਸਿਕਤਾ ਨਾਲ ਕਿਤੇ ਨਾ ਕਿਤੇ ਜੁੜਿਆ ਪ੍ਰਤੀਤ ਹੁੰਦਾ ਹੈ। 'ਗੁਰਬਾਣੀ ਵਿਚ ਭਾਵੇ ਇਨ੍ਹਾਂ ਦੀ ਹੋਂਦ ਸੰਬੰਧੀ ਦ੍ਰਿਸ਼ਟਾਂਤ ਮਿਲਦੇ ਹਨ ਪਰ ਇਹ ਉਨ੍ਹਾਂ ਲੋਕਾਂ ਨੂੰ ਲਗਦੇ ਹਨ ਜਿਨ੍ਹਾਂ ਦੇ ਚਿੱਤ ਵਿਚ ਪਰਮਾਤਮਾ ਨਹੀਂ ਵਸਦਾ।'[45] 'ਤਤਕਾਲੀਨ ਸਭਿਆਚਾਰ ਵਿਚ ਲੋਕ-ਮਾਨਸ ਨਾਲ ਜੁੜ ਚੁਕੀਆਂ ਬਹੁਤ ਸਾਰੀਆਂ ਛੋਟੀਆਂ ਮੋਟੀਆਂ ਅਮਾਨਵੀ ਸ਼ਕਤੀਆਂ ਦੀ ਗੱਲ ਤਾਂ ਇਕ ਪਾਸੇ ਰਹੀ, ਗੁਰਬਾਣੀ ਤਾਂ ਬ੍ਰਹਮ, ਸਿਧ ਸਾਧਿਕਾਂ, ਦਸ ਅਵਤਾਰ, ਮਹਾਂਦੇਵ ਅਤੇ ਰਾਜਿਆਂ ਮਹਾਰਾਜਿਆਂ ਦੀ ਸ਼ਕਤੀ ਨੂੰ ਵੀ ਵਿਅਰਥ ਦਸਦੀ ਹੈ।[46] ਗੁਰਬਾਣੀ ਕੇਵਲ ਇਕ ਪਰਮਾਤਮਾ ਦੀ ਬੰਦਗੀ ਕਰਨ ਦੀ ਪ੍ਰੇਰਨਾ ਦਿੰਦੀ ਹੈ। ਗੁਰੂ ਰਾਮਦਾਸ ਅਨੁਸਾਰ:

ਸੰਕਰ ਕ੍ਰੋੜਿ ਤੇਤੀਸ ਧਿਆਇਓ ਨਹੀ ਜਾਨਿਓ ਹਰਿ ਮਰਮਾਮ ॥
ਸੁਰਿ ਨਰ ਗਣ ਗੰਧ੍ਰਬ ਜਸੁ ਗਾਵਹਿ ਸਭ ਗਾਵਤ ਜੇਤ ਉਪਾਮ ॥ [47]

**ਗ੍ਰਿਹਸਤ ਜੀਵਨ ਦੀ ਉੱਚਮਤਾ:** ਘਰ ਗ੍ਰਿਹਸਥੀ ਦੀ ਸਰਵੋਤਮ ਅਤੇ ਸ੍ਰੇਸ਼ਠਤਾ ਦ੍ਰਿੜਾ ਕੇ

ਗੁਰਬਾਣੀ ਨੇ ਸਿੱਖ ਸਮਾਜ ਨੂੰ ਹੀ ਨਹੀਂ ਭਾਰਤੀ ਸਭਿਆਚਾਰ ਨੂੰ ਇਕ ਬਹੁਤ ਵੱਡੀ ਦੇਣ ਦਿੱਤੀ ਹੈ। ਗੁਰੂ ਸਾਹਿਬ ਅਨੁਸਾਰ ਸਮਾਜ ਅਤੇ ਘਰ ਨਾਲ ਗਹਿਰਾ ਨਾਤਾ ਰਖਦਿਆਂ ਅਤੇ ਇਸੇ ਕੁਟੰਬ ਵਿਚ ਵਿਚਰਦਿਆਂ ਜੀਵਨ ਮੁਕਤੀ ਹਾਸਲ ਕੀਤੀ ਜਾ ਸਕਦੀ ਹੈ। ਸੰਨਿਆਸ[48] ਲੈ ਕੇ, ਵੈਰਾਗੀ ਹੋ ਕੇ ਘਰ ਤਿਆਗਣਾ ਗੁਰਮਤਿ ਦਾ ਮਾਰਗ ਨਹੀਂ, ਸਗੋਂ ਗੁਰਬਾਣੀ ਤਾਂ ਸਭਿਆਚਾਰਕ ਤਾਣੇ ਬਾਣੇ ਵਿਚ ਰਹਿੰਦਿਆਂ ਘਾਲ ਕਮਾਈ ਕਰਨ, ਨਾਮ ਜਪਣ ਅਤੇ ਕਿਰਤ ਕਰਕੇ ਵੰਡ ਛਕਣ ਦਾ ਸਿਧਾਂਤ ਦੀ ਪ੍ਰਤੀਪਾਦਨਾ ਕਰਦੀ ਹੈ। ਗੁਰੂ ਰਾਮਦਾਸ ਤਾਂ ਆਪਣੇ ਭਗਤਾਂ ਨੂੰ ਪਰਿਭਾਸ਼ਿਤ ਹੀ ਇਵੇਂ ਕਰਦੇ ਹਨ:

> ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ਵਿਚੇ ਗ੍ਰਿਸਤ ਉਦਾਸ ਰਹਾਈ ॥ [49]

ਗੁਰੂ ਸਾਹਿਬ ਦੇ ਸਮਕਾਲੀ ਸਮਾਜ ਵਿਚ ਗ੍ਰਿਹਸਥ ਦੀ ਸ੍ਰੇਸ਼ਟਤਾ ਨੂੰ ਵਾਰ ਵਾਰ ਬਿਆਨਣ ਪਿੱਛੇ ਕੁਝ ਵਿਸ਼ੇਸ਼ ਕਾਰਨ ਹਨ। ਗੁਰੂ ਸਾਹਿਬ ਦੇ ਸਮਕਾਲੀ ਸਭਿਆਚਾਰ ਵਿਚ ਯੋਗੀਆਂ, ਸੰਨਿਆਸੀਆਂ, ਜਤੀਆਂ ਅਤੇ ਤਪਸਵੀਆਂ ਦਾ ਬੋਲਵਾਲਾ ਵਧੇਰੇ ਸੀ ਜੋ ਸਮਾਜ ਨੂੰ ਵੱਡੀ ਢਾਹ ਲਾ ਰਹੇ ਸਨ। ਗ੍ਰਿਹਸਤ ਤਿਆਗ ਦੇ ਦੌਰਾਨ ਜਿੰਨੀ ਨਿਰਾਦਰੀ ਗ੍ਰਿਹਸਥ ਤੇ ਗ੍ਰਿਹਣੀ ਦੀ ਨਾਥ ਯੋਗੀਆਂ ਦੇ ਸਮੇਂ ਹੋਈ ਹੈ ਇਹ ਸਭਿਆਚਾਰ ਵਿਧਾਨ ਦਾ ਕਾਲਾ ਕਾਂਡ ਆਖਿਆ ਜਾ ਸਕਦਾ ਹੈ। ਇਸ ਲਈ ਗੁਰੂ ਰਾਮਦਾਸ ਨੇ ਸਿੱਖ ਨੂੰ ਗ੍ਰਿਹਸਥੀ ਹੋਣ ਦਾ ਆਦੇਸ਼ ਕੀਤਾ ਅਤੇ ਵੈਰਾਗ ਧਾਰਨ ਦੀ ਸਪਸ਼ਟ ਸ਼ਬਦਾਂ ਵਿਚ ਨਿੰਦਾ ਕੀਤੀ ਹੈ।

> ਤਜੈ ਗਿਰਸਤੁ ਭਇਆ ਬਨ ਵਾਸੀ ॥
> ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥
> ਧਾਵਤ ਧਾਇ ਤਦੇ ਘਰਿ ਆਵੈ ॥
> ਹਰਿ ਹਰਿ ਸਾਧੂ ਸਰਣਿ ਪਵਈਆ ॥
> ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤ ਕਰਈਆ ॥
> ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦ ਨਿਰਾਸ ਸੁਖੁ ਲਹੀਐ ॥ [50]

**ਲੋਕ-ਲਾਜ:** ਸਮਕਾਲੀ ਸਭਿਆਚਾਰ ਦਾ ਲੋਕ ਹਿਰਦਾ ਕੇਬਲ ਅਡੰਬਰ ਅਤੇ ਲੋਕਾਚਾਰ ਨੂੰ ਮਹਤੱਵ ਦੇਣ ਲਗਿਆ ਸੀ। ਧਰਮ, ਮਰਿਯਾਦਾ ਅਤੇ ਅਖੌਤੀ ਆਦਰਸ਼ਾਂ ਦੀ ਪਾਲਣਾ ਦਰਸ਼ਕਾਂ ਨੂੰ ਰਿਝਾਉਣ ਅਤੇ ਭਟਕਾਉਣ ਲਈ ਕੀਤੀ ਹੁੰਦੀ ਸੀ। ਅੰਦਰਲਾ ਮਨ ਬਗਾਵਤ ਕਰਦਾ ਸੀ। 'ਪਰ ਤੱਤਕਾਲੀ ਸਮਾਜਿਕ ਵਿਧਾਨ ਵਿਚ ਦੱਸੀ ਗਈ ਘਾਟ ਦਾ ਸਪਸ਼ਟ ਅਨੁਭਵ ਕਰਨ ਵਾਲੇ ਸ਼ਾਇਦ ਸਮਾਜ ਨੂੰ ਨਾ ਬਦਲਣ ਯੋਗ ਮੰਨ ਕੇ ਸਿਰ ਨੀਵੇਂ ਕਰਕੇ ਹੀ ਬੈਠੇ ਰਹਿੰਦੇ ਸਨ। ਸੁਧਾਰ ਲਈ ਕੁਝ ਨਹੀਂ ਕਰਦੇ ਸਨ। ਦੁਨੀਆਂ ਨੂੰ ਖੁਸ਼ ਕਰਨ ਲਈ ਥੋੜ੍ਹਾ ਜਿਹਾ ਅਡੰਬਰ ਰਚਾ ਕੇ ਉਹ ਆਪਣੀ ਅੰਤਰ ਆਤਮਾ ਨੂੰ ਧੋਖਾ ਦਿੰਦੇ ਸਨ।'[51] ਅਜਿਹੇ ਸਮੇਂ ਬਾਣੀਕਾਰਾਂ ਦਾ ਸੁਧਾਰਕ ਦ੍ਰਿਸ਼ਟੀਕੋਣ ਜਨਤਾ ਨੂੰ ਕਿਸੇ ਝੂਠੇ ਭੁਲ-ਭੁਲਾਵੇ ਪ੍ਰਤੀ ਚੇਤੰਨ ਬਨਾਉਣ ਵਿਚ ਹੀ ਸਾਰਥਕ ਕਿਹਾ ਜਾ ਸਕਦਾ ਹੈ। ਉਨ੍ਹਾਂ ਨੇ ਪੂਰੇ ਜ਼ੋਰ ਨਾਲ ਦੁਨਿਆਵੀ ਝੂਠੇ ਮਾਣ ਨੂੰ ਤਿਆਗਣ ਦਾ ਸੰਦੇਸ਼ ਦਿੱਤਾ। ਗੁਰੂ ਰਾਮਦਾਸ ਅਨੁਸਾਰ ਲੋਕਾਂ ਨੂੰ ਭਟਕਾਉਣ ਅਤੇ ਵਿਖਾਵਾ ਕਰਨ ਨਾਲ ਕੀ ਲਾਭ? ਉਨ੍ਹਾਂ ਤੋਂ ਖੁਸ਼ ਹੋਣ ਅਤੇ ਪ੍ਰਸੰਸਾ ਕਰਨ ਨਾਲ ਜੀਵਨ ਰੂਪੀ ਡੋਰ ਦਾ ਸੱਚ ਨਾਲ ਬੰਧਨ ਸੰਭਵ ਨਹੀਂ ਹੁੰਦਾ, ਚੰਗਾ ਤਾਂ ਇਹ ਹੈ ਕਿ ਪਾਖੰਡਾਂ ਦਾ ਤਿਆਗ ਕਰਕੇ ਮਨ ਅੰਦਰ ਪ੍ਰਮਾਤਮਾ ਦਾ ਧਿਆਨ ਕਰੋ, ਇਹੋ ਸਰਬਪੱਖੀ ਜਿੱਤ ਹੈ:



> ਕਬ ਕੋਊ ਲੋਗਨ ਕਉ ਪਤੀਆਵੈ ਲੋਕਿ ਪਤੀਣੈ ਨਾ ਪਤਿ ਹੋਇ ॥
> ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਤਾ ਜੈ ਜੈ ਕਾਰ ਕਰੇ ਸਭ ਕੋਇ ॥ [52]

ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੁੰਦਾ ਹੈ ਕਿ ਸਮਕਾਲੀਨ ਸਮੇਂ ਸਿਰਜੀ ਗਈ ਇਸ ਮਹਾਨ ਰਚਨਾ ਨੇ ਉਸ ਸਮੇਂ ਸਭਿਆਚਾਰ ਦੇ ਹਰ ਉਸ ਪੱਖ, ਪਹਿਲੂ ਅਤੇ ਅੰਗ ਨੂੰ ਪ੍ਰਭਾਵਿਤ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਈ ਜਿਸ ਵਿਚ ਸਮੇਂ ਦੇ ਨਾਲ ਵਿਕਾਰ, ਅਨੈਤਿਕਤਾ, ਆਪੋਧਾਪੀ ਅਤੇ ਕੋਹੜ ਫੈਲ ਚੁਕਾ ਸੀ। ਕਿਸੇ ਵੀ ਪ੍ਰਫੁਲਿਤ ਸਭਿਆਚਾਰ ਨੂੰ ਪ੍ਰਭਾਵਿਤ ਕਰਨਾ ਜਾਂ ਬਦਲਣਾ ਐਡਾ ਸੌਖਾ ਕੰਮ ਨਹੀਂ ਕਿਉਂਕਿ ਕਿਸੇ ਵੀ ਸਭਿਆਚਾਰ ਦੀਆਂ ਜੜ੍ਹਾਂ ਸਮੂਹਿਕ ਜੀਵਨ ਦੇ ਧੁਰ ਅੰਦਰ ਤੱਕ ਖੁੱਬੀਆਂ ਹੰਦੀਆਂ ਹਨ ਜਿਨ੍ਹਾਂ ਨੂੰ ਕੁਰੇਦਣ ਜਾਂ ਉਖਾੜਣ ਲਈ ਖ਼ਾਸ ਜੁਗਤਾਂ, ਵਿਸ਼ੇਸ਼ ਯਤਨ ਕਰਨੇ ਪੈਂਦੇ ਹਨ। ਮੁਗ਼ਲ, ਤੁਰਕ, ਅਤੇ ਦੂਸਰੀਆਂ ਹਮਲਾਵਾਰ ਕੌਮਾ ਵੀ ਤਲਵਾਰ ਨਾਲ ਭਾਰਤੀ ਸਭਿਆਚਾਰ ਨੂੰ ਉਸ ਤੀਬਰਤਾ ਨਾਲ ਪ੍ਰਭਾਵਿਤ ਨਹੀਂ ਕਰ ਸਕੀਆਂ ਜਿੰਨਾ ਗੁਰੂ ਰਾਮਦਾਸ ਅਤੇ ਬਾਕੀ ਗੁਰੂਆਂ ਦੀ ਬਾਣੀ ਨੇ ਪ੍ਰੇਮ, ਪਿਆਰ, ਪ੍ਰੇਰਣਾ ਅਤੇ ਅਪਣਤ ਨਾਲ ਕਰ ਕੇ ਵਿਖਾਇਆ। ਇਥੇ ਇਹ ਗੱਲ ਕਹਿਣੀ ਵੀ ਅਤਕਥਨੀ ਨਹੀਂ ਹੋਵੇਗੀ ਕਿ ਭਾਵੇਂ ਗੁਰੂ ਰਾਮਦਾਸ ਅਤੇ ਬਾਕੀ ਬਾਣੀ ਰਚੇਤਿਆਂ ਨੇ ਸਮਕਾਲੀ ਸਭਿਆਚਾਰ ਵਿਚ ਆਈਆਂ ਗਿਰਾਵਟਾਂ ਦੀ ਭਰਪੂਰ ਅਲੋਚਨਾ ਕੀਤੀ ਹੈ ਪਰ ਅੱਜ ਵੀ ਸਿੱਖ ਧਰਮ ਵਿਚ ਇਨ੍ਹਾਂ ਪੌਰਾਣਿਕ ਰੀਤੀ ਰਿਵਾਜਾਂ ਦਾ ਬੋਲਬਾਲਾ ਹੈ। ਅੱਜ ਵੀ ਅਸੀਂ ਉਨ੍ਹਾਂ ਬਿਪਰਵਾਦੀ ਕੁਰੀਤੀਆਂ ਨੂੰ ਅਪਨਾਇਆ ਹੋਇਆ ਹੈ ਜਿਸ ਸੰਬੰਧੀ ਗੁਰੂ ਸਾਹਿਬਾਨ ਨੇ ਅਸਾਂ ਨੂੰ ਵਰਜਿਤ ਕੀਤਾ ਸੀ। ਸੋ ਅੱਜ ਲੌੜ ਹੈ ਗੁਰਮਤਿ ਦੇ ਸਿਧਾਂਤਾ ਨੂੰ ਅਪਨਾਉਣ ਅਤੇ ਆਪਣੇ ਜੀਵਨ ਵਿਚ ਧਾਰਨ ਕਰਨ ਦੀ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਅਸੀਂ ਸੁਚੱਜੀ ਸੇਧ ਦੇ ਸਕੀਏ।

**ਹਵਾਲੇ:**


1. ਬਲਦੇਵ ਸਿੰਘ ਬਲ, ਸਿੱਖ ਧਰਮ: ਸੰਖੇਪ ਜਾਣ ਪਛਾਣ, ਸਿਰਜਨਾ ਪ੍ਰੈਸ, ਨਵੀਂ, ਦਿੱਲੀ, 1986, ਪੰਨਾ 43.
2. ਸਿਮਰਜੀਤ ਸਿੰਘ (ਸੰਪਾ.), ਗੁਰਮਤਿ-ਦਰਸ਼ਨ ਅਤੇ ਸਿੱਖ-ਸੱਭਿਆਚਾਰ, ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2010, ਪੰਨਾ 96.

3. ਪਰਕਾਸ਼ ਸਿੰਘ, ਸਮਾਜ ਵਿਗਿਆਨ ਦਾ ਵਿਸ਼ਾ-ਕੌਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 86.
4. Culture is that complex, witch includes knowledge, belief, art, moral, law, custom and other capabilities and habit acquired by man as a member of socity.
   E.B.Taylor, Primitive Culture, Cambridge University Press, New York, 2010, p. 1.
5. Culture as the handwork of man and as medium through witch he achieves his ends.
   B. Malinovski, A scientific Theory of Culture, The University of North Carolina Press (U.S.A), 1961, p. 67.
6. Encyclopediea of Social Science, Public administration/Olena Y. Korchaka, Dilhi, 2008, p. 527.
7. William Raymond, Culture and Society, Middlesex: Penguin Books, 1961, p. 18.
8. ਅਮੋਲ. ਐਸ. ਐਸ, ਗੁਰੂ ਗ੍ਰੰਥ ਵਿਚ ਸਭਿਆਚਾਰਕ ਪੱਖ, ਪੰਨਾ 71.
9. ਅਮਰਜੀਤ ਸਿੰਘ, ਪੰਜਾਬੀ ਸਭਿਆਚਾਰਕ ਇਕ ਵਿਸ਼ਲੇਸ਼ਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 24.
10. ਅਲਪ ਅਹਾਰ ਸੁਲਪ ਸੀ ਨਿੰਦ੍ਰਾ' ਦਸਮ ਗ੍ਰੰਥ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 1215.
11. ਸੰਗ ਸਖਾ ਸਭਿ ਤਜਿ ਗਏ ਕੋਊ ਨਾ ਨਿਬਹਿਓ ਸਾਥ ॥
   ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥
   ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 1429.
12. ਸ੍ਰੀਮਤੀ ਵਿਦਿਆਵਤੀ, ਗੁਰੂ ਰਾਮਦਾਸ: ਜੀਵਨ ਤੇ ਬਾਣੀ, ਸੰਗਮ ਪਬਲੀਕੇਸ਼ਨ, ਸਮਾਣਾ, 2005, ਪੰਨਾ 75.
13. ਬਲਦੇਵ ਸਿੰਘ ਬਲ, ਸਿੱਖ ਧਰਮ: ਸੰਖੇਪ ਜਾਣ ਪਛਾਣ, ਪੰਨਾ 42.
14. ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 40.



15. ਕੁਲਵੰਤ ਕੌਰ, ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ, ਨਵਯੁਗ ਪਬਲੀਕੇਸ਼ਨ, ਦਿੱਲੀ, 1991, ਪੰਨਾ 42.
16. ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 48.
17. ਜੱਗੀ, ਰਤਨ ਸਿੰਘ, ਗੁਰੂ ਗ੍ਰੰਥ ਵਿਸ਼ਵ ਕੌਸ਼ (ਭਾਗ ਪਹਿਲਾ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 247.
18. ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 1308.
19. ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 651.
20. ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 374 .
21. ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਮਧਕਾਲੀਨ ਧਰਮ-ਸਾਧਨਾ, ਪੰਨਾ 108.
22. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਏਕ, ਸਾਂਸ਼ਕ੍ਰਿਤਕ ਸਰਵੇਕਸ਼ਣ, ਭਾਸ਼ਾ ਵਿਭਾਗ, 1971, ਪੰਨਾ 556 .
23. ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 1308.
24. ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 1069.
25. ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 732.
26. ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 1421.
27. ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 1376.
28. ਅਮੋਲ.ਐਸ.ਐਸ, ਬਾਬਾ ਫ਼ਰੀਦ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 43.
29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305.
30. 'ਲਾਵਾਂ' ਸੂਹੀ ਰਾਗ ਵਿਚ ਰਚਿਤ ਗੁਰੂ ਰਾਮਦਾਸ ਦੀ ਸ਼ਾਹਕਾਰ ਰਚਨਾ ਹੈ। ਇਸ ਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਦੁਨਿਅਵੀ ਵਿਆਹ ਵਿਚ ਕੀਤੀ ਜਾਂਦੀ ਚਾਰ ਫੇਰਿਆਂ (ਲਾਵਾਂ) ਦੀ ਰਸਮ ਦੇ ਸੰਦਰਭ ਨੂੰ ਲੈ ਕੇ ਜੀਵ ਇਸਤਰੀ ਅਤੇ ਪਰਮਾਤਮਾ ਦੇ ਮਿਲਾਪ ਦਾ ਅਧਿਆਤਮਿਕ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ।
31. ਹਰਿ ਪ੍ਰਭ ਕਾਜਿ ਰਚਾਇਆ ॥
   ਗੁਰਮੁਖਿ ਵੀਆਹਣਿ ਆਇਆ ॥
   ਸ੍ਰੀ ਗੁਰੂ ਗ੍ਰੰਥ ਸਹਿਬ, ਪੰਨਾ 774.
32. ਮਹਿੰਦਰ ਕੌਰ ਗਿੱਲ, ਆਦਿ ਗ੍ਰੰਥ: ਛੰਤ ਵਿਵੇਚਨ, ਪੰਜਾਬੀ ਰਾਈਟਰਜ ਕੋਆਪ੍ਰੇਟਿਵ ਇੰਡਸਟ੍ਰੀਅਲ ਸੋਸਾਇਟੀ, ਨਵੀਂ ਦਿੱਲੀ, 1978, ਪੰਨਾ 87

33. ਦਰਸ਼ਨ ਸਿੰਘ ਖ਼ਾਲਸਾ, ਅਨੰਦ ਕਾਰਜ, ਸਿੱਖ ਫਾਉਂਡੇਸ਼ਨ, ਨਿੰਉ ਦਿੱਲੀ, 2007, ਪੰਨਾ 114 .
34. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 78.
35. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਏਕ, ਸਾਂਸ਼ਕ੍ਰਿਤਕ ਸਰਵੇਕਸ਼ਣ, ਪੰਨਾ 116.
36. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1243.
37. ਸਿਮਰਜੀਤ ਸਿੰਘ (ਸੰਪਾ.), ਗੁਰਮਤਿ-ਦਰਸ਼ਨ ਅਤੇ ਸਿੱਖ-ਸੱਭਿਆਚਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2010, ਪੰਨਾ 103
38. ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਸਮ ਗ੍ਰੰਥ.
39. ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 905 .
40. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1019.
41. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 74.
42. Encyclopaedia of the Sikh literature (Vol. 2), Naba Bhai Kahan Singh, Publicatio Bureau Punjabi University, Patiala, 2008, p. 1230.
43. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305.
44. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 540.
45. ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥
ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 400.
46. ਕੁਲਵੰਤ ਕੌਰ, ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ, ਪੰਨਾ 119 .
47. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 719.
48. ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ ॥
ਪਰ ਤ੍ਰਿਅ ਤਿਆਗ ਕਰੀ ਬ੍ਰਹਮਚਾਰੀ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 117.
49. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 494.
50. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 835.
51. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ (ਇਕ ਸਭਿਆਚਾਰ ਸਰਵੇਖਣ), ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 643.
52. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 368.



# ਗੁਰੂ ਰਾਮਦਾਸ ਦੀ ਬਾਣੀ ਦਾ ਸਦਾਚਾਰਕ ਪੱਖ : ਇੱਕ ਅਧਿਐਨ

ਗੁਰਪ੍ਰੀਤ ਸਿੰਘ*

*

ਗੁਰੂ ਰਾਮਦਾਸ ਦਸ ਗੁਰੂ ਸਾਹਿਬਾਨ ਦੀ ਗੁਰੂ ਸੰਸਥਾ ਵਿੱਚੋਂ ਚੌਥੇ ਗੁਰੂ ਸਨ। ਗੁਰੂ ਰਾਮਦਾਸ ਨੇ ਗੁਰੂ ਨਾਨਕ ਦੇਵ ਦੁਆਰਾ ਆਰੰਭ ਕੀਤੇ ਸਮਾਜ ਸੁਧਾਰਕ ਕਾਰਜਾਂ ਦੇ ਨਾਲ-2 ਗੁਰਬਾਣੀ ਦੇ ਰੱਬੀ ਸੰਦੇਸ਼ ਰਾਹੀਂ ਸਮੁੱਚੇ ਜਗਤ ਦੀ ਰਹਿਨੁਮਾਈ ਕੀਤੀ। ਆਪ ਜੀ ਨੇ ਸਮਾਜ ਸੁਧਾਰਕ ਦੇ ਰੂਪ ਵਿਚ ਸਤੀ ਪ੍ਰਥਾ, ਦਾਜ ਪ੍ਰਥਾ ਦਾ ਡਟ ਕੇ ਵਿਰੋਧ ਕੀਤਾ। ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਕਰਨ ਉਪਰੰਤ 52 ਵੱਖ-ਵੱਖ ਕਿੱਤਿਆਂ ਨਾਲ ਸੰਬੰਧਿਤ ਵਪਾਰੀਆਂ ਨੂੰ ਸ਼ਹਿਰ ਵਿਚ ਵਪਾਰ ਕਰਨ ਲਈ ਵਸਾਇਆ, ਮਸੰਦ ਪ੍ਰਥਾ ਨੂੰ ਚਾਲੂ ਕਰਕੇ ਪ੍ਰਚਾਰ ਅਤੇ ਗੁਰੂ ਘਰ ਦੇ ਕਾਰਜਾਂ ਨੂੰ ਵਿਧੀਵਤ ਢੰਗ ਨਾਲ ਜਾਰੀ ਰੱਖਿਆ। ਬਾਣੀਕਾਰ ਦੇ ਰੂਪ 'ਚ ਵੀ ਗੁਰੂ ਰਾਮਦਾਸ ਨੇ ਸਮੁੱਚੇ ਜਗਤ ਦੀ ਪੈਰਵਾਈ ਕੀਤੀ। ਆਪ ਜੀ ਦੀ ਬਾਣੀ 'ਚ ਪ੍ਰਭੂ ਮਿਲਾਪ ਦੀ ਤੜਪ ਦੀ ਝਾਕ ਨਜ਼ਰ ਆਉਂਦੀ ਹੈ। ਅਨੇਕਾਂ ਹੋਰ ਵਿਸ਼ਿਆਂ ਦੇ ਨਾਲ-ਨਾਲ ਆਪ ਜੀ ਦੀ ਬਾਣੀ 'ਚ ਆਦਰਸ਼ਕ ਮਨੁੱਖ, ਨਿਆਇਸ਼ੀਲਤਾ ਅਤੇ ਸਦਾਚਾਰਕਤਾ ਦੀ ਭਰਪੂਰ ਵਿਚਾਰ ਕੀਤੀ ਗਈ ਹੈ।

ਮਨੁੱਖੀ ਜੀਵਨ ਦੇ ਇਤਿਹਾਸ ਵਿਚ ਕਈ ਧਰਮਾਂ ਨੇ ਜਨਮ ਲਿਆ ਤੇ ਆਪਣੇ ਧਾਰਮਿਕ ਵਿਰਸੇ ਨੂੰ ਸੰਸਾਰ ਨਾਲ ਸਾਂਝਾ ਕੀਤਾ ਕਿਉਂਕਿ ਧਰਮ ਅਤੇ ਸਮਾਜ ਇਕ ਦੂਜੇ ਦੇ ਪੂਰਕ ਹਨ। ਧਰਮ ਤੋਂ ਬਗੈਰ ਸਮਾਜ ਅਤੇ ਸਮਾਜ ਤੋਂ ਬਿਨਾਂ ਧਰਮ ਦੀ ਪਛਾਣ ਕਰਨੀ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੀ ਪ੍ਰਤੀਤ ਹੁੰਦੀ ਹੈ। ਸੰਸਾਰ ਵਿਚ ਪੈਦਾ ਹੋਏ ਧਰਮ ਅਤੇ ਧਾਰਮਿਕ ਸੰਗਠਨਾਂ ਨੇ ਸਮਾਜ ਵਿਚ ਨੈਤਿਕ ਗੁਣਾਂ ਦੀ ਅਧਾਰਸ਼ੀਲਾ 'ਤੇ ਸਦਾਚਾਰਕ ਮਨੁੱਖ ਬਣਾਉਣ ਲਈ ਸਿਧਾਂਤਕ ਰੂਪ ਵਿੱਚ ਅਨੇਕਾਂ ਯਤਨ ਕੀਤੇ ਕਿਉਂਕਿ ਸਦਾਚਾਰਕ ਗੁਣ ਹੀ ਮਨੁੱਖੀ ਜੀਵਨ ਦਾ ਆਧਾਰ ਹੁੰਦੇ ਹਨ। ਜੇਕਰ ਸਦਾਚਾਰਕ ਸ਼ਬਦ ਦੇ ਸ਼ਾਬਦਿਕ ਅਰਥ ਨੂੰ ਵੇਖੀਏ ਤਾਂ ਮਹਾਨ ਕੋਸ਼ ਵਿਚ ਇਸ ਦੇ ਅਰਥ- ਉੱਤਮ ਕ੍ਰਿਆ, ਨੇਕ ਚਲਣ, ਭਲਾ ਬਿਉਹਾਰ ਆਦਿ ਲਿਆ ਗਿਆ ਹੈ। 'ਸਦਾਚਾਰ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਅਰਥ ਹੈ ਚੰਗਾ ਆਚਰਣ, ਉੱਤਮ ਬਿਰਤੀ।[1] ਮਨੁੱਖ ਦਾ ਸੁਭਾਵਿਕ ਆਚਰਣ ਅਤੇ ਨਿਤਾਪ੍ਰਤੀ ਦੀਆਂ ਆਦਤਾਂ ਅਤੇ ਚੰਗੇ ਮਾੜੇ ਕੰਮਾਂ ਨੂੰ ਵਿਚਾਰਨ ਦੇ ਪ੍ਰਸੰਗ ਨੂੰ ਹੀ ਨੈਤਿਕਤਾ/ਸਦਾਚਾਰ ਕਿਹਾ ਜਾਂਦਾ ਹੈ। ਲਿੱਲੀ ਵਿਲੀਅਮ ਅਨੁਸਾਰ, "ਆਚਾਰ ਸ਼ਾਸਤਰ ਸਮਾਜ ਵਿਚ ਰਹਿੰਦੇ ਮਨੁੱਖਾਂ ਦੇ ਚੱਜ ਆਚਾਰ ਦਾ ਅਧਿਐਨ ਕਰਦਾ ਹੈ।"[2]

ਸਿੱਖ ਧਰਮ ਵਿਚ ਭਾਰਤ ਦੇ ਪ੍ਰਾਚੀਨ ਮਤਾਂ ਦੇ ਧਰਮਾਂ ਵਾਂਗ ਅਧਿਆਤਮਿਕ ਅਤੇ ਨੈਤਿਕ ਧਾਰਾਵਾਂ ਦਾ ਸੁਮੇਲ ਪ੍ਰਾਪਤ ਹੈ। 'ਭਗਵਤ ਗੀਤਾ' ਦੀ ਨੈਤਿਕਤਾ ਨਿਸ਼ਕਾਮ ਕਰਮ ਦਾ ਪ੍ਰਸਤਾਵ ਪੇਸ਼ ਕਰਦੀ ਹੈ, ਪਰ ਨਾਲ ਹੀ ਮੋਖ ਜਾਂ ਮੁਕਤੀ ਦਾ ਅਧਿਆਤਮਿਕ ਆਦਰਸ਼ ਵੀ ਪ੍ਰਸਤੁਤ ਕਰਦੀ ਹੈ। ਬੁੱਧ ਮਤ ਦਾ 'ਅਸ਼ਟ ਮਾਰਗ' ਨਿਰੋਲ ਨੈਤਿਕ ਮਰਯਾਦਾ ਹੈ, ਪਰ ਬੋਧੀ ਚਿੰਤਨ ਨਿਰਵਾਣ ਨੂੰ ਅੰਤਿਮ ਉਦੇਸ਼ ਮੰਨਦਾ ਹੈ, ਜੋ ਇਕ ਅਧਿਆਤਮਿਕ ਆਦਰਸ਼ ਹੈ, ਸਿੱਖ



ਮਤ ਦੀ ਜੀਵਨ ਜਾਂਚ ਇਕ ਵਿਸ਼ੇਸ਼ ਆਤਮਿਕ ਅਨੁਭਵ ਦੀ ਤਿਆਰੀ ਹੈ; ਇਹ ਅਨੁਭਵ ਆਪਣੇ ਆਪ ਵਿਚ ਨੈਤਿਕ ਨਹੀਂ, ਪਰ ਇਸ ਦੀ ਪ੍ਰਾਪਤੀ ਲਈ ਨੈਤਿਕ ਨਿਯਮਾਂ ਦੀ ਪਾਲਣਾ ਆਵੱਸ਼ਕ ਹੈ। ਗੀਤਾ ਦੇ 'ਸਥਿਤਪ੍ਰਗਿਆ' ਅਤੇ ਬੁੱਧ ਮਤ ਦੇ 'ਬੋਧਿਸੱਤਵ' ਵਾਂਗ ਸਿੱਖ-ਮਤ 'ਬ੍ਰਹਮ-ਗਿਆਨੀ' ਦਾ ਸੰਕਲਪ ਪੇਸ਼ ਕਰਦਾ ਹੈ, ਜਿਸ ਦੀ ਅਧਿਆਤਮਿਕ ਵਿਸ਼ੇਸ਼ਤਾ ਪ੍ਰਭੂ ਨਾਲ ਅਭੇਦਤਾ ਤੇ ਵਿਸਮਾਦ ਦਾ ਅਨੁਭਵ ਹੈ ਅਤੇ ਨੈਤਿਕ ਵਿਸ਼ੇਸ਼ਤਾ ਪਰਉਪਕਾਰੀ ਤੇ ਸਦਾਚਾਰਕ ਜੀਵਨ ਹੈ।[3] ਗੁਰਬਾਣੀ ਜਿਸ ਜੀਵਨ ਜਾਂਚ ਦੀ ਸਿੱਖਿਆ ਦਿੰਦੀ ਹੈ ਅਸਲ ਵਿੱਚ ਉਸਦਾ ਮੂਲ ਅਧਾਰ ਸਦਾਚਾਰ ਹੀ ਹੈ। ਇਹ ਸ਼ਬਦ ਜਿਥੇ ਧਰਮ ਨਾਲ ਸੰਬੰਧ ਰੱਖਦਾ ਹੈ ਉਥੇ ਸਮਾਜ ਵਿਚ ਵੀ ਇਸ ਦੇ ਯੋਗਦਾਨ ਨੂੰ ਵਿਸ਼ੇਸ਼ ਤੌਰ 'ਤੇ ਵਾਚਿਆ ਜਾਂਦਾ ਹੈ। ਨੈਤਿਕ ਸਿਧਾਂਤ ਗੁਰੂ ਗ੍ਰੰਥ ਸਾਹਿਬ ਦਾ ਮਹੱਤਵ ਭਰਿਆ ਅਤੇ ਅਨਿਖੜਵਾਂ ਅੰਗ ਹਨ। ਇਹ ਧਰਮ ਗ੍ਰੰਥ ਬਹੁਪੱਖੀ ਵਿਚਾਰਾਂ ਦਾ ਸੂਚਕ ਹੈ। ਇਹ ਨਾ ਕੇਵਲ ਸਾਡਾ ਸੰਬੰਧ ਸੂਖਮ ਅਤੇ ਅਧਿਆਤਮਿਕ ਮੰਡਲ ਨਾਲ ਜੋੜਦਾ ਹੈ ਸਗੋਂ ਇਸ ਵਿਚ ਆਏ ਨੈਤਿਕ ਸਿਧਾਂਤਾ ਨੂੰ ਦਰਸਾਉਂਦਾ ਤੇ ਉਨ੍ਹਾਂ ਦੇ ਅਨੁਸਰਣ ਦੀ ਮੰਗ ਵੀ ਕਰਦਾ ਹੈ।[4] ਗੁਰਬਾਣੀ ਵਿਚ ਮਨੁੱਖੀ ਜੀਵਨ ਦੇ ਅਧਿਆਤਮਿਕ ਅਤੇ ਸਮਾਜਿਕ ਦੋ ਪਹਿਲੂਆਂ ਦਾ ਵਰਨਣ ਕੀਤਾ ਗਿਆ ਹੈ। ਅਧਿਆਤਮਿਕ ਪਹਿਲੂ ਵਿਚ ਆਤਮਾ ਪਰਮਾਤਮਾ ਦਾ ਸੰਬੰਧ ਅਤੇ ਮਨੁੱਖੀ ਜਿੰਦਗੀ ਦਾ ਉਤਮ ਸੰਦੇਸ਼ ਦ੍ਰਿੜ ਕਰਾਇਆ ਗਿਆ ਹੈ। ਉਥੇ ਸਮਾਜਿਕ ਪਹਿਲੂ ਤੋਂ ਸੇਧ ਲੈ ਕੇ ਆਦਰਸ਼ ਜਾਂ ਸਦਾਚਾਰਕ ਮਨੁੱਖ ਬਣਨ ਦੀ ਆਸ ਵੀ ਕੀਤੀ ਜਾ ਸਕਦੀ ਹੈ। ਮਨੁੱਖ ਦੇ ਅਧਿਆਤਮਿਕ ਪਹਿਲੂ ਦੀ ਪਰਖ ਉਸਦੇ ਸਮਾਜਿਕ ਜੀਵਨ ਤੋਂ ਹੀ ਹੁੰਦੀ ਹੈ, ਜਿਸ ਬਾਰੇ ਅਸੀਂ ਗੁਰੂ ਨਾਨਕ ਦੇਵ ਦੀ ਬਾਣੀ 'ਚੋਂ ਵੇਖ ਸਕਦੇ ਹਾਂ ਕਿਉਂਕਿ ਗੁਰੂ ਜੀ ਨੇ 'ਵਿਣੁ ਗੁਣ ਕੀਤੇ ਭਗਤਿ ਨ ਹੋਇ'।[5] ਅਤੇ 'ਬਿਨ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ'।[6] ਪ੍ਰਭੂ ਭਗਤੀ ਤੋਂ ਪਹਿਲਾਂ ਰਾਹ ਸ਼ੁਭ ਕਰਮ, ਚੰਗੇ ਅਮਲ ਅਤੇ ਸਚੁ ਨੂੰ ਹੀ ਪਰਵਾਨਿਆ ਗਿਆ ਹੈ-

ਅਮਲ ਕਰਿ ਧਰਤੀ ਬੀਜ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ।
ਹੋਇ ਕਿਰਸਾਣ ਈਮਾਣ ਜੰਮਾਇ ਲੈ ਭਿਸਤ ਦੋਜਕ ਮੂੜੇ ਏਵ ਜਾਣੀ ॥[7]

ਗੁਰਬਾਣੀ ਮਨੁੱਖ ਨੂੰ 'ਸੁਣਿਆ ਮੰਨਿਆ ਮਨਿ ਕੀਤਾ ਭਾਉ' ਤੇ ਅਮਲ ਕਰਨ ਲਈ ਜ਼ੋਰ ਦਿੰਦੀ ਹੈ। ਗੁਰਬਾਣੀ ਮੁਤਾਬਿਕ ਧਾਰਮਿਕ ਗ੍ਰੰਥਾਂ ਨੂੰ ਸੁਣਨ ਜਾਂ ਪੜ੍ਹਣ ਨਾਲ ਹੀ ਸੱਚੇ ਆਦਰਸ਼ ਦੀ ਪ੍ਰਾਪਤੀ ਨਹੀਂ ਹੋ ਸਕਦੀ, ਜਿਨ੍ਹਾਂ ਸਮਾਂ ਉਨ੍ਹਾਂ ਦੀ ਵਿਚਾਰਧਾਰਾ ਨੂੰ ਅਮਲੀ ਜਾਮਾ ਨਾ ਪਹਿਨਾਇਆ ਜਾਵੇ। ਗੁਰੂ ਰਾਮਦਾਸ ਦੱਸਦੇ ਹਨ ਕਿ ਨੇਕ ਅਮਲਾਂ ਦਾ ਕਮਾਉਣਾ ਹੀ ਸ੍ਰੇਸ਼ਟ ਮਾਲਾ ਹੈ। ਇਸ ਸ੍ਰੇਸ਼ਟ ਮਾਲਾ ਨੂੰ ਆਪਣੇ ਹਿਰਦੇ ਅੰਦਰ ਵਸਾਓ।[8]

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਨੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ

ਰਿਸਰਚ ਸਕਾਲਰ, ਸ੍ਰੀ ਗੁਰੂਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਿਧਾਂਤ ਦੇ ਕੇ ਸਦਾਚਾਰਕ ਗੁਣਾਂ ਦੀ ਸਿਧਾਂਤਕ ਰੂਪ 'ਚ ਨੀਂਹ ਰੱਖੀ। ਇਸ ਕਾਰਜ ਨੂੰ ਬਾਕੀ ਗੁਰੂ ਸਾਹਿਬਾਨ, ਭਗਤ ਅਤੇ ਭੱਟ ਸਾਹਿਬਾਨ ਦੁਆਰਾ ਵੀ ਅੱਗੇ ਤੋਰਿਆ ਗਿਆ। ਸਦਾਚਾਰਕ ਪੱਖ ਤੋਂ ਗੁਰਬਾਣੀ 'ਚ ਨਾਮ ਸਿਮਰਨ, ਜਤੁ-ਸਤੁ, ਸਬਰ-ਸੰਤੋਖ, ਦਇਆ, ਧਰਮ, ਨਿਮਰਤਾ, ਪ੍ਰੇਮ ਅਤੇ ਸਹਿਜ ਨੂੰ ਅਪਨਾਉਣ ਦੀ ਗੱਲ ਕੀਤੀ ਗਈ ਹੈ। ਜੇਕਰ ਵਿਵਹਾਰਕ ਨੈਤਿਕ ਗੁਣਾਂ ਦੀ ਗੱਲ ਕਰੀਏ ਤਾਂ ਸਤਿਸੰਗਤ, ਸੇਵਾ, ਸਮਾਨਤਾ, ਨਿਆਂ, ਧਰਮ ਦੀ ਕਿਰਤ ਤੇ ਸੰਸਾਰਕ ਜਿੰਮੇਵਾਰੀਆਂ ਨੂੰ ਵੀ ਨਿਭਾਉਣਾ ਹੈ ਪਰ ਇਸ ਦੇ ਉਲਟ ਨਿੰਦਿਆ, ਚੁਗਲੀ, ਝੁਠ, ਚੋਰੀ, ਅਹੰਕਾਰ, ਲੜਾਈ ਝਗੜਾ, ਈਰਖਾ ਦਵੈਤ, ਕਪਟ, ਲੋਭ ਲਾਲਚ, ਅਨਿਆਂ ਆਦਿ ਅਨੈਤਿਕ ਗੁਣਾਂ ਤੋਂ ਵਰਜਿਆ ਹੈ।

ਸਦਾਚਾਰਕ ਗੁਣ ਕੀ ਹਨ? ਕੋਸ਼ਗਤ ਅਰਥ ਅਤੇ ਵੱਖ-ਵੱਖ ਧਰਮਾਂ ਵਿਚ ਸਦਾਚਾਰਕ ਗੁਣਾਂ ਦੇ ਮਹੱਤਵ ਨੂੰ ਦਰਸਾਉਂਦਿਆਂ ਗੁਰਬਾਣੀ ਦਾ ਪਰਮ ਉਪਦੇਸ਼ ਜੋ ਨੈਤਿਕ ਗੁਣਾਂ ਵੱਲ ਪ੍ਰੇਰਦਾ ਹੈ ਅਤੇ ਅਨੈਤਿਕ ਗੁਣਾਂ ਤੋਂ ਵਰਜਦਾ ਹੈ ਦੀ ਵਿਚਾਰ ਆਪਾਂ ਪਿੱਛੇ ਕਰ ਆਏ ਹਾਂ ਅਤੇ ਹੁਣ ਅੱਗੇ ਅਸੀਂ ਗੁਰੂ ਰਾਮਦਾਸ ਦੀ ਰਚਿਤ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ 31 ਰਾਗਾਂ ਵਿਚੋਂ 30 ਰਾਗਾਂ ਵਿਚ ਸ਼ੁਸ਼ੋਭਿਤ ਹੈ ਦੇ ਸਦਾਚਾਰਕ ਪੱਖ ਦਾ ਅਧਿਐਨ ਕਰਾਂਗੇ।

ਗੁਰੂ ਰਾਮਦਾਸ ਦੀ ਸੰਪੂਰਨ ਬਾਣੀ ਬੁਨਿਆਦੀ ਤੌਰ 'ਤੇ ਅਧਿਆਤਮਿਕ ਰਚਨਾ ਹੈ। ਇਸ ਵਿਚ ਪਰਮਾਤਮਾ, ਪ੍ਰਕਿਰਤੀ, ਮਨੁੱਖ ਅਤੇ ਇਨ੍ਹਾਂ ਦੇ ਆਪਸੀ ਸੰਬੰਧਾਂ ਦੀ ਅਧਿਆਤਮਿਕ ਅਤੇ ਸਮਾਜਿਕ ਦ੍ਰਿਸ਼ਟੀ ਤੋਂ ਵਿਚਾਰ ਕੀਤੀ ਗਈ ਹੈ ਅਤੇ ਨਾਲ ਹੀ ਉਨ੍ਹਾਂ ਦੀ ਬਾਣੀ ਵਿਚ ਗੁਰਸਿੱਖ ਦੀ ਨਿੱਤ ਦੀ ਮਰਿਯਾਦਾ 'ਗੁਰੂ ਸਤਿਗੁਰ ਕਾ ਜੋ ਸਿੱਖ ਅਖਾਏ ਸੁ ਭਲਕੇ ਉਇ ਹਰਿ ਨਾਮੁ ਧਿਆਵੈ।'[9] ਦੀ ਪ੍ਰੇਰਣਾ ਕਰਦਿਆਂ ਮਨੁੱਖੀ ਜੀਵਨ ਦੇ ਕਲਿਆਣ ਦੀ ਵਿਚਾਰ ਕੀਤੀ ਗਈ ਹੈ, ਜੋ ਸਦਾਚਾਰਕ ਗੁਣਾਂ ਵਿਚ ਇਕ ਸਾਧਨ ਵਜੋਂ ਵੇਖੀ ਜਾ ਸਕਦੀ ਹੈ। ਗੁਰੂ ਰਾਮਦਾਸ ਦੀ ਪਾਵਨ ਬਾਣੀ ਵਿਚੋਂ ਕੁਝ ਕੁ ਉਦਾਹਰਣਾਂ ਲੈ ਕੇ ਸਦਾਚਾਰਕ ਪੱਖ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਨਿਮਨ ਪ੍ਰਕਾਰ ਹੈ-

<u>ਨਿਮਰਤਾ</u>

ਬਾਣੀਕਾਰਾਂ ਨੇ ਨਿਮਰਤਾ ਨੂੰ ਸਦਾਚਾਰਕਤਾ ਦਾ ਸਰਵਉੱਚ ਗੁਣ ਸਵੀਕਾਰਦਿਆਂ ਇਸਨੂੰ ਗੁਣ ਚੰਗਿਆਈਆ ਤਤੋ ਦੀ ਸੰਗਿਆ ਦਿੱਤੀ ਹੈ। ਨਿਮਰਤਾ ਨਾਲ ਹੀ ਹੁਕਮ ਦੀ ਪਾਲਣਾ, ਹਉਮੈ ਦਾ ਤਿਆਗ, ਸੇਵਾ, ਦਯਾ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਪਰਮਾਤਮਾ ਦੇ ਨਾਮ ਵਿਚ ਸੁਰਤ ਵੀ ਲੱਗਦੀ ਹੈ। ਖਿਮਾ ਤੋਂ ਭਾਵ ਨਿਮਰਤਾ ਵੀ ਲਿਆ ਜਾ ਸਕਦਾ ਹੈ। ਆਪਣਾ ਆਪ ਨਾ ਜਨਾਉਣਾ, ਨਿਮਰਤਾ ਦੀ ਮਿਸਾਲ ਹੈ। ਗੁਰੂਰਾਮਦਾਸ ਪਾਵਨ ਗੁਰਬਾਣੀ ਵਿਚ ਕਹਿੰਦੇ ਹਨ।



ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥ [10]

ਗੁਰੂ ਰਾਮਦਾਸ ਦੀ ਪਾਵਨ ਬਾਣੀ ਵਿੱਚ ਨਿਮਰਤਾ ਦਾ ਰੂਪ ਬਾਰ-2 ਵੇਖਣ ਨੂੰ ਮਿਲਦਾ ਹੈ। ਗੁਰੂ ਰਾਮਦਾਸ ਆਪਣੇ ਮਨ ਨੀਵੇਂ ਦੀ ਪ੍ਰਸੰਗਕਤਾ ਗੁਰੂ ਅਮਰਦਾਸ ਪ੍ਰਤੀ ਵਿਅਕਤ ਕਰਦੇ ਹੋਇ ਦੱਸਦੇ ਹਨ ਕਿ ਮੇਰੇ ਵਿਚ ਬਹੁਤ ਅਉਗਣ ਭਰੇ ਹੋਏ ਹਨ ਇਨ੍ਹਾਂ ਅਉਗੁਣਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ।[11] ਪਰ ਇਹ ਅਉਗਣ ਗੁਰੂ ਨਾਲ ਮਿਲ ਕੇ ਮਿਟ ਜਾਂਦੇ ਹਨ।[12] ਇਸ ਲਈ ਗੁਰੂ ਰਾਮਦਾਸ ਬਾਰ-ਬਾਰ ਮਨ ਦੀ ਬੇਦਨਾ ਨੂੰ ਗੁਰੂ ਚਰਨਾਂ ਵਿਚ ਅਰਪਣ ਕਰਨ ਨੂੰ ਹੀ ਤਰਜੀਤ ਦਿੰਦੇ ਹਨ।[13] ਉਹ ਦੱਸਦੇ ਹਨ ਕਿ ਮੇਰੀ ਜਾਤ, ਪੱਤ ਸਭ ਕੁਝ ਗੁਰੂ ਹੀ ਹੈ ਮੈਂ ਗੁਰੂ ਨੂੰ ਹੀ ਆਪਣਾ ਸਿਰ ਦੇ ਚੁੱਕਾ ਹਾਂ।[14]

ਇਹ ਬਚਨ ਕੇਵਲ ਕਹਿਣ ਮਾਤਰ ਨਹੀਂ ਸਗੋਂ ਗੁਰੂ ਰਾਮਦਾਸ ਨੇ ਇਨ੍ਹਾਂ ਬਚਨਾਂ ਨੂੰ ਅਮਲੀ ਜਾਮਾ ਵੀ ਪਹਿਨਾਇਆ। ਸਿੱਖ ਇਤਿਹਾਸ ਵਿਚ ਇਸ ਤਰ੍ਹਾਂ ਦੀਆਂ ਕਈ ਸਾਖੀਆਂ ਗੁਰੂ ਰਾਮਦਾਸ ਨਾਲ ਸੰਬੰਧਿਤ ਹਨ ਜਿਵੇਂ ਗੁਰੂ ਅਮਰਦਾਸ ਵੱਲੋਂ ਥੜਾ ਬਣਾਉਣ ਦੀ ਸੇਵਾ ਨੂੰ ਵਾਰ-ਵਾਰ ਢਵਾਉਣਾ ਤੇ ਫੇਰ ਬਣਵਾਉਣਾ ਇਸ ਕਾਰਜ ਵਿਚ ਵੀ ਗੁਰੂ ਰਾਮਦਾਸ ਦੀ ਨਿਮਰਤਾ ਦਾ ਸਬੂਤ ਵੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਦਾ ਨਿਮਰਤਾ ਦਾ ਨਮੂਨਾ ਇਕ ਹੋਰ ਵੀ ਇਤਿਹਾਸ 'ਚ ਦਰਜ ਹੈ ਜਦੋਂ ਗੁਰੂ ਨਾਨਕ ਦੇਵ ਦੇ ਵੱਡੇ ਸਪੁੱਤਰ ਉਦਾਸੀ ਬਾਬਾ ਸ੍ਰੀ ਚੰਦ ਗੁਰੂ ਰਾਮਦਾਸ ਨੂੰ ਮਿਲਣ ਵਾਸਤੇ ਆਏ ਤਾਂ ਬਾਬਾ ਸ੍ਰੀ ਚੰਦ ਨੇ ਤਰਕ ਕਰਦਿਆਂ ਆਖਿਆ ਕਿ ਇਹ ਦਾਹੜਾ ਕਿਸ ਕਾਰਨ ਇਤਨਾਂ ਵਧਾਇਆ ਹੋਇਆ ਹੈ ਅਗੋਂ ਗੁਰੂ ਰਾਮਦਾਸ ਨੇ ਬੜੀ ਹੀ ਨਿਮਰਤਾ ਨਾਲ ਉੱਤਰ ਦਿੱਤਾ "ਆਪ ਵਰਗੇ ਗੁਰਮੁਖਾਂ ਦੇ ਚਰਨ ਝਾੜਨ ਲਈ ਵਧਾਇਆ ਹੋਇਆ ਹੈ।"[15]

<u>ਕਿਰਤ ਕਰਨੀ</u>

ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਨੇ ਕਿਰਤ ਕਰਨ ਉੱਪਰ ਜ਼ੋਰ ਦਿੱਤਾ ਹੈ ਕਿਉਂਕਿ ਉਹ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਸਨ ਕਿ ਵਿਹਲੜ ਤੇ ਨਿਕੰਮਾ ਵਿਅਕਤੀ ਆਪਣੇ ਨਾਲ-ਨਾਲ ਪਰਿਵਾਰ ਤੇ ਵੀ ਬੋਝ ਹੁੰਦਾ ਹੈ ਏਸੇ ਕਾਰਨ ਉਨ੍ਹਾਂ ਨੇ ਗੁਰਬਾਣੀ ਵਿੱਚ ਥਾਂ-ਥਾਂ ਤੇ ਕਿਰਤ ਕਰਨ ਅਤੇ ਨਾਮ ਜਪਣ ਨੂੰ ਵਿਅਕਤੀ ਦਾ ਸਦਾਚਾਰਕ ਗੁਣ ਦੱਸਿਆ ਹੈ।

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ॥ [16]

ਗੁਰੂ ਰਾਮਦਾਸ ਸਿੱਖਾਂ ਨੂੰ ਕਿਰਤ ਕਰਨ ਵੱਲ ਪ੍ਰੇਰਦੇ ਹੋਏ ਦੱਸਦੇ ਹਨ ਕਿ ਮਨੁੱਖ ਦੁਆਰਾ ਕੀਤੀ ਸੱਚੀ ਕਿਰਤ ਨੂੰ ਪਰਮਾਤਮਾ ਲੇਖੇ ਵਿਚ ਪਾ ਲੈਂਦਾ ਹੈ।[17] ਗੁਰੂ ਜੀ ਦੇ ਜੀਵਨ ਨਾਲ

ਸੰਬੰਧਿਤ ਕਿਰਤ ਕਰਨ ਦੀ ਸਾਖੀ ਸਾਨੂੰ ਦੱਸਦੀ ਹੈ ਕਿ ਗੁਰੂ ਸਾਹਿਬ ਨੇ ਆਪਣੇ ਬਚਪਨ ਵਿਚ ਮਾਤਾ-ਪਿਤਾ ਦਾ ਸਿਰ ਤੇ ਸਾਇਆ ਨਾ ਹੋਣ ਕਾਰਨ ਘੁੰਗਣੀਆਂ ਵੇਚ ਕੇ ਆਪਣੇ ਜੀਵਨ ਦਾ ਨਿਰਬਾਹ ਕੀਤਾ।

ਸੇਵਾ

ਸਦਾਚਾਰ ਦਾ ਇੱਕ ਮਹੱਤਵਪੂਰਨ ਅੰਗ ਸੇਵਾ ਨੂੰ ਵੀ ਪ੍ਰਵਾਨਿਆ ਗਿਆ ਹੈ। ਪ੍ਰਾਚੀਨ ਭਾਰਤੀ ਸਮਾਜ ਵਿੱਚ ਚਾਰ ਵਰਣਾਂ ਵਿੱਚੋਂ ਸੇਵਾ ਕਰਨ ਵਾਲੀ ਜਮਾਤ ਨੂੰ ਸ਼ੂਦਰ ਦਾ ਨਾਂ ਦਿੱਤਾ ਗਿਆ। ਇਸ ਜਮਾਤ ਦਾ ਕਰਮ ਬਾਕੀ ਤਿੰਨ (ਖੱਤਰੀ, ਬ੍ਰਾਹਮਣ ਤੇ ਵੈਸ਼) ਜਮਾਤਾਂ ਦੀ ਸੇਵਾ ਕਰਨਾ ਸੀ ਅਤੇ ਬਾਕੀ ਤਿੰਨਾਂ ਸ਼੍ਰੇਣੀਆਂ ਵੱਲੋਂ ਇਸ ਸ਼੍ਰੇਣੀ ਨੂੰ ਨਫ਼ਰਤ, ਫ਼ਿਟਕਾਰ ਆਦਿ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ ਪਰ ਸਿੱਖ ਧਰਮ ਵਿੱਚ ਸੇਵਾ ਕਰਨ ਵਾਲਾ ਭਾਈ ਲਹਿਣਾ ਗੁਰੂਅੰਗਦ ਬਣਿਆ ਤੇ ਭਾਈ ਅਮਰੂ ਗੁਰੂ ਅਮਰਦਾਸ ਬਣਿਆ। ਇਸ ਤਰ੍ਹਾਂ ਦੇ ਹੋਰ ਵੀ ਉਦਾਹਰਣ ਸਿੱਖ ਇਤਿਹਾਸ ਵਿੱਚ ਦੇਖੇ ਜਾ ਸਕਦੇ ਹਨ ਇਸੇ ਸੇਵਾ ਦਾ ਫਲ ਘੁੰਗਣੀਆਂ ਵੇਚਣ ਵਾਲੇ ਭਾਈ ਜੇਠਾ ਨੂੰ ਵੀ ਮਿਲਿਆ ਜੋ ਗੁਰੂ ਰਾਮਦਾਸ ਸਿੱਖਾਂ ਦੇ ਚੌਥੇ-ਗੁਰੂ ਕਹਾਏ। ਸੇਵਾ ਦੇ ਪ੍ਰਥਾਏ ਗੁਰੂ ਰਾਮਦਾਸ ਦੱਸਦੇ ਹਨ ਕਿ ਪੂਰੇ ਸਤਿਗੁਰੂ ਦੀ ਸੇਵਾ ਕਰਨੀ ਸਫ਼ਲ ਹੈ, ਜਿਸਨੂੰ ਕਰਨ ਨਾਲ ਪ੍ਰਭੂਦੇ ਨਾਮ ਦਾ ਵਾਸਾ ਮਨ ਵਿੱਚ ਹੁੰਦਾ ਹੈ।[18] ਉਹ ਦਰਗਾਹ ਵਿੱਚ ਪਰਵਾਨਿਆਂ ਜਾਂਦਾ ਹੈ।[19] ਪਰ ਸੇਵਾ ਤੋਂ ਬਗੈਰ ਜੋ ਵੀ ਕਰਮ ਮਨੁੱਖ ਕਰਦੇ ਹਨ ਉਹ ਬੰਧਨ ਰੂਪ ਹੈ। ਉਨ੍ਹਾਂ ਨੂੰ ਜਨਮ ਮਰਨ ਦਾ ਚੱਕਰ ਪੈਂਦਾ ਹੈ। ਨਾਮ ਮਨ ਵਿੱਚ ਨਹੀਂ ਵਸਦਾ ਅਤੇ ਇਸ ਲੋਕ ਤੋਂ ਮੂੰਹ ਕਾਲਾ ਲੈ ਕੇ ਜਾਂਦੇ ਹਨ।[20] ਇਸ ਲਈ ਗੁਰੂ ਰਾਮਦਾਸ ਨੇ ਇੱਕ ਅਕਾਲ ਪੁਰਖ਼ਦੀ ਸੇਵਾ ਕਰਨ ਦਾ ਹੀ ਹੁਕਮ ਦਿੱਤਾ ਤੇ ਨਾਲ ਹੀ ਦੇਹਧਾਰੀ ਅਤੇ ਪਾਖੰਡੀ ਗੁਰੂਆਂ ਦੀ ਸੇਵਾ ਤੋਂ ਵਰਜਿਆ ਹੈ।[21]

ਨਾਮ ਸਿਮਰਨ

ਸਦਾਚਾਰਕ ਦਾ ਅਨਿਖੜਵਾਂ ਅਤੇ ਮਹੱਤਵਪੂਰਨ ਅੰਗ ਨਾਮ ਸਿਮਰਨ ਹੈ। ਧਾਰਮਿਕ ਸਦਾਚਾਰ ਨਾਮੁ ਤੋਂ ਬਿਨਾਂ ਨਿਰਾਰਥਕ ਹੈ। ਨਾਮ ਬਾਰੇ ਗੁਰੂ ਰਾਮਦਾਸ ਦੱਸਦੇ ਹਨ ਕਿ ਬੇਦਾਂ, ਸਿਮਰਤੀਆਂ, ਸ਼ਾਸਤਰਾਂ ਨੂੰ ਵਿਚਾਰਨ ਵਾਲੇ ਮਹਾਂਪੁਰਖਾਂ ਦਾ ਕਥਨ ਹੈ ਕਿ ਨਾਮੁ-ਸਿਮਰਨ ਤੋਂ ਬਿਨਾਂ ਮੁਕਤੀ ਦੀ ਕਲਪਨਾ ਵੀ ਨਹੀਂ ਹੋ ਸਕਦੀ।[22] ਗੁਰਮਤਿ ਵਿਚ ਨਾਮ ਸਿਮਰਨ ਮਨੁੱਖ ਦੇ ਆਦਰਸ਼ ਗੁਣਾਂ ਵਿਚ ਅਹਿਮ ਸਥਾਨ ਰੱਖਦਾ ਹੈ ਨਾਮ ਹੀ ਇਕ ਲਕਸ਼ ਸਿਧੀ ਹੈ। ਗੁਰੂ ਰਾਮਦਾਸ ਨੇ ਪਾਵਨ ਬਾਣੀ 'ਚ ਨਾਮ ਨੂੰ ਸਰਵਉੱਚ ਅਤੇ ਸ਼੍ਰੇਸ਼ਟ ਮੰਨਦਿਆਂ ਇਸਨੂੰ ਅਲੱਖ ਦੱਸਿਆ ਹੈ, ਕਿਸ ਤਰ੍ਹਾਂ ਇਸ ਨਾਮ ਨੂੰ ਜਾਣਿਆ ਜਾ ਸਕਦਾ ਹੈ? ਇਹ ਨਾਮ ਸ਼ੁੱਧ ਸਰੂਪ ਹੈ।[23] ਇਸਨੂੰ ਕਿਸ ਵਿਧ ਨਾਲ ਪਾਇਆ ਜਾਵੇ? ਨਾਮ ਦਾ ਵਰਤਾਰਾ ਸਾਰੇ ਹੀ ਸੰਸਾਰ ਵਿਚ ਪਸਰ ਰਿਹਾ ਹੈ। ਗੁਰੂ ਸਾਹਿਬ ਆਪ ਹੀ ਜ਼ਿਕਰ ਕਰਦੇ ਹਨ ਕਿ ਨਾਮ ਪ੍ਰਧਾਨ ਹੈ ਇਸ ਨਾਮ ਦੇ ਸਹਾਰੇ



ਅਨੇਕਾਂ ਭਗਤ ਜਨਾਂ ਦਾ ਉਧਾਰ ਹੋ ਗਿਆ। ਭਗਤ ਜੈ ਦੇਵ, ਕਬੀਰ, ਤ੍ਰਿਲੋਚਨ ਅਤੇ ਭਗਤ ਰਵਿਦਾਸ ਨੂੰ ਨਾਮ ਨੇ ਸਹਾਰਾ ਦਿੱਤਾ।[24] ਇਸ ਲਈ ਗੁਰੂ ਰਾਮਦਾਸ ਨੇ ਪਾਵਨ ਗੁਰਬਾਣੀ ਰਾਹੀਂ ਵਾਰ-ਵਾਰ ਇਹ ਸੰਦੇਸ ਦ੍ਰਿੜ ਕਰਾਇਆ ਹੈ ਕਿ ਇਸ ਅੰਮ੍ਰਿਤ ਨਾਮ ਰੂਪੀ ਭੋਜਨ ਨੂੰ ਜੀਵਨ ਦਾ ਆਧਾਰ ਬਣਾਇਆ ਜਾਵੇ।[25]

ਹੁਕਮ

ਗੁਰਬਾਣੀ ਦੇ ਆਰੰਭ 'ਚ ਹੀ ਇਹ ਦਰਸਾਇਆ ਹੈ ਕਿ ਹੁਕਮ ਦੀ ਪਾਲਣਾ ਹੀ ਸੱਚੇ ਸਰੂਪ ਦਾ ਮਿਲਾਪ ਹੈ। ਗੁਰੂਰਾਮਦਾਸ ਦੱਸਦੇ ਹਨ ਕਿ ਜਿਸਨੇ ਉਸ ਵਾਹਿਗੁਰੂ ਦੇ ਹੁਕਮ ਦੀ ਪਾਲਣਾ ਕੀਤੀ ਹੈ, ਉਸਨੇ ਸੱਚ ਨੂੰ ਪਾ ਲਿਆ ਹੈ। ਜੋ ਹੁਕਮ ਨੂੰ ਮੰਨਦਾ ਹੈ, ਉਸ ਨੂੰ ਸਰਬ ਸੁਖ ਅਤੇ ਮਨ ਇੱਛਤ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ। ਉਹ ਜੀਵ ਰੂਪ ਇਸਤਰੀ ਸਦਾ ਹੀ ਸੁਹਾਗਣ ਹੈ ਜੋ ਪ੍ਰਮਾਤਮਾ ਦੇ ਹੁਕਮ 'ਚ ਚਲਦੀ ਹੈ।[26] ਕਿਉਂਕਿ ਸਭੁ ਕਿਛੁ ਪਰਮਾਤਮਾ ਦੇ ਹੀ ਵੱਸ ਵਿਚ ਹੈ। ਸਭੇ ਪਦਾਰਥ, ਜੀਵ ਜੰਤ ਉਸੇ ਦੇ ਹੀ  ਹਨ ਉਹ ਸਭਨਾਂ ਦਾ ਮਾਲਕ ਹੈ।[27] ਇਸ ਲਈ ਗੁਰੂ ਜੀ ਦੱਸਦੇ ਹਨ ਕਿ ਜੋ ਪਰਮਾਤਮਾ ਦੇ ਹੁਕਮ ਨੂੰ ਨਹੀਂ ਮੰਨਦੇ ਅਤੇ ਆਪਣੀ ਆਕੜ ਵਿਚ ਰਹਿੰਦੇ ਹਨ ਉਹ ਮੂਰਖ ਅਤੇ ਅੰਧੇ ਹਨ।[28]

ਹਉਮੈ ਦਾ ਤਿਆਗ

ਹੁਕਮ ਦੀ ਪਾਲਣ ਤੇ ਹਉਮੈ ਦਾ ਤਿਆਗ ਸਚਿਆਰ ਮਨੁੱਖ ਨੂੰ ਸਦਾਚਾਰਕ ਗੁਣਾਂ ਦਾ ਧਾਰਣੀ ਬਣਾਉਂਦਾ ਹੈ। ਹਉਮੈ ਨੈਤਿਕਤਾ ਦੇ ਰਾਹ 'ਚ ਵੱਡੀ ਰੁਕਾਵਟ ਹੈ। ਅਹੰਕਾਰੀ ਮਨੁੱਖ ਤੋਂ ਕਦੇ ਵੀ ਚੰਗੇ ਆਦਰਸ਼ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਅਹੰਕਾਰੀ ਮਨੁੱਖ ਦਾ ਸੰਬੰਧ ਸਾਰਵਜਨਿਕ ਨਾ ਹੋ ਕੇ ਆਪਣੇ ਨਿੱਜ ਦੀ ਮਾਣ ਵਡਿਆਈ 'ਚ ਹੀ ਲੱਗਾ ਹੁੰਦਾ ਹੈ। ਉਸਨੂੰ ਆਪਣੇ ਤੋਂ ਬਗੈਰ ਸਾਰੇ ਜੀਵ ਛੋਟੇ ਹੀ ਨਜ਼ਰ ਆਉਂਦੇ ਹਨ ਇੱਥੋਂ ਤੱਕ ਕਿ ਉਹ ਪਰਮਾਤਮਾ ਦੀ ਹੋਂਦ ਤੋਂ ਵੀ ਮੁਨਕਰ ਹੋ ਜਾਂਦਾ ਹੈ। ਗੁਰਬਾਣੀ 'ਚ ਗੁਰੂ ਰਾਮਦਾਸ ਦੱਸਦੇ ਹਨ ਕਿ ਕੇਵਲ ਮਨੁੱਖ ਹੀ ਨਹੀਂ ਸਗੋਂ ਤ੍ਰੈ ਦੇਵਤੇ ਬ੍ਰਹਮਾ, ਵਿਸ਼ਨੂੰ, ਮਹਾਦੇਵ ਵੀ ਹਉਮੈ ਦੀ ਗ੍ਰਿਫਤ 'ਚ ਆ ਕੇ ਆਪਣੇ ਆਪੇ ਨੂੰ ਭੁੱਲ ਬੈਠੇ ਹਨ।[29]

ਸੰਜਮ

ਸਮਾਜਿਕ ਜੀਵਨ ਦੀ ਤ੍ਰਿਸ਼ਨਾ, ਲੋਭ-ਲਾਲਚ ਤੇ ਵਿਕਾਰਾਂ ਉੱਤੇ ਕਾਬੂਪਾਉਣ ਲਈ 'ਸੰਜਮ' ਦਾ ਗੁਣ ਜ਼ਰੂਰੀ ਹੈ। ਸੰਜਮਹੀਣ ਜੀਵਨ ਦੀ ਕਰੜੀ ਆਲੋਚਨਾ ਗੁਰਬਾਣੀ ਵਿੱਚ ਇਸ ਤਰ੍ਹਾਂ ਕੀਤੀ ਗਈ ਹੈ-

ਫਿਟੁ ਇਵੇਹਾ ਜੀਵਿਆ, ਜਿਤੁ ਖਾਇ ਵਧਾਇਆ ਪੇਟੁ॥[30]

ਸਿੱਖ ਧਰਮ ਦੀ ਨੈਤਿਕਤਾ ਈਸ਼ਵਰਵਾਦੀ ਹੋਣ ਦੇ ਨਾਲ-ਨਾਲ ਆਤਮਿਕ ਅਨੁਭਵ

ਦਾ ਸਾਧਨ ਵੀ ਹੈ ਅਤੇ ਇਸ ਵਿੱਚ ਮਨੁੱਖ ਦੀ ਨਿੱਜੀ ਅਤੇ ਸਰਬੱਤ ਕਲਿਆਣ ਦੀ ਭਾਵਨਾ ਮੌਜੂਦ ਹੈ। ਗੁਰੂ ਰਾਮਦਾਸ ਦੀ ਬਾਣੀ ਵਿਚਲੀ ਨੈਤਿਕਤਾ ਮਨੁੱਖ ਨੂੰ ਕਲਿਆਣਕਾਰੀ ਬਣਾ ਕੇ ਉਸਨੂੰ 'ਸਚਿਆਰ ਪਦ' ਦੀ ਪ੍ਰਾਪਤੀ ਦੁਆਰਾ 'ਆਦਰਸ਼ ਮਨੁੱਖ' ਬਣਨ ਲਈ ਪ੍ਰੇਰਦੀ ਹੈ। 'ਸਰਬੱਤ ਦੇ ਭਲੇ' ਦਾ ਸਮਾਜਕ ਆਦਰਸ਼ ਸਿੱਖ-ਮਤ ਦੀ ਮਾਨਵਵਾਦੀ ਭਾਵਨਾ ਦਾ ਪ੍ਰਤੀਕ ਹੈ।

ਸਮੁੱਚੇ ਰੂਪ 'ਚ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਰਾਮਦਾਸ ਦੀ ਪਾਵਨ ਬਾਣੀ ਵਿਚੋਂ ਅਤੇ ਉਨ੍ਹਾਂ ਦੇ ਪਾਵਨ ਜੀਵਨ 'ਚ ਸਦਾਚਾਰ ਗੁਣਾਂ ਦਾ ਝਲਕਾਰਾ ਇੱਕ ਸਮਾਨ ਹੀ ਨਜ਼ਰ ਆਉਂਦਾ ਹੈ ਕਿਉਂਕਿ ਉਨ੍ਹਾਂ ਨੇ ਜੋ ਸਿਧਾਂਤ ਗੁਰਬਾਣੀ ਰਾਹੀਂ ਲੁਕਾਈ ਨੂੰ ਪੇਸ਼ ਕੀਤੇ, ਉਨ੍ਹਾਂ ਸਿਧਾਂਤਾ ਨੂੰ ਆਪਣੀ ਜ਼ਿੰਦਗੀ 'ਚ ਅਮਲੀ ਰੂਪ ਵੀ ਦਿੱਤਾ।

ਹਵਾਲੇ:

1. ਜੱਗੀ ਰਤਨ ਸਿੰਘ, ਗੁਰੂ ਗ੍ਰੰਥ ਵਿਸ਼ਵਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 141.
2. Lilly William, An Introduction to Ethics, p. 12.
3. ਵਜ਼ੀਰ ਸਿੰਘ (ਡਾ.), ਸਿੱਖ ਦਰਸ਼ਨਧਾਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨੇ 106-107.
4. ਅਵਤਾਰ ਸਿੰਘ, ਬਲਕਾਰ ਸਿੰਘ (ਸੰਪਾ.), ਸਿੱਖ ਧਰਮ ਦਾ ਨੈਤਿਕ ਪ੍ਰਸੰਗ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 11.
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 4.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 67.
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 24.
8. ਸੁ ਕ੍ਰਿਤ ਕਰਣੀ ਸਾਰੁ ਜਪਮਾਲੀ ॥
   ਹਿਰਦੈ ਫੇਰਿ ਚਲੈ ਤੁਧੁ ਨਾਲੀ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1134.
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305.
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 167.
11. ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 167.
12. ਹਮਰੇ ਅਵਗੁਨ ਸੰਗਿ ਗੁਰ ਮੇਟੇ ਜਨ ਨਾਨਕ ਮੇਲਿ ਲੀਏ ਪ੍ਰਭੁ ਪਾਸ ॥



    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1295.
13. ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 670.
14. ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 731.
15. ਚਰਨ ਗਹੇ ਕਰਿ ਪ੍ਰੇਮ ਸੋ ਪੋਛਹਿ ਬਾਰੰ ਬਾਰ ॥
    ਇਸ ਹੀ ਹੇਤੁ ਵਧਾਤਿ ਭੇ, ਸੁਨੀਏ ਗੁਰ ਸੁਤ ਦਯਾਰ ॥
    ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ14.
16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1376.
17. ਸਤਿਗੁਰ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 317.
18. ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 88.
19. ਗੁਰਮੁਖਿ ਸੇਵਾ ਘਾਲ ਜਿਨਿ ਘਾਲੀ ॥
    ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1134.
20. ਬਿਨ ਸਤਿਗੁਰ ਸੇਵੇ ਜੀਅ ਕੇ ਬੰਧਨਾ ਜੇਤੇ ਕਰਮ ਕਮਾਹਿ ॥
    ਨਾਨਕ ਬਿਨ ਸਤਿਗੁਰ.......ਮੁਹ ਕਾਲੇ ਉਠਿ ਜਾਹਿ ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 552

21. ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.
22. ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ ॥
    ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖ ਨ ਕਿਨਹੂੰ ਲਹਿਆ ॥
    ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 215.
23. ਨਾਮੁ ਨਿਰੰਜਨ ਅਲੱਖ ਹੈ ਕਿਉ ਲਖਿਆ ਜਾਈ ॥
    ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥

ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1242.

24. ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ ॥
ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 995.

25. ਅੰਮ੍ਰਿਤ ਭੋਜਨ ਨਾਮੁ ਹਰਿ ਰਜਿ ਰਜਿ ਜਨ ਖਾਹੁ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 556.

26. ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1244.

27. ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 556.

28. ਜੇ ਕੋ ਮੂਰਖਿ ਆਪਹੁ ਜਾਣੈ ਅੰਧਾ ਅੰਧੁ ਕਮਾਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 556.

29. ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 735.

30. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 790.

# ਗੁਰੂ ਰਾਮਦਾਸ ਦਾ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਵਿਚ ਯੋਗਦਾਨ

ਅਮਨ ਸਿੰਘ*



ਗੁਰੂ ਅਮਰਦਾਸ ਨੇ ਭਾਈ ਜੇਠਾ ਨੂੰ ਗੁਰਗੱਦੀ ਦੀ ਬਖਸ਼ਿਸ਼ ਕਰਕੇ ਨਾਨਕ-ਜੋਤਿ ਦੀ ਨਿਵਾਜਿਸ਼ ਕਰ ਕੇ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥' ਅਨੁਸਾਰ ਸਿੱਖ ਧਰਮ ਦੇ ਚੌਥੇ ਗੁਰੂ ਰਾਮਦਾਸ ਵਜੋਂ ਸਿੰਘਾਸਨ ਉਤੇ ਬਿਰਾਜਮਾਨ ਕੀਤਾ। ਗੁਰੂ ਰਾਮਦਾਸ ਨੇ ਆਪਣੇ ਗੁਰਿਆਈ-ਕਾਲ ਵਿਚ ਸਿੱਖ ਧਰਮ ਦੇ ਪ੍ਰਚਾਰ ਅਤੇ ਪਾਸਾਰ ਲਈ ਅਨੇਕਾਂ ਹੀ ਕਾਰਜ ਕੀਤੇ। ਆਪ ਜੀ ਨੇ ਆਪਣੇ ਪੂਰਵਵਰਤੀ ਗੁਰੂ ਸਾਹਿਬਾਨ ਦੁਆਰਾ ਆਰੰਭ ਕੀਤੇ ਹੋਏ ਕਾਰਜਾਂ ਨੂੰ ਵੀ ਜਾਰੀ ਰਖਿਆ ਅਤੇ ਨਾਲ ਹੀ ਆਪ ਜੀ ਨੇ ਅੰਮ੍ਰਿਤਸਰ ਸ਼ਹਿਰ ਵਸਾਉਣਾ ਅਤੇ ਪਵਿੱਤਰ ਸਰੋਵਰ ਬਣਵਾਉਣਾ, ਮਸੰਦ ਪ੍ਰਥਾ ਨੂੰ ਆਰੰਭ ਕਰਨਾ ਅਤੇ ਉਦਾਸੀ ਮਤ ਨਾਲ ਸੁਖਾਵੇਂ ਸੰਬੰਧ ਸਥਾਪਿਤ ਕਰਨ ਵਰਗੇ ਅਨੇਕਾਂ ਹੀ ਮਹਤਵਪੂਰਨ ਕਾਰਜ ਕੀਤੇ।

ਗੁਰੂ ਰਾਮਦਾਸ ਦੀ ਜੀਵਨ-ਘਾਲਣਾ ਕਿਸੇ ਕਰਾਮਾਤ ਤੋਂ ਘੱਟ ਨਹੀਂ ਕਹੀ ਜਾ ਸਕਦੀ। ਇਕ ਅਨਾਥ ਬੱਚੇ ਦੇ ਤੌਰ 'ਤੇ ਹੋਸ਼ ਸੰਭਾਲਣ ਤੋਂ ਲੈ ਕੇ ਉੱਚੀ ਤੋਂ ਉੱਚੀ ਪਦਵੀ ਦੀ ਪ੍ਰਾਪਤੀ 'ਪੂਰੀ ਹੋਈ ਕਰਾਮਾਤਿ' ਦਾ ਹੀ ਸਾਖਸ਼ਾਤ ਰੂਪ ਸੀ।[1] ਸਤਾ ਤੇ ਬਲਵੰਡ ਨੇ ਆਪਣੀ ਬਾਣੀ ਵਿਚ ਗੁਰੂ ਰਾਮਦਾਸ ਦੇ ਜੀਵਨ ਦੀ ਇਸ ਕਰਾਮਾਤਿ ਦੇ ਪੂਰੇ ਹੋਣ ਬਾਰੇ ਇੰਞਬਿਆਨ ਕੀਤਾ ਹੈ:

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥
ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥
ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥[2]

ਗੁਰੂ ਰਾਮਦਾਸ ਦਾ ਮੁਢਲਾ ਜੀਵਨ ਬਹੁਤ ਕਠਿਨਾਈਆਂ ਭਰਿਆ ਬੀਤਿਆ। ਪ੍ਰੋ. ਸਾਹਿਬ ਸਿੰਘ, ਯਤੀਮ ਬਾਲਕ ਜੇਠਾ ਦੇ ਲਾਹੌਰ ਸ਼ਹਿਰ ਛੱਡਣ ਅਤੇ ਆਪ ਜੀ ਦੇ ਭਵਿਖ ਵਿਚ ਹੋਣ ਵਾਲੀ ਕਰਾਮਾਤਿ ਬਾਰੇ ਲਿਖਦੇ ਹਨ, "ਚੂਨਾ ਮੰਡੀ ਲਾਹੌਰ ਦੀਆਂ ਗਲੀਆਂ ਦੇ ਗੁਆਂਢੀ ਸਨੇਹੀ ਤਾਂ ਆਪਣੇ ਹਾਣੀ ਹਰਿਦਾਸ ਦੀ ਇਕੋ ਇਕ ਨਿਸ਼ਾਨੀ ਨੂੰ ਵਿਛੜਦਿਆਂ ਵੇਖ ਕੇ ਅੱਖਾਂ ਵਿਚੋਂ ਅੱਥਰੂ ਕੇਰ ਰਹੇ ਸਨ, ਪਰ ਹੋਣੀ ਸਿਰ ਉਤੇ ਹੱਸ ਰਹੀ ਸੀ ਅਤੇ ਆਖ ਰਹੀ ਸੀ ਕਿ ਜਿਸ ਬਾਲਕ ਨੂੰ ਇਹ ਸਾਰਾ ਆਂਢ-ਗੁਆਂਢ ਅੱਜ ਨਿਆਸਰਾ ਯਤੀਮ ਸਮਝ ਰਿਹਾ ਹੈ, ਇਸ ਦੇ

ਸਿਰ ਉਤੇ ਰੱਬੀ ਛਤਰ ਝੁੱਲਣਾ ਹੈ ਅਤੇ ਵੱਡੇ-ਵੱਡੇ ਰਾਜਿਆਂ-ਮਹਾਰਾਜਿਆਂ ਨੇ ਇਸ ਦਰ 'ਤੇ ਸਿਰ ਨਿਵਾਣ ਵਿੱਚ ਫ਼ਖ਼ਰ ਸਮਝਣਾ ਹੈ।"[3]

ਗੁਰੂ ਰਾਮਦਾਸ ਦਾ ਜਨਮ, ਪਿਤਾ ਹਰਿਦਾਸ ਦੇ ਘਰ ਮਾਤਾ ਦਯਾ ਕੌਰ ਦੀ ਕੁਖੋਂ, ਚੂਨਾ ਮੰਡੀ ਲਾਹੌਰ ਵਿਚ 24 ਸਤੰਬਰ, 1534 ਈ. ਨੂੰ ਸੋਢੀ ਬੰਸ ਵਿਚ ਹੋਇਆ।[4] ਆਪ ਦਾ ਨਾਮ ਭਾਵੇਂ ਕਿ 'ਰਾਮਦਾਸ' ਰੱਖਿਆ ਗਿਆ ਪਰ ਘਰ ਵਿਚ ਸਭ ਤੋਂ ਵੱਡਾ ਪੁੱਤਰ ਹੋਣ ਕਰਕੇ ਆਪ ਜੀ ਨੂੰ 'ਜੇਠਾ' ਉਪਨਾਮ ਨਾਲ ਸੰਬੋਧਿਤ ਕੀਤਾ ਜਾਣ ਲਗਾ। ਜੇਠਾ ਜਦੋਂ ਸੱਤ ਸਾਲਾਂ ਦੇ ਹੋਏ ਪਹਿਲਾਂ ਆਪ ਜੀ ਦੀ ਮਾਤਾ ਦਾ ਦੇਹਾਂਤ ਹੋ ਗਿਆ ਅਤੇ ਕੁਝ ਚਿਰ ਪਿਛੋਂ ਆਪ ਜੀ ਦੇ ਪਿਤਾ ਵੀ ਅਕਾਲ ਚਲਾਣਾ ਕਰ ਗਏ। ਇਸ ਪਿਛੋਂ ਯਤੀਮ ਬਾਲਕ ਜੇਠਾ ਨੂੰ ਉਨ੍ਹਾਂ ਦੀ ਨਾਨੀ ਲਾਹੌਰ ਤੋਂ ਬਾਸਰਕੇ ਲੈ ਆਈ। ਉੱਥੇ ਪਰਿਵਾਰਕ ਜਿੰਮੇਵਾਰੀਆਂ ਵਿਚ ਯੋਗਦਾਨ ਪਾਉਣ ਲਈ, ਉਨ੍ਹਾਂ ਨੇ ਘੁੰਗਣੀਆਂ ਵੇਚਣ ਦਾ ਕੰਮ ਵੀ ਸ਼ੁਰੂ ਕੀਤਾ।[5]

ਬਾਲਕ ਜੇਠਾ ਦੀ ਉਮਰ ਜਦੋਂ 12 ਵਰ੍ਹਿਆਂ ਦੀ ਹੋਈ ਤਾਂ ਉਹ ਇਕ ਵਾਰ ਬਾਸਰਕੇ ਦੀ ਸੰਗਤ ਨਾਲ ਗੁਰੂ ਅਮਰਦਾਸ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਵਿਖੇ ਗਏ। ਗੁਰੂ ਅਮਰਦਾਸ ਦੇ ਦਰਸ਼ਨ ਕਰ ਕੇ ਜੇਠਾ ਜੀ, ਗੁਰੂ ਜੀ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਗੁਰੂ ਚਰਨਾਂ ਵਿਚ ਰਹਿ ਕੇ ਸੇਵਾ ਕਰਨ ਨੂੰ ਹੀ ਜੀਵਨ-ਮਨੋਰਥ ਬਣਾ ਲਿਆ। ਭਾਈ ਜੇਠਾ ਸਵੇਰੇ ਗੁਰੂ ਅਮਰਦਾਸ ਦੀ ਸੇਵਾ ਵਿਚ ਹਾਜਰ ਰਹਿੰਦੇ ਅਤੇ ਫਿਰ ਲੰਗਰ ਵਿਚ ਸੇਵਾ ਕਰਦੇ ਰਹਿੰਦੇ। ਭਾਈ ਜੇਠਾ ਦੀ ਅਦੁਤੀ ਸੇਵਾ, ਧਾਰਮਿਕ ਭਾਵਨਾ ਅਤੇ ਹਲੀਮ ਸ਼ਖ਼ਸੀਅਤ ਤੋਂ ਗੁਰੂ ਅਮਰਦਾਸ ਬਹੁਤ ਪ੍ਰਭਾਵਿਤ ਹੋਏ ਅਤੇ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ ਭਾਈ ਜੇਠਾ ਨਾਲ ਸੰਨ 1553 ਈ. ਵਿਚ ਕਰ ਦਿਤਾ। ਭਾਈ ਜੇਠਾ ਨੂੰ ਗੁਰੂ ਅਮਰਦਾਸ ਨੇ ਬਾਉਲੀ ਦਾ ਨਿਰਮਾਣ ਕਰਵਾਉਣ ਦੀ ਸੇਵਾ ਸੌਂਪੀ, ਜੋ ਆਪ ਨੇ ਸਫਲਤਾ ਨਾਲ ਮੁਕੰਮਲ ਕੀਤੀ। ਗੁਰੂ ਅਮਰਦਾਸ ਨੇ ਗੁਰ-ਗੱਦੀ ਦੀ ਸੁਪਾਤਰਤਾ ਲਈ ਆਪਣੇ ਦੋਵਾਂ ਪੁਤਰਾਂ (ਬਾਬਾ ਮੋਹਨ ਅਤੇ ਮੋਹਰੀ) ਅਤੇ ਦੋਵਾਂ ਜਵਾਈਆਂ (ਰਾਮਾ ਅਤੇ ਜੇਠਾ) ਦੀ ਆਪਣੇ ਢੰਗ ਨਾਲ ਪਰੀਖਿਆ ਲਈ ਤਾਂ ਆਪ, ਗੁਰੂ ਅਮਰਦਾਸ ਦੀ ਪਰਖ-ਕਸਵਟੀ ਉਤੇ ਪੂਰੇ ਉਤਰੇ।[6] ਭਾਈ ਜੇਠਾ ਅਤੇ ਬੀਬੀ ਭਾਨੀ, ਸਤਿਗੁਰੂ ਅਮਰਦਾਸ ਪਾਸ ਹੀ ਰਹਿੰਦੇ ਸਨ ਅਤੇ ਦੋਵੇਂ ਗੁਰੂ-ਘਰ ਦੀ ਸੇਵਾ ਵਿਚ ਜੁੱਟੇ ਰਹਿੰਦੇ। ਬੀਬੀ ਭਾਨੀ ਸਤਿਗੁਰੂ-ਪਿਤਾ ਜੀ ਦੀ ਸੇਵਾ ਵਿਚ ਰਹਿੰਦੇ ਅਤੇ ਭਾਈ ਜੇਠਾ ਲੰਗਰ, ਸੰਗਤ ਅਤੇ ਬਾਉਲੀ ਆਦਿਕ ਦੀ ਸੇਵਾ ਕਰਦੇ ਰਹਿੰਦੇ। ਕੁਝ ਸਮੇਂ ਪਿਛੋਂ ਆਪ ਦੇ ਗ੍ਰਹਿ ਵਿਖੇ ਤਿੰਨ ਸਪੁੱਤਰ ਪ੍ਰਿਥੀਮਲ, ਮਹਾਂਦੇਵ ਅਤੇ ਅਰਜਨ ਦੇਵ ਪੈਦਾ ਹੋਏ।[7]

ਇਕ ਦਿਨ ਗੁਰੂ ਅਮਰਦਾਸ ਇਸ਼ਨਾਨ ਕਰਨ ਤੋਂ ਬਾਅਦ ਬੈਠੇ ਸਨ ਤਾਂ ਬੀਬੀ ਭਾਨੀ ਆਪ ਜੀ ਦੇ ਦਰਸ਼ਨ ਕਰਨ ਲਈ ਆਏ। ਅੰਤਰਜਾਮੀ ਸਤਿਗੁਰੂ ਜੀ ਨੇ ਬੀਬੀ ਭਾਨੀ ਨੂੰ ਇਹ

*ਰਿਲੀਜੀਅਸ ਐਂਡ ਸਿਵਿਲਾਈਜੇਸ਼ਨਲ ਸਟੱਡੀਜ਼ ਵਿਭਾਗ, ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ।



ਦਸਿਆ ਕਿ ਰਾਮਦਾਸ ਦਾ ਅੰਤਿਮ ਸਮਾਂ ਨਜਦੀਕ ਆ ਗਿਆ ਹੈ, ਉਨ੍ਹਾਂ ਦੇ ਸੁਆਸ ਬਹੁਤ ਥੋੜੇ ਰਹਿ ਗਏ ਹਨ। ਬੀਬੀ ਭਾਨੀ ਬਹੁਤ ਸੁਘੜ-ਸਿਆਣੇ ਸਨ, ਉਨ੍ਹਾਂ ਨੇ ਆਪਣੀ ਨਥ ਉਤਾਰ ਕੇ ਆਪਣੇ ਪਿਤਾ ਸਤਿਗੁਰੂ ਅਮਰਦਾਸ ਦੇ ਹੱਥ ਵਿਚ ਰਖ ਦਿਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੇਰੇ ਨਾਲ ਇਸ ਤਰ੍ਹਾਂ ਦੀ ਅਸਮਾਨਤਾ ਕਿਉਂ ਹੋ ਰਹੀ ਹੈ ਕਿ ਮੈਨੂੰ ਵਿਧਵਾ ਹੋ ਕੇ ਜੀਵਨ ਜਿਊਣਾ ਪਵੇਗਾ।[8]

ਉਸ ਸਮੇਂ ਗੁਰੂ ਅਮਰਦਾਸ ਨੇ ਬੀਬੀ ਭਾਨੀ ਨੂੰ ਬਚਨ ਕੀਤੇ ਕਿ ਹੁਣ ਰਾਮਦਾਸ ਨੂੰ ਸੁਆਸ ਨਹੀਂ ਤਿਆਗਣੇ ਪੈਣੇ, ਮੈਂ ਆਪਣੀ ਉਮਰ ਉਨ੍ਹਾਂ ਨੂੰ ਬਖ਼ਸ਼ ਦੇਵਾਂਗਾ। ਉਸ ਸਮੇਂ ਗੁਰੂ ਅਮਰਦਾਸ ਦੀ ਉਮਰ ਛੇ ਸਾਲ, ਗਿਆਰਾਂ ਮਹੀਨੇ ਅਤੇ ਅਠਾਰਾਂ ਦਿਨ ਬਾਕੀ ਰਹਿੰਦੀ ਸੀ।[9] ਜਿਸ ਤਰ੍ਹਾਂ ਇਸ ਮਹਾਨ ਪਦਵੀ ਲਈ ਪਹਿਲੇ ਦੋ ਗੁਰੂ ਸਾਹਿਬਾਨ ਨੇ ਸੇਵਾ ਦੀ ਕਸਵਟੀ ਰਾਹੀਂ ਯੋਗ ਵਿਅਕਤੀ ਦੀ ਚੋਣ ਆਪਣੇ ਉਤਰਾਧਿਕਾਰੀ ਵਜੋਂ ਕੀਤੀ, ਉਸੇ ਤਰ੍ਹਾਂ ਗੁਰੂ ਅਮਰਦਾਸ ਨੇ ਵੀ ਗੁਰੂ-ਘਰ ਦੇ ਸੇਵਕ ਅਤੇ ਆਪਣੇ ਦਾਮਾਦ ਭਾਈ ਜੇਠਾ ਨੂੰ ਗੁਰਗੱਦੀ ਦੇ ਯੋਗ ਜਾਣਦਿਆਂ, ਗੁਰਿਆਈ ਦੀ ਬਖਸ਼ਿਸ਼ ਕਰਨ ਦਾ ਫੈਸਲਾ ਕੀਤਾ। ਗੁਰੂ ਅਮਰਦਾਸ ਨੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਰਾਮਦਾਸ ਨੂੰ ਮੱਥਾ ਟੇਕਿਆ ਅਤੇ ਉਨ੍ਹਾਂ ਨੂੰ ਸਿੱਖ ਧਰਮ ਦੇ ਚੌਥੇ ਗੁਰੂ ਵਜੋਂ ਗੁਰਗੱਦੀ ਉਤੇ ਬਿਰਾਜਮਾਨ ਕਰ ਦਿੱਤਾ। ਗੁਰੂ ਅਮਰਦਾਸ ਨੇ ਸਾਰੀ ਸਿੱਖ-ਸੰਗਤ ਅਤੇ ਆਪਣੇ ਪੁੱਤਰਾਂ ਨੂੰ ਗੁਰੂ ਰਾਮਦਾਸ ਦੇ ਚਰਨੀਂ ਲਗਾ ਦਿਤਾ।[10] ਪ੍ਰੋ. ਸਾਹਿਬ ਸਿੰਘ ਗੁਰੂ ਰਾਮਦਾਸ ਨੂੰ ਗੁਰਿਆਈ ਮਿਲਣ ਸੰਬੰਧੀ ਲਿਖਦੇ ਹਨ ਕਿ ਗੁਰੂ ਅਮਰਦਾਸ ਨੇ ਗੁਰੂ ਰਾਮਦਾਸ ਨੂੰ ਸੰਨ 1574 (ਸੰਮਤ 1631) ਵਿਚ ਸਾਰੀ ਸੰਗਤ ਅਤੇ ਆਪਣੇ ਪਰਿਵਾਰ ਦੇ ਸਾਹਮਣੇ ਗੁਰੂ ਥਾਪ ਦਿੱਤਾ। ਉਸ ਵੇਲੇ ਗੁਰੂ ਰਾਮਦਾਸ ਦੀ ਉਮਰ 40 ਸਾਲਾਂ ਦੀ ਸੀ।[11] ਭਾਈ ਗੁਰਦਾਸ ਜਿਕਰ ਕਰਦੇ ਹਨ ਕਿ ਗੁਰੂ ਅਮਰਦਾਸ ਨੇ ਆਪਣੀ ਜੋਤਿ ਦੇ ਪ੍ਰਕਾਸ਼ ਨਾਲ ਰਾਮਦਾਸ ਅੰਦਰ ਜੋਤਿ ਜਗਾਕੇ, ਨਮਸ਼ਕਾਰ ਕੀਤੀ:

ਗੁਰੂ ਅਮਰਹੁ ਗੁਰੂ ਰਾਮਦਾਸ ਜੋਤੀ ਜੋਤਿ ਜਗਾਇ ਜੁਹਾਰਾ॥[12]

... ... ... ... ... ...

ਘੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ॥[13]

ਪ੍ਰੋ. ਸਾਹਿਬ ਸਿੰਘ ਗੁਰਿਆਈ ਦੇਣ ਸਮੇਂ ਦਾ ਦ੍ਰਿਸ਼ ਨੂੰ ਸ਼ਬਦਾਂ ਵਿਚ ਬਿਆਨ ਕਰਦੇ ਹੋਏ ਲਿਖਦੇ ਹਨ, "ਜਿਸ ਵੇਲੇ ਗੁਰੂ ਅਮਰਦਾਸ ਨੇ (ਗੁਰੂ) ਰਾਮਦਾਸ ਨੂੰ ਚੌਕੀ ਉਤੇ ਬਿਠਾ ਕੇ ਭਰੇ ਦੀਵਾਨ ਵਿਚ ਆਪ ਇਹਨਾਂ ਅੱਗੇ ਮੱਥਾ ਟੇਕਿਆ, ਤਾਂ ਇਹ ਵੈਰਾਗ ਵਿਚ ਆ ਕੇ ਬੋਲ ਉਠੇ- ਪਾਤਸ਼ਾਹ! ਤੂੰ ਆਪ ਜਾਣਦਾ ਹੈਂ, ਜਦੋਂ ਮੈਂ ਯਤੀਮ ਲਾਹੌਰ ਦੀਆਂ ਗਲੀਆਂ ਵਿਚੋਂ ਨਿ-ਆਸਰਾ ਹੋ ਕੇ ਨਿਕਲਿਆ ਸਾਂ, ਤਦੋਂ ਮੇਰਾ ਕੀ ਹਾਲ ਸੀ। ਮੈਂ ਗਲੀਆਂ ਦੇ ਕੱਖਾਂ ਵਾਂਗ ਰੁਲਦਾ ਸਾਂ, ਲਾਹੌਰ

ਨਿਵਾਸੀ ਮੇਰੇ ਸਾਕਾਂ-ਅੰਗਾਂ ਵਿਚੋਂ ਕੋਈ ਮੇਰੀ ਬਾਂਹ ਫੜਨ ਨੂੰ ਤਿਆਰ ਨਹੀਂ ਸੀ। ਨਾਨੀ ਨੇ ਮੈਨੂੰ ਗਲ ਲਾਇਆ, ਪਰ ਨਾਨੀ ਭੀ ਵਿਚਾਰੀ ਗ਼ਰੀਬਣੀ ਹੀ ਸੀ। ਪਾਤਿਸ਼ਾਹ ! ਨਿੱਕੇ ਜਿਹੇ ਕੀੜੇ ਦੀ ਕੀ ਪਾਇਆਂ ਹੈ? ਬੱਸ ! ਮੈਂ ਇੱਕ ਕੀੜਾ ਸੀ। ਮੇਰੇ ਸਤਿਗੁਰਾ ! ਇਹ ਤੇਰੀ ਮਿਹਰ ਸੀ, ਤੂੰ ਮੈਨੂੰ ਪਿਆਰ ਨਾਲ ਤੱਕਿਆ, ਤੂੰ ਮੇਰੀ ਯਤੀਮ ਦੀ ਬਾਂਹ ਫੜੀ, ਮੈਨੂੰ ਮਿੱਟੀ ਵਿਚ ਰੁਲਦੇ ਨੂੰ ਅੱਜ ਤੂੰ ਅਰਸ਼ਾਂ 'ਤੇ ਅਪੜਾ ਦਿੱਤਾ ਹੈ। "[14] ਗੁਰੂ ਰਾਮਦਾਸ ਨੇ ਆਪਣੀ ਬਾਣੀ ਵਿਚ ਇਸ ਵਾਰਤਾ ਦਾ ਜ਼ਿਕਰ ਬਹੁਤ ਹੀ ਭਾਵਪੂਰਤ ਸ਼ਬਦਾਂ ਵਿਚ ਇੰਵਕੀਤਾ ਹੈ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥

ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ [15]

## ਗੁਰੂ ਰਾਮਦਾਸ ਦੁਆਰਾ ਸਿੱਖ ਧਰਮ ਦੇ ਵਿਕਾਸ ਲਈ ਕੀਤੇ ਕਾਰਜ

ਸੇਵਾ, ਹਲੀਮੀ ਅਤੇ ਨਿਮਰਤਾ ਦੇ ਪੁੰਜ ਭਾਈ ਜੇਠਾ ਨੇ ਗੁਰੂ ਅਮਰਦਾਸ ਦੀ ਸੰਗਤ ਵਿਚ ਰਹਿੰਦਿਆਂ ਬਹੁਤ ਹੀ ਲਗਨ ਅਤੇ ਸਿਰੜ ਨਾਲ ਗੁਰੂ-ਘਰ ਦੀ ਸੇਵਾ ਕੀਤੀ। ਉਨ੍ਹਾਂ ਦੀ ਸੇਵਾ ਦੀ ਲਗਨ ਨੂੰ ਦੇਖਦਿਆਂ, ਗੁਰੂ ਅਮਰਦਾਸ ਨੇ ਉਨ੍ਹਾਂ ਨੂੰ ਗੁਰਿਆਈ ਦਾ ਪਾਤਰ ਜਾਣ ਕੇ, ਸਿੱਖ ਧਰਮ ਦੇ ਚੌਥੇ ਗੁਰੂ ਵਜੋਂ ਗੁਰਿਆਈ ਬਖਸ਼ੀ। ਗੁਰੂ ਰਾਮਦਾਸ ਨੇ ਸਿੱਖ ਧਰਮ ਦੇ ਵਿਕਾਸ ਲਈ ਅਨੇਕਾਂ ਮਹਤਵਪੂਰਨ ਕਾਰਜ ਕੀਤੇ। ਡਾ. ਗੰਡਾ ਸਿੰਘ ਲਿਖਦੇ ਹਨ ਕਿ ਨਿਰੋਲ ਧਾਰਮਿਕ ਮਾਮਲਿਆਂ ਦੀ ਖੋਜ ਵਿਚ ਅਸੀਂ ਕਈ ਵਾਰ ਇਹ ਭੁਲ ਜਾਂਦੇ ਹਾਂ ਕਿ ਪੰਜਾਬ ਮੁਲਕ ਵਿਚ ਵਪਾਰ ਅਤੇ ਉਤਪਾਦਨ ਨੂੰ ਵਾਧਾ ਦੇਣ ਲਈ ਕਿਸ ਹੱਦ ਤਕ ਸਿੱਖ ਗੁਰੂਆਂ ਦਾ ਰਿਣੀ ਹੈ। ਜੇਕਰ ਮੁਗਲ ਬਾਦਸ਼ਾਹ ਮਹਾਨ ਉਸਰਈਏ ਸਨ ਤਾਂ ਸਿੱਖ ਗੁਰੂ ਸਾਹਿਬਾਨ ਇਸ ਪੱਖੋਂ ਕੋਈ ਘਟ ਨਹੀਂ ਸਨ। ਗੁਰੂ ਸਾਹਿਬਾਨ ਦੇ ਤੰਗ ਮਾਇਕ ਸਾਧਨਾਂ ਤੋਂ ਅਨੁਮਾਨ ਲਾਉਂਦਿਆਂ ਹੋਇਆਂ ਇਹ ਮੰਨਣਾ ਪਵੇਗਾ ਕਿ ਕਈ ਸ਼ਹਿਰ ਆਬਾਦ ਕਰਨ, ਤਾਲਾਬ ਬਣਾਉਣ ਅਤੇ ਖੂਹ ਪੁੱਟਣ ਦਾ ਕੰਮ ਅਦਭੁਤ ਕਾਰਨਾਮੇ ਤੋਂ ਘੱਟ ਨਹੀਂ। ਉਨ੍ਹਾਂ ਦੀ ਇਸ ਸਿੱਖਿਆ ਕਿ ਧਰਮ ਦਾ, ਜੀਵਨ ਦੇ ਸੰਸਾਰਿਕ ਕੰਮਾਂ-ਕਾਜਾਂ ਦੇ ਅੰਦਰ ਸਭ ਤੋਂ ਵਧੀਆ ਅਭਿਆਸ ਕੀਤਾ ਜਾ ਸਕਦਾ ਹੈ, ਦਾ ਫੌਰੀ ਪ੍ਰਭਾਵ ਇਹ ਸੀ ਕਿ ਕਿਰਤ ਅਤੇ ਵਾਪਾਰ ਪ੍ਰਤੀ ਸਾਰੇ ਪੱਖਪਾਤ ਜਾਂ ਮਨੋਵਿਰੋਧ ਦੂਰ ਹੋ ਗਏ ਅਤੇ ਖ਼ਾਸ ਕਰਕੇ ਧਾਰਮਿਕ ਰੁਚੀਆਂ ਵਾਲੇ ਲੋਕ ਵੀ ਦੁਨਿਆਵੀ ਮਾਮਲਿਆਂ ਵਿਚ ਤਕੜਾ ਭਾਗ ਲੈਣ ਲਗ ਪਏ। [16]

### 1. ਅਕਬਰ ਦੇ ਦਰਬਾਰ ਵਿਚ ਜਾਣਾ ਅਤੇ ਸਿੱਖ ਸਿਧਾਤਾਂ ਦੀ ਸਹੀ ਪੇਸ਼ਕਾਰੀ

ਗੁਰੂ ਰਾਮਦਾਸ ਦਾ ਬਾਦਸ਼ਾਹ ਅਕਬਰ ਦੇ ਦਰਬਾਰ ਜਾਣਾ ਅਤੇ ਸਿੱਖ ਸਿਧਾਤਾਂ ਦੀ ਸਹੀ ਵਿਆਖਿਆ ਕਰਨਾ, ਇਹ ਵਾਰਤਾ ਆਪ ਜੀ ਦੇ ਗੁਰਿਆਈ ਪ੍ਰਾਪਤ ਕਰਨ ਤੋਂ ਪਹਿਲਾਂ



ਦੀ ਹੈ। ਵਾਰਤਾ ਇੰਞ ਹੈ ਕਿ ਗੁਰੂ ਨਾਨਕ ਦੇਵ ਦੁਆਰਾ ਚਲਾਏ ਨਵੇਂ ਪੰਥ ਨੇ ਕਰਮ-ਕਾਂਡਾਂ ਦਾ ਖੰਡਨ ਕੀਤਾ, ਜਿਸ ਕਾਰਨ ਪੰਡਿਤਾਂ, ਬ੍ਰਾਹਮਣਾਂ ਆਦਿਕ ਨੂੰ ਸਮਾਜ ਉਤੇ ਆਪਣੀ ਪਕੜ ਢਿੱਲੀ ਪੈਂਦੀ ਜਾਪੀ। ਇਸ ਲਈ ਉਨ੍ਹਾਂ ਨੇ ਇਹ ਦੋਸ਼ ਲਗਾਏ ਕਿ ਇਸ ਨਵੇਂ ਪੰਥ ਦੇ ਸਿਧਾਂਤਾਂ ਕਾਰਨ ਸਾਡੇ ਪੁਰਾਣੇ ਰੀਤੀ ਰਿਵਾਜਾਂ ਨੂੰ ਢਾਹ ਲਗਦੀ ਹੈ। ਲੋਕ ਪਿਤਰ-ਪੂਜਾ ਤੋਂ ਇਨਕਾਰੀ ਹੋ ਰਹੇ ਹਨ, ਵੇਦ ਪਾਠ ਤੋਂ ਵੀ ਮੁਖ ਮੋੜ ਰਹੇ ਹਨ ਅਤੇ ਦੇਵੀ ਦੇਵਤਿਆਂ ਦੀ ਪੂਜਾ ਦਾ ਖੰਡਨ ਕਰਨ ਲਗ ਪਏ ਹਨ। ਇਸ ਨਵੇਂ ਪੰਥ ਦੇ ਗੁਰੂ ਅਮਰਦਾਸ ਨੇ ਆਪਣੇ ਦਰਬਾਰ ਵਿਚ ਆਉਣ ਵਾਲਿਆਂ ਲਈ ਇਹ ਹੁਕਮ ਜਾਰੀ ਕੀਤਾ ਹੋਇਆ ਹੈ ਕਿ ਗੁਰੂ-ਦਰਬਾਰ ਆਉਣ ਵਾਲਾ ਹਰ ਵਿਅਕਤੀ ਪਹਿਲਾਂ ਗੁਰੂ ਕੇ ਲੰਗਰ ਵਿਚੋਂ ਇਕ ਹੀ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕੇ, ਜਿਸ ਨਾਲ ਉਚੀ ਕੁਲ ਦੇ ਬ੍ਰਾਹਮਣਾਂ ਦਾ ਸਨਮਾਨ ਘਟਿਆ ਹੈ। ਉਨ੍ਹਾਂ ਨੇ ਇਹ ਸਭ ਸ਼ਿਕਾਇਤਾਂ ਬਾਦਸ਼ਾਹ ਅਕਬਰ ਦੇ ਪਾਸ ਕਰ ਦਿੱਤੀਆਂ। ਇਹ ਘਟਨਾ ਸੰਨ 1557 ਦੀ ਹੈ, ਉਸ ਸਮੇਂ ਅਕਬਰ, ਸ਼ੇਰਸ਼ਾਹ ਦੇ ਭਤੀਜੇ ਸਿਕੰਦਰ ਸੂਰੀ ਦੇ ਵਿਰੁਧ ਮੁਹਿੰਮ ਤੇ ਪੰਜਾਬ ਆਇਆ ਹੋਇਆ ਸੀ ਅਤੇ ਕੁਝ ਸਮੇਂ ਲਈ ਲਾਹੌਰ ਠਹਿਰਿਆ ਹੋਇਆ ਸੀ। [17]

ਬਾਦਸ਼ਾਹ ਅਕਬਰ ਨੇ ਉਨ੍ਹਾਂ ਨੂੰ ਨਿਆਂ ਦੀ ਆਸ ਦਿਤੀ ਅਤੇ ਸਤਿਗੁਰੂ ਜੀ ਨੂੰ ਆਪਣਾ ਪੱਖ ਪੇਸ਼ ਕਰਨ ਲਈ ਸੱਦਾ ਭੇਜਿਆ। ਗੁਰੂ ਅਮਰਦਾਸ ਨੇ ਰਾਮਦਾਸ ਨੂੰ ਉਨ੍ਹਾਂ ਸ਼ਿਕਾਇਤਾਂ ਦਾ ਨਿਵਾਰਨ ਕਰਨ ਲਈ ਭੇਜਿਆ। ਅਕਬਰ ਦੇ ਦਰਬਾਰ ਵਿਚ ਵੀ ਉਨ੍ਹਾਂ ਬ੍ਰਾਹਮਣਾਂ ਅਤੇ ਸਨਾਤਨੀਆਂ ਨੇ ਆਪਣੇ ਇਲਜ਼ਾਮ ਦੁਹਰਾਏ ਕਿ ਇਸ ਨਵੇਂ ਪੰਥ ਵਾਲਿਆਂ ਨੇ ਤੀਰਥ-ਇਸ਼ਨਾਨ, ਸੰਸਕ੍ਰਿਤ ਵੇਦ-ਪਾਠ, ਮੂਰਤੀ ਪੂਜਾ, ਗਾਇਤ੍ਰੀ-ਸੰਧਿਆ, ਸ਼ਾਸਤਰੀ ਰੀਤਾਂ ਤੇ ਵਰਣ-ਆਸ਼ਰਮ ਦੀ ਮਨੌਤ ਨੂੰ ਛਡ ਦਿਤਾ ਹੈ ਅਤੇ ਆਪਣੀ ਧਰਮਸ਼ਾਲ ਦੇ ਦਰਵਾਜ਼ੇ ਚਾਰੇ ਵਰਨਾਂ ਲਈ ਖੋਲ੍ਹ ਦਿਤੇ ਹਨ ਜਿਸ ਨਾਲ ਧਾਰਮਿਕ ਤੇ ਸਮਾਜਿਕ ਮਰਯਾਦਾ ਭੰਗ ਹੋ ਰਹੀ ਹੈ ਅਤੇ ਜਿਸ ਦੇ ਫਲਸਰੂਪ ਦੇਸ਼ ਅੰਦਰ ਰਾਜਸੀ ਗੜਬੜ ਪੈਦਾ ਹੋ ਸਕਦੀ ਹੈ। ਉਸ ਸਮੇਂ ਰਾਮਦਾਸ ਨੇ ਸਿੱਖ-ਧਰਮ ਦਾ ਆਦਰਸ਼ ਬਹੁਤ ਹੀ ਸੁਚੱਜੇ ਢੰਗ ਨਾਲ ਬਾਦਸ਼ਾਹ ਅਕਬਰ ਕੋਲ ਪੇਸ਼ ਕੀਤਾ, ਜਿਸ ਨਾਲ ਉਸ ਦੀ ਸੰਤੁਸ਼ਟੀ ਹੋ ਗਈ। ਰਾਮਦਾਸ ਨੇ ਬ੍ਰਾਹਮਣਾਂ ਦੁਆਰਾ ਕੀਤੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਤੁਸੀਂ ਗਾਇਤ੍ਰੀ ਮੰਤਰ ਦੇ ਤਿਆਗ ਦੀ ਗਲ ਕਰਦੇ ਹੋ, ਅਸੀਂ ਇਹ ਮੰਤਰ ਨਹੀਂ ਪੜਦੇ। ਮੈਂ ਗਾਇਤ੍ਰੀ ਮੰਤ੍ਰ ਪੜ੍ਹ ਤਾਂ ਸਕਦਾ ਹਾਂ ਪਰ ਤੁਹਾਡੀ ਵੇਦ-ਰੀਤੀ ਅਨੁਸਾਰ ਇਹ ਮੰਤ੍ਰ ਕਿਸੇ ਮਲੇਛ ਦੇ ਸਾਹਮਣੇ ਨਹੀਂ ਪੜ੍ਹਿਆ ਜਾ ਸਕਦਾ। ਵੇਦ-ਰੀਤ ਅਨੁਸਾਰ ਗਾਇਤ੍ਰੀ ਮੰਤ੍ਰ ਨੂੰ ਸਿਰਫ ਬ੍ਰਾਹਮਣ, ਖੱਤਰੀ ਤੇ ਵੈਸ਼ ਹੀ ਪੜ੍ਹ ਸਕਦੇ ਹਨ ਪਰ ਸਾਡੇ ਨਵੇਂ ਪੰਥ ਦੇ ਨਿਸ਼ਚੇ ਅਨੁਸਾਰ ਪਰਮਾਤਮਾ ਦਾ ਨਾਮ ਸੂਦਰਾਂ ਸਮੇਤ ਕੋਈ ਵੀ ਜਪ ਸਕਦਾ ਹੈ। ਦੂਜਾ ਤੀਰਥ ਕਿਸੇ ਸਥਾਨ ਜਾਂ ਕਿਸੇ ਖਾਸ ਨਦੀ ਦੇ ਪਾਣੀ ਕਰਕੇ ਪਵਿੱਤਰ ਨਹੀਂ, ਮਹਾਂ-ਪੁਰਖਾਂ

ਕਾਰਨ ਹੀ ਪਵਿੱਤਰ ਹੁੰਦਾ ਹੈ। ਜਿਥੇ ਵੀ ਮਹਾਂ-ਪੁਰਖ ਹੁੰਦੇ ਹਨ, ਉਹੀ ਤੀਰਥ ਸਥਾਨ ਹੁੰਦਾ ਹੈ। ਤੀਜਾ ਮੂਰਤੀ ਪੂਜਾ ਵਿਚ ਸਾਡਾ ਕੋਈ ਵਿਸ਼ਵਾਸ਼ ਨਹੀਂ ਕਿਉਂਕਿ ਪਰਮਾਤਮਾ ਹਰੇਕ ਥਾਂ, ਹਰੇਕ ਰੂਪ ਅਤੇ ਹਰੇਕ ਮੂਰਤ ਵਿਚ ਵਿਆਪਕ ਹੈ। ਉਹ ਨਿਰਗੁਣ ਹੈ ਕਿਸੇ ਇਕ ਜਾਮੇ ਵਿਚ ਨਹੀਂ ਆਉਂਦਾ। ਬ੍ਰਾਹਮਣ ਆਪਣੇ ਆਪ ਨੂੰ ਸਰਵੋਤਮ ਦੱਸਦਾ ਹੈ ਅਤੇ ਦੂਜਿਆਂ ਨੂੰ ਤੁਛ, ਪਰ ਨਵੇਂ ਪੰਥ ਦੀ ਵਿਚਾਰਧਾਰਾ ਸਭ ਨੂੰ ਇਕਸਮਾਨ ਮੰਨਦੀ ਹੈ।[18]

ਗੁਰੂ ਰਾਮਦਾਸ ਨੇ ਸਿੱਖ ਸਿਧਾਤਾਂ ਦੀ ਵਿਆਖਿਆ ਬਹੁਤ ਹੀ ਵਧੀਆਂ ਤਰੀਕੇ ਨਾਲ ਕਰ ਕੇ ਗੁਰੂਘਰ ਦੇ ਵਿਰੋਧੀਆਂ ਨੂੰ ਚੁਪ ਕਰ ਦਿਤਾ ਅਤੇ ਬਾਦਸ਼ਾਹ ਅਕਬਰ ਸਿੱਖ ਧਰਮ ਦੇ ਸਿਧਾਤਾਂ ਤੋਂ ਬਹੁਤ ਪਭਾਵਿਤ ਹੋਇਆ। ਇਸ ਤੋਂ ਬਾਅਦ ਗੁਰੂ ਅਮਰਦਾਸ ਦੇ ਦਰਸ਼ਨ ਕਰਨ ਦੀ ਇਛਾ ਪ੍ਰਗਟ ਕੀਤੀ ਅਤੇ ਉਹ ਖੁਦ ਸੰਨ 1567 ਵਿਚ ਗੋਇੰਦਵਾਲ ਵਿਖੇ ਆਇਆ ਅਤੇ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ। ਬਾਦਸ਼ਾਹ ਅਕਬਰ ਲੰਗਰ ਪ੍ਰਥਾ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੇ ਲੰਗਰ ਦੇ ਖਰਚ ਲਈ ਕੁਝ ਪਿੰਡਾਂ ਦੀ ਜਾਗੀਰ ਦਾਨ ਦੇ ਰੂਪ ਵਿਚ ਦੇਣੀ ਚਾਹੀ, ਪਰ ਗੁਰੂ ਅਮਰਦਾਸ ਨੇ ਇਹ ਸਰਕਾਰੀ ਦਾਨ ਲੈਣ ਤੋਂ ਇਨਕਾਰ ਕਰ ਦਿਤਾ। ਪਰ ਇਸ ਇਨਕਾਰ ਦੇ ਬਾਵਜੂਦ ਵੀ ਅਕਬਰ ਨੇ ਬਾਰ੍ਹਾਂ ਪਿੰਡਾਂ ਦਾ ਪਟਾ ਗੁਰੂ ਅਮਰਦਾਸ ਦੀ ਸਪੁਤਰੀ ਬੀਬੀ ਭਾਨੀ ਦੇ ਨਾਮ ਲਿਖ ਦਿਤਾ। ਕਹਿੰਦੇ ਹਨ ਕਿ ਇਹ ਪਟਾ ਆਲੇ ਵਿਚ ਹੀ ਪਿਆ ਰਿਹਾ ਅਤੇ ਗੁਰੂ ਜੀ ਨੇ ਕਦੇ ਵੀ ਇਸ ਨੂੰ ਨਹੀਂ ਵਰਤਿਆ।[19]

ਗੁਰੂ ਰਾਮਦਾਸ ਦਾ ਅਕਬਰ ਦੇ ਦਰਬਾਰ ਵਿਚ ਜਾਣਾ ਅਤੇ ਗੁਰੂ-ਘਰ ਦੇ ਵਿਰੋਧੀਆਂ ਦੁਆਰਾ ਕੀਤੀਆਂ ਸ਼ਿਕਾਇਤਾਂ ਦਾ ਨਿਵਾਰਨ ਕਰਨਾ ਅਤੇ ਅਕਬਰ ਬਾਦਸ਼ਾਹ ਦੇ ਮਨ ਵਿਚ ਸਿੱਖ ਧਰਮ ਬਾਰੇ ਸਤਿਕਾਰ ਦੇ ਭਾਵ ਪੈਦਾ ਹੋਣਾ, ਗੁਰੂ ਸਾਹਿਬ ਦੀ ਮਹਾਨ ਕਾਬਲੀਅਤ ਦਾ ਹੀ ਪ੍ਰਗਟਾਵਾ ਸੀ। ਇਸ ਗੱਲ ਨੂੰ ਇਸ ਰੂਪ ਵਿਚ ਵੀ ਵੇਖਿਆ ਜਾ ਸਕਦਾ ਹੈ ਕਿ ਇਹ ਗੁਰੂ ਅਮਰਦਾਸ, ਰਾਮਦਾਸ ਨੂੰ ਗੁਰਿਆਈ ਦੇਣ ਲਈ, ਉਨ੍ਹਾਂ ਦੀ ਅਜਮਾਇਸ਼ ਹੀ ਕਰ ਰਹੇ ਹੋਣ। ਰਾਮਦਾਸ ਨੇ ਇਸ ਅਜਮਾਇਸ਼ ਨੂੰ ਬਹੁਤ ਹੀ ਸਫਲਤਾਪੂਰਵਕ ਪਾਸ ਕੀਤਾ।

ਸੋਹਣ ਸਿੰਘ ਸੀਤਲ, ਗੁਰੂ ਅਮਰਦਾਸ ਦੁਆਰਾ ਰਾਮਦਾਸ ਦੀ ਅਜਮਾਇਸ਼ ਸੰਬੰਧੀ ਇੰਦਦਲੀਲ ਦਿੰਦੇ ਹਨ ਕਿ ਵਿਰੋਧੀਆਂ ਦੇ ਸ਼ਿਕਾਇਤ ਕਰਨ ਉੱਤੇ ਬਾਦਸ਼ਾਹ ਅਕਬਰ ਨੇ ਗੁਰੂ ਅਮਰਦਾਸ ਨੂੰ ਲਾਹੌਰ ਬੁਲਾਇਆ। ਗੁਰੂ ਅਮਰਦਾਸ ਆਪ ਨਹੀਂ ਗਏ, ਪਰ ਆਪਣੇ ਥਾਂ ਭਾਈ ਜੇਠਾ ਨੂੰ ਭੇਜਿਆ। ਆਪਣੇ ਸਾਹਿਬਜ਼ਾਦਿਆਂ ਤੇ ਹੋਰ ਬਜ਼ੁਰਗ ਸਿੱਖਾਂ ਦੇ ਪਾਸ ਹੁੰਦਿਆਂ ਵੀ ਗੁਰਦੇਵ ਨੇ 23 ਸਾਲ ਦੇ ਜਵਾਨ ਭਾਈ ਜੇਠਾ ਨੂੰ ਹੀ ਚੁਣਿਆ। ਗੁਰੂ ਜੀ ਨੂੰ ਪੂਰਨ ਗੁਣ ਕੇਵਲ ਭਾਈ ਜੇਠਾ ਵਿਚ ਹੀ ਨਜ਼ਰ ਆਏ, ਜੋ ਉਸ ਸਮੇਂ ਬਾਦਸ਼ਾਹ ਦੇ ਦਰਬਾਰ ਵਿਚ ਸਿੱਖ ਧਰਮ ਦੀ ਵਿਆਖਿਆ ਕਰਨ ਲਈ ਜਰੂਰੀ ਸਨ ਤੇ ਗੁਰਗੱਦੀ ਦੇ ਮਾਲਕ ਦੀ ਚੋਣ ਕੇਵਲ ਗੁਣਾਂ ਦੇ ਆਧਾਰ



'ਤੇ ਹੋਣੀ ਸੀ।[20]

## 2. ਅੰਮ੍ਰਿਤਸਰ ਸ਼ਹਿਰ ਵਸਾਉਣਾ

ਸਿੱਖ ਧਰਮ ਦੇ ਪਹਿਲੇ ਤਿੰਨੇ ਗੁਰੂ ਸਾਹਿਬਾਨ ਨੇ ਵੀ ਨਵੇਂ ਨਗਰ ਵਸਾ ਕੇ ਸਿੱਖ ਧਰਮ ਦਾ ਸੰਚਾਲਨ ਕੀਤਾ। ਤੀਜੇ ਗੁਰੂ ਅਮਰਦਾਸ ਨੇ ਗੁਰੂ ਰਾਮਦਾਸ ਨੂੰ ਇਕ ਨਵਾਂ ਸ਼ਹਿਰ ਵਸਾਉਣ ਲਈ ਕਿਹਾ। ਇਸ ਲਈ ਗੁਰੂ ਰਾਮਦਾਸ ਨੇ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰੱਖੀ, ਪਹਿਲਾਂ ਇਸ ਸ਼ਹਿਰ ਨੂੰ 'ਚੱਕ ਰਾਮਦਾਸ' ਜਾਂ 'ਰਾਮਦਾਸਪੁਰਾ' ਕਹਿੰਦੇ ਸਨ ਅਤੇ ਬਾਅਦ ਵਿਚ ਇਸ ਸ਼ਹਿਰ ਦਾ ਨਾਮ 'ਅੰਮ੍ਰਿਤਸਰ' ਰਖਿਆ ਗਿਆ:

> ਗਾਢੋ ਮੋੜ੍ਹਾ ਗਾਡ ਖਰਯੋ ਹੈ।
> ਨਾਮ 'ਗੁਰੂ ਕੋ ਚੱਕ' ਧਰਯੋ ਹੈ।...।[21]

ਡਾ. ਗੰਡਾ ਸਿੰਘ ਅੰਮ੍ਰਿਤਸਰ ਗਜ਼ਟੀਅਰ ਦੇ ਹਵਾਲੇ ਨਾਲ ਲਿਖਦੇ ਹਨ ਕਿ 1577 ਈ. ਨੂੰ ਗੁਰੂ ਜੀ ਨੇ ਅੰਮ੍ਰਿਤਸਰ ਵਾਲੀ ਥਾਂ ਅਤੇ ਨਾਲ ਲਗਦੀ 500 ਵਿਘੇ ਜ਼ਮੀਨ ਅਕਬਰ ਤੋਂ ਜਾਗੀਰ ਵਿਚ ਲਈ ਤੇ ਉਸ ਦੇ ਬਦਲੇ ਤੁੰਗ ਪਿੰਡ ਦੇ ਜ਼ਿਮੀਦਾਰਾਂ ਨੂੰ, ਜੋ ਉਸ ਜ਼ਮੀਨ ਦੇ ਮਾਲਕ ਸਨ, 700 ਅਕਬਰੀ ਰੁਪਏ ਦਿਤੇ।[22]

ਗੁਰੂ ਰਾਮਦਾਸ ਨੇ ਗੁਰਿਆਈ ਮਿਲਣ ਉਪਰੰਤ ਪਿਛਲੇ ਗੁਰੂ ਜੀ ਦੇ ਰਿਸ਼ਤੇਦਾਰਾਂ ਦੀ ਕਿਸੇ ਤਰ੍ਹਾਂ ਦੀ ਸੰਭਾਵੀ ਵਿਰੋਧਤਾ ਤੋਂ ਬਚਣ ਲਈ ਗੋਇੰਦਵਾਲ ਤੋਂ ਆਪਣੀ ਰਿਹਾਇਸ਼ ਅੰਮ੍ਰਿਤਸਰ ਬਦਲ ਲਈ। ਗੁਰੂ ਰਾਮਦਾਸ ਦੀ ਇਛਾ ਸੀ ਕਿ ਇਹ ਨਗਰੀ ਦੇ ਵਸਨੀਕ ਧਰਮ ਦੀ ਕਿਰਤ ਵਾਲੇ ਗ੍ਰਹਿਸਤੀ, ਵਾਪਾਰ, ਹੁਨਰ ਅਤੇ ਦਸਤਕਾਰੀ ਰਾਹੀਂ ਉਦਮ ਜਤਨ ਕਰ ਕੇ ਰੋਜ਼ੀ ਕਮਾਉਣ ਵਾਲੇ ਹੋਣ। ਇਸ ਲਈ ਆਪ ਜੀ ਨੇ ਇਸ ਸ਼ਹਿਰ ਵਿਚ ਵੱਖ-ਵੱਖ 52 ਕਿੱਤਿਆਂ ਵਾਲੇ ਲੋਕਾਂ ਨੂੰ ਰਹਿਣ ਲਈ ਬੁਲਾਇਆ ਤਾਂ ਕਿ ਇਥੇ ਹਰ ਤਰ੍ਹਾਂ ਦਾ ਵਪਾਰਕ ਕੇਂਦਰ ਸਥਾਪਿਤ ਕੀਤਾ ਜਾ ਸਕੇ। ਇਹ ਲੋਕ ਦਸਤਕਾਰੀ, ਹੁਨਰ ਤੇ ਵਾਪਾਰ ਦੇ ਜਾਣੂੰ ਸਨ, ਇਨ੍ਹਾਂ ਵਿਚ ਤਰਖਾਣ, ਲੁਹਾਰ, ਸੁਨਿਆਰ, ਠਠਿਆਰ, ਜੁਲਾਹੇ, ਮੋਚੀ ਆਦਿਕ ਕਿਤਿਆਂ ਵਾਲੇ ਕਿਰਤੀ ਵੀ ਸਨ। ਗੁਰੂ ਜੀ ਦੁਆਰਾ ਵਸਾਉਣ ਕਰਕੇ ਅੰਮ੍ਰਿਤਸਰ ਦੇ ਬਾਜ਼ਾਰ ਦਾ ਨਾਮ 'ਗੁਰੂ ਕਾ ਬਾਜ਼ਾਰ' ਰਖਿਆ ਗਿਆ।[23] ਡਾ. ਸੁਖਦਿਆਲ ਸਿੰਘ ਗੁਰੂ ਰਾਮਦਾਸ ਦੁਆਰਾ ਅੰਮ੍ਰਿਤਸਰ ਸ਼ਹਿਰ ਵਸਾਉਣ ਦੀ ਯੋਜਨਾ ਸੰਬੰਧੀ ਲਿਖਦੇ ਹਨ, "ਛੇਤੀ ਹੀ ਇਹ ਨਗਰ, ਸਦੀਆਂ ਤੋਂ ਵਸੇ ਆ ਰਹੇ ਅਤੇ ਸਰਕਾਰੀ ਤਾਕਤ ਦਾ ਕੇਂਦਰ ਰਹੇ, ਲਾਹੌਰ ਸ਼ਹਿਰ ਦੇ ਬਰਾਬਰ ਤਰੱਕੀ ਕਰ ਗਿਆ ਸੀ। ਸਭ ਤੋਂ ਅਹਿਮ ਗੱਲ ਦੇਖਣ ਵਾਲੀ ਇਹ ਹੈ ਕਿ ਗੁਰੂ ਰਾਮਦਾਸ ਨੇ ਇਸ ਨਗਰ ਨੂੰ ਇਕ ਮਾਡਲ ਦੇ ਤੌਰ 'ਤੇ ਸਥਾਪਤ ਕੀਤਾ ਸੀ। ਵੱਖ-ਵੱਖ ਪੇਸ਼ਿਆਂ ਦੇ ਲੋਕ ਇਥੇ ਰਹਿੰਦੇ ਸਨ ਪਰ ਕਿਸੇ ਵਿਚ ਉਚ-ਨੀਚ ਦੀ ਭਾਵਨਾ ਨਹੀਂ ਸੀ। ਕਿਸੇ ਦੀ ਮਿਹਨਤ ਨਾਲ ਕੀਤੀ ਹੋਈ

ਕਮਾਈ ਦੀ ਲੁਟ-ਖਸੁਟ ਨਹੀਂ ਸੀ। ਚੂੜੇ-ਚਮਿਆਰਾਂ ਜਾਂ ਖੱਤਰੀਆਂ-ਬ੍ਰਾਹਮਣਾਂ ਦੇ ਕੋਈ ਵੱਖਰੇ ਵੱਖਰੇ ਮੁਹੱਲੇ ਨਹੀਂ ਸਨ। ਇਹੀ ਕਾਰਣ ਸਨ ਕਿ ਇਥੋਂ ਦੇ ਵਸਿੰਦੇ ਸੰਤੁਸਟ ਸਨ ਅਤੇ ਇਸ ਸੰਤੁਸਟੀ ਦਾ ਸਬੂਤ ਸੀ ਇਸ ਨਗਰ ਦਾ ਤੇਜੀ ਨਾਲ ਹੋ ਰਿਹਾ ਵਿਕਾਸ। ਗੁਰਬਾਣੀ ਵਿਚ, ਜਿਸ ਹਲੇਮੀ ਰਾਜ ਦਾ ਪੰਜਵੇਂ ਗੁਰੂ ਅਰਜਨ ਦੇਵ ਨੇ ਜ਼ਿਕਰ ਕੀਤਾ ਹੈ। ਅੰਮ੍ਰਿਤਸਰ ਦਾ ਨਗਰ ਉਹ ਹਲੇਮੀ ਰਾਜ ਦਾ ਇਕ ਪੂਰਾ ਨਮੂਨਾ ਸੀ। ”[24]

ਰਾਮ ਰਾਜ ਰਾਮਦਾਸ ਪੁਰਿ ਕੀਨ੍ਹੇ ਗੁਰਦੇਵ ॥ [25]

ਗੁਰੂ ਅਰਜਨ ਦੇਵ ਅੰਮ੍ਰਿਤਸਰ ਦੀ ਸਿਫਤ ਆਪਣੀ ਬਾਣੀ ਵਿਚ ਇੰਝ ਕਰਦੇ ਹਨ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਪੁਰ ॥ [26]

ਹਿੰਮਤ ਸਿੰਘ ਸੋਢੀ ਇਤਿਹਾਸਕਾਰ ਲਤੀਫ ਦੇ ਹਵਾਲੇ ਨਾਲ ਲਿਖਦੇ ਹਨ ਕਿ ਇਕ ਕੇਂਦਰੀ ਸਥਾਨ ਦੇ ਤੌਰ ਤੇ ਅੰਮ੍ਰਿਤਸਰ ਦੀ ਉਸਾਰੀ ਕਰ ਕੇ ਗੁਰੂ ਰਾਮਦਾਸ ਨੇ ਇਕ ਕੌਮ ਦੇ ਤੌਰ ਤੇ ਸਿੱਖਾਂ ਦੀ ਭਾਵੀ ਵਡਿਆਈ ਦੀ ਨੀਂਹ ਰਖ ਦਿੱਤੀ, ਕਿਉਂਕਿ ਉਹ ਆਪਣੇ ਇਸ਼ਟ ਦੀ ਇਕ ਸਾਂਝੀ ਥਾਂ ਉਤੇ ਇਕਠੇ ਹੋ ਸਕਦੇ ਸਨ। ਇਸ ਤਰ੍ਹਾਂ ਇਕ ਸਾਂਝੇ ਕੌਮੀ ਵਿਰਸੇ ਦੀ ਉਸਾਰੀ ਹੋਈ, ਜਿਸ ਦੀ ਰਖਿਆ ਲਈ ਗੁਰੂ ਅਰਜਨ ਦੇਵ ਤੋਂ ਲੈ ਕੇ ਭਾਈ ਮਨੀ ਸਿੰਘ ਤੱਕ ਅਤੇ ਹੁਣ ਤਕ ਵੀ ਅਨੇਕਾਂ ਸਿੱਖਾਂ ਨੇ ਕੁਰਬਾਨੀਆਂ ਦਿੱਤੀਆਂ।[27] ਗੁਰ-ਨਗਰੀ ਦੀ ਉਸਾਰੀ ਦਾ ਕੰਮ ਭਾਈ ਜੇਠਾ ਦੇ ਗੱਦੀ ਸੰਭਾਲਣ ਤੋਂ ਇਕ ਸਾਲ ਪਹਿਲਾਂ 1573 ਵਿਚ ਸ਼ੁਰੂ ਹੋ ਕੇ ਗੁਰੂ ਅਰਜਨ ਦੇਵ ਦੇ ਸਮੇਂ ਤਕ ਜਾਰੀ ਰਿਹਾ।[28]

### 3. ਅੰਮ੍ਰਿਤਸਰ ਸਰੋਵਰ ਦੀ ਖੁਦਾਈ

ਗੁਰੂ ਰਾਮਦਾਸ ਨੇ ਅੰਮ੍ਰਿਤਸਰ ਵਿਖੇ ਸਰੋਵਰ ਦੀ ਖੁਦਾਈ ਦਾ ਕਾਰਜ ਆਰੰਭ ਕੀਤਾ। ਗਿਆਨੀ ਸੋਹਣ ਸਿੰਘ ਸੀਤਲ ਅਨੁਸਾਰ, "ਗੁਰੂ ਅਮਰਦਾਸ ਦੀ ਆਗਿਆ ਪਾ ਕੇ (ਗੁਰੂ) ਰਾਮਦਾਸ ਨੇ ਹਾੜ ਵਦੀ 12, 1629 ਬਿ. (1572 ਈ.) ਨੂੰ ਇਕ ਸਰੋਵਰ ਦਾ ਟੱਕ ਲਾਇਆ, ਜਿਸ ਨੂੰ ਇਸ ਵੇਲੇ 'ਸੰਤੋਖਸਰ' ਕਹਿੰਦੇ ਹਨ।...ਗੁਰੂ ਕਾ ਚੱਕ ਕਿਸੇ ਦਰਿਆ ਦੇ ਕਿਨਾਰੇ 'ਤੇ ਨਹੀਂ ਸੀ। ਇਸ ਵਾਸਤੇ ਉਥੇ ਪਾਣੀ ਦੀ ਲੋੜ ਪੂਰੀ ਕਰਨ ਵਾਸਤੇ ਇਕ ਵੱਡੇ ਸਰੋਵਰ ਦੀ ਜ਼ਰੂਰਤ ਸੀ। ਸੰਤੋਖਸਰ ਦਾ ਨਕਸ਼ਾ ਜ਼ਰਾ ਛੋਟਾ ਉਲੀਕਿਆ ਗਿਆ ਸੀ। ਉਹਦੀ ਖੁਦਾਈ ਅਜੇ ਮੁਕੰਮਲ ਨਹੀਂ ਹੋਈ ਸੀ। ਗੁਰੂ ਰਾਮਦਾਸ ਨੇ ਹਾੜ ਸੁਦੀ ਤੇਰਾਂ, 1634 ਬਿ. (1577 ਈ.) ਨੂੰ ਇਕ ਨਵੇਂ ਸਰੋਵਰ ਦੀ ਖੁਦਾਈ ਸ਼ੁਰੂ ਕੀਤੀ, ਜਿਸ ਦਾ ਨਾਮ 'ਅੰਮ੍ਰਿਤਸਰ' (ਅੰਮ੍ਰਿਤ



ਸਰੋਵਰ) ਰੱਖਿਆ। ਗੁਰਦੇਵ ਨੇ ਆਪਣੇ ਪਵਿੱਤਰ ਹੱਥਾਂ ਨਾਲ ਦੁੱਖ ਭੰਜਨੀ ਬੇਰੀ ਦੇ ਕੋਲ ਕਰਕੇ ਟੱਕ ਲਾਇਆ। ਬੜੇ ਉਤਸ਼ਾਹ ਨਾਲ ਕੰਮ ਸ਼ੁਰੂ ਹੋ ਗਿਆ। ”[29]

ਇਸ ਨੂੰ ਪਵਿੱਤਰ ਸਰੋਵਰ ਦਾ ਦਰਜਾ ਦਿਤਾ ਗਿਆ। ਇਸ ਪਵਿੱਤਰ ਸਰੋਵਰ ਦੇ ਜਲ ਵਿਚ ਜੋ ਵੀ ਵਿਅਕਤੀ ਇਸ਼ਨਾਨ ਕਰਦੇ ਹਨ, ਉਨ੍ਹਾਂ ਦੀ ਧੂੜ ਅਤੇ ਮੈਲ ਉਤਰ ਜਾਂਦੀ ਹੈ ਅਤੇ ਉਨ੍ਹਾਂ ਦੇ ਸਰੀਰ ਪਵਿਤਰ ਹੋ ਜਾਂਦੇ ਹਨ। ਇਸ 'ਅਮਰਤਾ ਦੇ ਅੰਮ੍ਰਿਤ' ਸਰੋਵਰ ਵਿਚ ਇਸ਼ਨਾਨ ਕਰਨ ਵਾਲੇ ਵਿਅਕਤੀ ਦੇ ਸਾਰੇ ਪਾਪ ਵੀ ਲਹਿ ਜਾਂਦੇ ਹਨ। ਸਭ ਤੋਂ ਪਹਿਲਾਂ ਇਸ ਸਰੋਵਰ ਨੂੰ 'ਅੰਮ੍ਰਿਤਸਰ' ਦਾ ਨਾਮ ਦਿਤਾ ਗਿਆ ਅਤੇ ਬਾਅਦ ਵਿਚ ਇਸ ਪਵਿੱਤਰ ਸਰੋਵਰ ਦੇ ਨਾਮ ਤੇ ਸ਼ਹਿਰ ਦਾ ਅੰਮ੍ਰਿਤਸਰ ਪੈ ਗਿਆ।[30] ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਵਰਣਨ ਕਰਦੇ ਹਨ:

ਬੈਠਾ ਸੋਢੀ ਪਾਤਿਸਾਹ ਰਾਮਦਾਸੁ ਸਤਿਗੁਰੂ ਕਹਾਵੈ ॥
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ ॥ [31]

### 4. ਮਸੰਦ ਪ੍ਰਥਾ ਦਾ ਆਰੰਭ

ਗੁਰੂ ਨਾਨਕ ਦੇਵ ਨੇ ਉਦਾਸੀਆਂ ਸਮੇਂ ਸਿੱਖ ਧਰਮ ਦਾ ਪ੍ਰਚਾਰ ਕਰਦਿਆਂ ਵੱਖ-ਵੱਖ ਥਾਵਾਂ ਤੇ ਸੰਗਤ ਸਥਾਪਿਤ ਕੀਤੀ ਸੀ। ਉਸੇ ਸੰਗਤ ਨੂੰ ਕੇਂਦਰੀ ਸਥਾਨ ਨਾਲ ਜੋੜ ਕੇ ਰੱਖਣ ਲਈ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਨੇ ਮੰ ਪ੍ਰਥਾ ਦਾ ਆਰੰਭ ਕੀਤਾ ਸੀ। ਸਿੱਖ ਧਰਮ ਦੇ ਪ੍ਰਚਾਰ ਅਤੇ ਪਾਸਾਰ ਲਈ ਗੁਰੂ ਰਾਮਦਾਸ ਨੇ ਮਸੰਦ ਪ੍ਰਥਾ ਦਾ ਆਰੰਭ ਕੀਤਾ। ਇਹ ਕਿਸੇ ਇਲਾਕੇ ਦੇ ਉਹ ਮੁਖੀ ਸਿੱਖ ਸਨ, ਜੋ ਆਪੋ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਸਿੱਖ-ਸੰਗਤ ਦੀਆਂ ਭੇਟਾਵਾਂ ਗੁਰੂ ਸਾਹਿਬ ਤਕ ਪਹੁੰਚਾਇਆ ਕਰਦੇ ਸਨ।

ਭਾਈ ਕਾਨ੍ਹ ਸਿੰਘ ਨਾਭਾ 'ਮਸੰਦ' ਦੇ ਅਰਥ ਇੰਝ ਲਿਖਦੇ ਹਨ, "ਮਸਨਦ (ਗੱਦੀ) ਨਾਲ ਸੰਬੰਧ ਰੱਖਣ ਵਾਲਾ। ਜੋ ਲੋਕ ਸਿੱਖਾਂ ਤੋਂ ਦਸੌਂਧ ਅਤੇ ਕਾਰ ਭੇਟਾ ਉਗਰਾਹੁੰਦੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ, ਉਹ ਮਸੰਦ ਕਹੇ ਜਾਂਦੇ ਸਨ। ਚੌਥੇ ਸਤਿਗੁਰੂ ਦੇ ਸਮੇਂ ਤੋਂ ਲੈ ਕੇ ਸੰਮਤ 1755 ਤੀਕ ਇਹ ਸਿਲਸਿਲਾ ਰਿਹਾ। ਫੇਰ ਦਸਮੇਸ਼ ਨੇ ਮਸੰਦਾਂ ਦੀਆਂ ਬੁਰੀਆਂ ਕਰਤੂਤਾਂ ਦੇਖਕੇ ਇਹ ਅਹੁਦਾ ਹਟਾ ਦਿੱਤਾ, ਬਲਕਿ ਅੰਮ੍ਰਿਤ ਸਮੇਂ ਉਪਦੇਸ਼ ਦਿੱਤਾ ਕਿ ਮਸੰਦਾਂ ਨਾਲ ਨਹੀਂ ਵਰਤਣਾ। ”[32]

ਡਾ. ਰਤਨ ਸਿੰਘ ਜੱਗੀ ਮਸੰਦ ਪ੍ਰਥਾ ਨੂੰ ਮੰਜੀ ਪ੍ਰਥਾ ਦਾ ਹੀ ਵਿਕਸਿਤ ਰੂਪ ਮੰਨਦੇ ਹੋਏ ਲਿਖਦੇ ਹਨ, "ਗੁਰੂ ਰਾਮਦਾਸ ਦੇ ਵੇਲੇ ਤੋਂ ਸਿੱਖਾਂ ਤੋਂ ਦਸਵੰਧ ਅਤੇ ਕਾਰ-ਭੇਟ ਉਗਰਾਹੁਣ ਦੀ ਜਿੰਮੇਵਾਰੀ ਜਿਨ੍ਹਾਂ ਮੁੱਖੀ ਸਿੱਖਾਂ ਨੂੰ ਸੌਂਪੀ ਜਾਂਦੀ ਸੀ, ਉਨ੍ਹਾਂ ਨੂੰ 'ਮਸੰਦ' ਕਿਹਾ ਜਾਂਦਾ ਸੀ। ਇਹ ਇਕ ਪ੍ਰਕਾਰ ਨਾਲ ਗੁਰੂ ਅਮਰਦਾਸ ਦੁਆਰਾ ਚਲਾਈ ਮੰਜੀ ਪ੍ਰਥਾ ਦਾ ਹੀ ਵਿਕਸਿਤ ਰੂਪ

ਸੀ। ”[33]

ਮਸੰਦ ਪ੍ਰਥਾ ਗੁਰੂ ਰਾਮਦਾਸ ਦੁਆਰਾ ਆਰੰਭ ਕੀਤੀ ਬਹੁਤ ਹੀ ਵਧੀਆ ਪ੍ਰਥਾ ਸੀ ਜਿਸ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪਾਸਾਰ ਵਿਚ ਬਹੁਤ ਅਹਿਮ ਯੋਗਦਾਨ ਪਾਇਆ। ਜਿਹੜੇ ਸ਼ਰਧਾਲੂ-ਸਿੱਖ ਗੁਰੂ ਦਰਬਾਰ ਵਿਚ ਜਾ ਕੇ ਗੁਰੂ ਉਪਦੇਸ਼ ਨਹੀਂ ਸੁਣ ਸਕਦੇ ਸਨ, ਹੁਣ ਉਹ ਆਪਣੇ ਨੇੜੇ ਸੰਗਤ ਵਿਚ ਜਾ ਕੇ ਮਸੰਦਾਂ ਤੋਂ ਗੁਰਬਾਣੀ-ਵਿਚਾਰਾਂ ਵੀ ਸ੍ਰਵਣ ਕਰਦੇ ਅਤੇ ਆਪਣੀਆਂ ਭੇਟਾਵਾਂ ਗੁਰੂ ਸਾਹਿਬ ਤਕ ਪਹੁੰਚਾਉਣ ਲਈ ਵੀ ਮਸੰਦਾਂ ਨੂੰ ਸੌਂਪਦੇ ਸਨ।

## 5. ਉਦਾਸੀ ਮਤ ਨਾਲ ਸੰਬੰਧ

ਗੁਰੂ ਰਾਮਦਾਸ ਨਿਮਰਤਾ, ਸੇਵਾ, ਹਲੀਮੀ, ਅਤੇ ਤਿਆਗ ਦੀ ਮੂਰਤ ਸਨ। ਜਦੋਂ ਗੁਰੂ ਨਾਨਕ ਦੇਵ ਦੇ ਸਪੁੱਤਰ ਬਾਬਾ ਸ੍ਰੀ ਚੰਦ ਨੇ ਆਪ ਜੀ ਦੀ ਮਹਿਮਾ ਸੁਣੀ ਤਾਂ ਉਨ੍ਹਾਂ ਨੇ ਗੁਰੂ ਰਾਮਦਾਸ ਨੂੰ ਮਿਲਣ ਲਈ ਸੋਚਿਆ। ਬਾਬਾ ਸ੍ਰੀ ਚੰਦ ਇਸ ਤੋਂ ਪਹਿਲਾਂ ਕਿਸੇ ਵੀ ਗੁਰੂ ਸਾਹਿਬ ਦੇ ਦਰਬਾਰ ਵਿਚ ਨਹੀਂ ਆਏ ਸਨ। ਉਦਾਸੀ ਮਤ ਦੇ ਸਿੱਖਾਂ ਨਾਲ ਸੰਬੰਧ ਵੀ ਕੋਈ ਸੁਖਾਵੇਂ ਨਹੀਂ ਸਨ। ਬਾਬਾ ਸ੍ਰੀ ਚੰਦ ਪਹਿਲੀ ਵਾਰ ਸਿੱਖ ਧਰਮ ਦੇ ਗੁਰਗੱਦੀ ਤੇ ਸੁਭਾਇਮਾਨ ਚੌਥੇ ਗੁਰੂ ਰਾਮਦਾਸ ਨੂੰ ਮਿਲਣ ਲਈ ਆਏ।

ਗੁਰੂ ਰਾਮਦਾਸ ਨੂੰ ਜਦੋਂ ਪਤਾ ਲਗਾ ਕਿ ਬਾਬਾ ਸ੍ਰੀ ਚੰਦ ਆ ਰਹੇ ਹਨ ਤਾਂ ਗੁਰੂ ਉਨ੍ਹਾਂ ਨੂੰ ਲੈਣ ਲਈ ਅਗੇ ਗਏ ਤੇ ਗੁਰੂ ਨਾਨਕ ਦੇਵ ਦਾ ਸਪੁਤਰ ਹੋਣ ਕਾਰਣ ਪੰਜ ਸੌ ਰੁਪਏ ਅਤੇ ਮਠਿਆਈ ਭੇਟਾ ਕੀਤੀ। ਬਾਬਾ ਸ੍ਰੀ ਚੰਦ ਨੇ ਗੁਰੂ ਰਾਮਦਾਸ ਦੇ ਦਰਸ਼ਨ ਕਰਕੇ, ਉਨ੍ਹਾਂ ਵਿਚੋਂ ਗੁਰੂ ਨਾਨਕ ਦੇਵ ਦਾ ਹੀ ਰੂਪ ਦੇਖਿਆ। ਗੱਲਬਾਤ ਦੌਰਾਨ ਬਾਬਾ ਸ੍ਰੀ ਚੰਦ ਨੇ ਗੁਰੂ ਜੀ ਨੂੰ ਪੁਛਿਆ ਕਿ ਤੁਸੀਂ ਇੰਨੀ ਲੰਬੀ ਦਾੜੀ ਕਿਉਂ ਰੱਖੀ ਹੈ ? ਗੁਰੂ ਰਾਮਦਾਸ ਨੇ ਉੱਤਰ ਦਿਤਾ ਕਿ ਮੈਂ ਲੰਬੀ ਦਾੜੀ ਇਸ ਕਰਕੇ ਰੱਖੀ ਹੈ ਕਿ ਮੈਂ ਤੁਹਾਡੇ ਵਰਗੇ ਮਹਾਂਪੁਰਖਾਂ ਦੇ ਚਰਨ ਪੂੰਝ ਸਕਾਂ। ਇਸ ਤੋਂ ਬਾਅਦ ਗੁਰੂ ਜੀ ਜਦੋਂ ਸਚਮੁਚ ਬਾਬਾ ਸ੍ਰੀ ਚੰਦ ਦੇ ਪੈਰ ਪੂੰਝਣ ਲਈ ਉਠੇ ਤਾਂ ਬਾਬਾ ਸ੍ਰੀ ਚੰਦ ਨੇ ਆਪਣੇ ਪੈਰ ਪਿਛਾਂਹ ਖਿੱਚ ਲਏ ਅਤੇ ਕਹਿਣ ਲੱਗੇ ਕਿ ਗੁਰੂ ਨਾਨਕ ਸਾਹਿਬ ਦੀ ਗੱਦੀ ਤੇ ਤੁਸੀਂ ਵੱਡੇ ਹੋ, ਤੁਸੀਂ ਮੇਰੇ ਪਿਤਾ ਜੀ ਦੀ ਜਗ੍ਹਾ 'ਤੇ ਹੋ। ਇਹ ਤੁਹਾਡੀ ਨਿਮਰਤਾ ਦਾ ਹੀ ਜਾਦੂ ਹੈ, ਜਿਸ ਨੇ ਤੁਹਾਨੂੰ ਗੁਰੂ ਬਣਾਇਆ ਹੈ। ਮੇਰੇ ਵਿਚ ਇਹੋ ਜਿਹਾ ਕੋਈ ਗੁਣ ਨਹੀਂ ਸੀ ਜਿਸ ਕਰਕੇ ਮੈਂ ਪਿੱਛੇ ਰਹਿ ਗਿਆ। ਜੋ ਸਿੱਖ ਤੁਹਾਡੇ ਦਰਸ਼ਨਾਂ ਨੂੰ ਆਉਣਗੇ ਉਹ ਸ਼ਕਤੀ ਪ੍ਰਾਪਤ ਕਰ ਲੈਣਗੇ।[34]

ਇਸ ਤਰ੍ਹਾਂ ਗੁਰੂ ਰਾਮਦਾਸ ਦੀ ਨਿਮਰਤਾ ਅਤੇ ਹਲੀਮੀ ਭਰੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਬਾਬਾ ਸ੍ਰੀ ਚੰਦ ਨੇ ਆਪਣੇ ਪਹਿਲੇ ਮਨ-ਮੁਟਾਵ ਖਤਮ ਕਰ ਕੇ, ਗੁਰੂ ਘਰ ਨਾਲ ਮਿੱਤਰਤਾ ਪੂਰਵਕ ਸੰਬੰਧ ਸਥਾਪਿਤ ਕਰ ਲਏ। ਹੁਣ ਉਦਾਸੀ ਆਪਣੇ ਪੰਥ ਦਾ ਪ੍ਰਚਾਰ ਕਰਨ ਦੇ ਨਾਲ-



ਨਾਲ ਸਿੱਖ ਧਰਮ ਦੇ ਸਿਧਾਂਤਾਂ ਅਤੇ ਸਿਖਿਆਵਾਂ ਦਾ ਵੀ ਪ੍ਰਚਾਰ ਕਰਨ ਲਗ ਪਏ ਸਨ, ਜਿਸ ਦਾ ਪਤਾ ਬਾਅਦ ਵਿਚਲੇ ਇਤਿਹਾਸ ਨੂੰ ਵਾਚ ਕੇ ਸਹਿਜੇ ਹੀ ਲਗ ਜਾਂਦਾ ਹੈ।

## 6. ਬਾਣੀ ਰਚਨਾ

ਗੁਰੂ ਰਾਮਦਾਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 30 ਰਾਗਾਂ ਵਿਚ ਦਰਜ ਹੈ। ਗੁਰੂ ਰਾਮਦਾਸ ਅਜਿਹੇ ਪਹਿਲੇ ਗੁਰੂ ਹਨ, ਜਿਨ੍ਹਾਂ ਨੇ ਆਪਣੇ ਪੂਰਵਵਰਤੀ ਗੁਰੂ ਸਾਹਿਬਾਨ ਵਿਚੋਂ ਸਭ ਤੋਂ ਵਧੇਰੇ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਆਪ ਜੀ ਨੇ ਰਾਗੁ ਜੈਜਾਵੰਤੀ ਤੋਂ ਬਿਨ੍ਹਾਂ ਹੋਰ ਸਾਰੇ ਰਾਗਾਂ ਦੀ ਵਰਤੋਂ ਬਾਣੀ ਰਚਣ ਲਈ ਕੀਤੀ, ਜਿਹੜੇ ਕਿ ਨਿਮਨਾਨੁਸਾਰ ਹਨ: ਸਿਰੀ ਰਾਗੁ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ, ਦੇਵਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੋਂਡ, ਨਟ ਨਾਰਾਇਨ, ਮਾਲੀ ਗਉੜਾ, ਕੇਦਾਰਾ, ਕਾਨੜਾ ਅਤੇ ਕਲਿਆਨ।

ਪ੍ਰੋ. ਸਾਹਿਬ ਸਿੰਘ ਅਨੁਸਾਰ ਗੁਰੂ ਰਾਮਦਾਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 30 ਰਾਗਾਂ ਵਿਚ ਦਰਜ਼ ਹੈ ਜਿਸਦਾ ਵੇਰਵਾ ਨਿਮਨਾਨੁਸਾਰ ਹੈ[35]:

ਸਬਦ 246, ਛੰਤ 28, ਸਲੋਕ 135, ਵਣਜਾਰਾ 1 ਸਬਦ, ਘੋੜੀਆ 2 ਸਬਦ, ਅਸਟਪਦੀਆ 33, ਵਾਰਾਂ ਦੀਆਂ ਪਉੜੀ 183, ਪਹਰੇ 1 ਸਬਦ, ਕਰਹਲੇ 2 ਸਬਦ, ਸੋਲਹੇ 2 ਸਬਦ।

ਗੁਰੂ ਰਾਮਦਾਸ ਨੇ ਆਪਣੇ ਪੂਰਵਵਰਤੀ ਗੁਰੂ ਸਾਹਿਬਾਨ ਦੀ ਤਰ੍ਹਾਂ, ਆਪ ਜੀ ਨੇ ਵੀ ਬਾਣੀ ਦੀ ਰਚਨਾ ਕੀਤੀ। ਆਪ ਜੀ ਨੇ 'ਸੂਹੀ ਮਹਲਾ ੪' ਵਿਚ ਅਧਿਆਤਮਕ ਪ੍ਰਵਿਰਤੀਆਂ ਵਾਲੀਆਂ ਚਾਰ ਲਾਵਾਂ ਦਾ ਉਚਾਰਨ ਕੀਤਾ। ਸਿੱਖਾਂ ਵਿਚ ਇਨ੍ਹਾਂ ਲਾਵਾਂ ਦਾ ਪਾਠ ਅਨੰਦ ਕਾਰਜ ਦੀ ਰਸਮ ਨਿਭਾਉਣ ਸਮੇਂ ਕੀਤਾ ਜਾਂਦਾ ਹੈ। ਆਪ ਜੀ ਨੇ ਗੁਰਬਾਣੀ ਦੇ ਗੁਰੂ ਹੋਣ ਦੀ ਗਲ ਆਪਣੀ ਬਾਣੀ ਵਿਚ ਤਸਦੀਕ ਕਰ ਦਿਤੀ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥[36]

ਗੁਰੂ ਰਾਮਦਾਸ ਨੇ ਸਿੱਖਾਂ ਦੀ ਨਿਤ ਦੀ ਰਹਿਤ ਨਿਰਧਾਰਿਤ ਕਰਦਿਆਂ, ਇਕ ਸ਼ਬਦ ਉਚਾਰਨ ਕੀਤਾ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥[37]

ਸੋ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਾਮਦਾਸ ਦੇ ਗੁਰਿਆਈ ਕਾਲ ਵਿਚ ਸਿੱਖ ਧਰਮ ਦਾ ਬਹੁਤ ਪ੍ਰਚਾਰ-ਪਾਸਾਰ ਹੋਇਆ। ਗੁਰੂ ਰਾਮਦਾਸ ਨੇ ਸਿੱਖ ਸੰਗਤਾਂ ਨੂੰ ਵਿਵਸਥਿਤ ਢੰਗ ਨਾਲ ਸੰਗਠਿਤ ਕਰਨ ਲਈ ਮਸੰਦ ਪ੍ਰਥਾ ਦਾ ਆਰੰਭ ਕੀਤਾ। ਇਸ ਪ੍ਰਥਾ ਲਈ ਆਧਾਰ ਗੁਰੂ ਅਮਰਦਾਸ ਨੇ ਤਿਆਰ ਕੀਤਾ। ਗੁਰੂ ਅਮਰਦਾਸ ਵਖ-ਵਖ ਥਾਵਾਂ ਦੀ ਸੰਗਤ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਮੰਜੀ ਪ੍ਰਥਾ ਦਾ ਆਰੰਭ ਕੀਤਾ ਸੀ। ਆਪ ਜੀ ਨੇ ਅਕਬਰ ਦੇ ਦਰਬਾਰ ਵਿਚ, ਵਿਰੋਧੀਆਂ ਦੀਆਂ ਸ਼ਿਕਾਇਤਾਂ ਦਾ ਜਵਾਬ ਦਿੰਦਿਆਂ ਸਿੱਖ ਪੰਥ ਦੇ ਸਿਧਾਂਤਾਂ ਦੀ ਇਸ ਪ੍ਰਕਾਰ ਵਿਆਖਿਆ ਕੀਤੀ, ਜਿਸ ਨਾਲ ਇਹ ਪੂਰਨ ਤੌਰ 'ਤੇ ਸਪਸ਼ਟ ਹੋ ਗਿਆ ਸੀ ਕਿ ਇਹ 'ਨਵਾਂ ਪੰਥ' ਇਕ ਬਿਲਕੁਲ ਵੱਖਰਾ ਧਰਮ ਹੈ, ਕਿਸੇ ਹੋਰ ਧਰਮ ਦੀ ਸ਼ਾਖਾ ਨਹੀਂ। ਇਸ ਤੋਂ ਇਲਾਵਾ ਸਭ ਤੋਂ ਮਹਤਵਪੂਰਨ ਕਾਰਜ ਆਪ ਜੀ ਨੇ ਆਪਣੇ ਪੂਰਵਵਰਤੀ ਗੁਰੂ ਸਾਹਿਬਾਨ ਦੀ ਵਿਰਾਸਤ ਨੂੰ ਅਗੇ ਤੋਰਦਿਆਂ, 30 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਆਪ ਜੀ ਨੇ ਆਪਣੇ ਪੂਰਵਵਰਤੀ ਗੁਰੂ ਸਾਹਿਬਾਨ ਵਾਂਗ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਨਵਾਂ ਸ਼ਹਿਰ ਅੰਮ੍ਰਿਤਸਰ ਵਸਾਇਆ ਅਤੇ ਉਥੇ ਅੰਮ੍ਰਿਤ ਸਰੋਵਰ ਦੀ ਖੁਦਾਈ ਕਰਵਾਈ।

**ਹਵਾਲੇ ਅਤੇ ਟਿੱਪਣੀਆਂ**:


1. ਸੋਢੀ, ਹਿੰਮਤ ਸਿੰਘ, ਗੁਰੂ ਰਾਮਦਾਸ: ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 28.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 968.
3. ਸਾਹਿਬ ਸਿੰਘ, ਗੁਰ-ਇਤਿਹਾਸ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011, ਪੰਨਾ 104.
4. ਗੰਡਾ ਸਿੰਘ, ਤੇਜਾ ਸਿੰਘ, ਸਿੱਖ ਇਤਿਹਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 24.
5. ਜੱਗੀ, ਰਤਨ ਸਿੰਘ, ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ,ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ਪੰਨਾ 1522.
6. ਜੱਗੀ, ਰਤਨ ਸਿੰਘ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਦੂਜਾ, ਇੰਦਰਾਜ 'ਰਾਮਦਾਸ, ਗੁਰੂ (ਵਿਅਕਤਿਤਵ)'
7. ਤਾਰਨ ਸਿੰਘ, ਗੁਰੂ ਅਮਰਦਾਸ : ਜੀਵਨ, ਰਚਨਾ ਤੇ ਸਿੱਖਿਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 40.





8. ਇਕ ਦਿਨ ਮੱਜਨ ਕਰਿ ਗੁਰ ਥਿਰੇ। ਭਾਨੀ ਅਇ ਦਰਸ ਕੋ ਕਰੇ।
ਪਿਖਿ ਤਨੁਜਾ ਪਰ ਪਰਮ ਕ੍ਰਿਪਾਲ। ਸ਼੍ਰੀ ਮੁਖ ਬੋਲੇ ਤਿਸ ਕਾਲ ॥ 4 ॥
'ਰਾਮਦਾਸ ਅਬਿ ਤਨ ਪਰਹਰੈ। ਕਹੁ ਪੁੱਤ੍ਰੀ ਕਯਾ ਤਬਿ ਤੂੰ ਕਰੈਂ? ।
ਛਿਨਭੰਗਰ ਸਭਿ ਅਹੈਂ ਸਰੀਰ। ਬਿਨਸਤਿ ਤੁਰਤ ਨ ਕਰਿਹੀ ਧੀਰ' ॥ 5 ॥
ਭਾਨੀ ਮਹਾਂ ਚਤੁਰ ਸਭਿ ਜਾਨੀ। ਹੋਤਿ ਨ ਕਬਹੂੰ ਕੂਰ ਪਿਤ ਬਾਨੀ।
ਦ੍ਰਿੜ੍ਹ ਨਿਸ਼ਚੇ ਧਰਿ ਇਸੀ ਪ੍ਰਕਾਰੀ। ਕਰਤਿ ਸ਼ੀਘ੍ਰ ਨਕ ਨਾਥ ਉਤਾਰੀ ॥ 6 ॥
ਸ਼੍ਰੀ ਗੁਰ ਪਿਤਕੇ ਧਰੀ ਅਗਾਰੀ। ਹਾਥ ਜੋਰਿ ਮੁਖ ਬਿਨੈ ਉਚਾਰੀ।
'ਪ੍ਰਭੁ ਜੀ ਅਪਰਕਾਰ ਕਯਾ ਕਰਿਹੌਂ। ਜੇ ਬਿਧਵਾ ਕੇ ਧਰਮ, ਸੁ ਧਰਿਹੌਂ ॥ 7 ॥
-ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ ਪੰਜਵੀਂ) ਰਾਸਿ 1, ਅੰਸੂ 67.
9. ਰਾਮਦਾਸ ਕੀ ਬਯ ਅਬਿ ਨਾਂਹੀ। ਪੂਰਨ ਅਵਧਿ ਆਜ ਦਿਨ ਮਾਂਹੀ।
ਤਿਨ ਜੀਵਨ ਕੌ ਆਨਿ ਉਪਾਇ। ਨਹੀਂ ਹੋਤਿ ਨਿਸ਼ਚੈ ਇਮ ਲਯਾਇ ॥ 10 ॥
ਅਪਨ ਆਰਬਲ ਅਬਿ ਮੈਂ ਦੇਵੌਂ। ਹਿਤ ਪਰਲੋਕ ਗਮਨ ਸੁਭ ਲੇਵੌਂ।
ਇਮਿ ਕਹਿ ਰਾਮਦਾਸ ਬੁਲਵਾਇਵ। ਨਿਕਟ ਬਿਠਾਇ ਭਲੇ ਸਮੁਝਾਇਵ ॥ 11 ॥
ਹੇ ਸੁਤ ! ਤੇਰੀ ਅਵਧ ਬਿਤਾਈ। ਮੈਂ ਅਬਿ ਜਾਨ ਲੀਨਿ ਅਗੁਵਾਈ।
ਇਕ ਸਤ ਸੰਮਤ ਆਠ ਰ ਚਾਰੀ। ਆਰਬਲਾ ਹਮਰੇ ਤਨ ਸਾਰੀ ॥ 12 ॥
ਅਬ ਖਟ ਬਰਸ ਇਕਾਦਸ ਮਾਸ। ਦਯੋਸ ਅਸ਼ਟ ਦਸ ਸ਼ੇਸ਼ ਰਹਾਸ।
ਸੋ ਅਪਨੀ ਹਮ ਤੁਮ ਕੋ ਦੀਨਸਿ। ਪ੍ਰੇਮ ਭਗਤਿ ਮੈਂ ਲੀਨ ਪ੍ਰਬੀਨਸ ॥ 13 ॥
ਤੋਹਿ ਮੋਹਿ ਮੈਂ ਭੇਦ ਨ ਰਹਯੋ। ਇਕ ਸਰੂਪਤਾ ਦੋਨਹੁਂ ਲਹਯੋ।
ਜਲ ਕੋ ਭਰਯੋ ਹੋਤਿ ਘਟ ਜੈਸੇ। ਪਰੈ ਉਦਧਿ ਲਹਿ ਇਕਤਾ ਤੈਸੇ ॥ 14 ॥
-ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ ਪੰਜਵੀਂ) ਰਾਸਿ 1, ਅੰਸੂ 67.
10. ਬੁੱਢੇ ਸੰਮਤ ਗੁਰੂ ਹੁਇ ਪੈਸੇ ਪੰਚ ਨਲੇਰ। ਰਾਮਦਾਸ ਕੀ ਭੇਟਿ ਧਰਿ ਕ੍ਰਿਪਾ ਦ੍ਰਿਸ਼ਟਿ ਕੇ ਹੇਰਿ ॥ 1 ॥
ਕਰੀ ਪ੍ਰਦੱਛਨ ਫਿਰ ਚਹੁਂ ਓਰੇ। ਬੰਦਨ ਕਰਤਿ ਭਏ ਕਰ ਜੋਰੇ।
ਤਬੈ ਮੋਹਰੀ ਸੰਗਤਿ ਹ੍ਵੈ ਕੈ। ਨਮੋ ਮੋਹਰੀ ਕਿਯ ਸਿਰ ਨੈ ਕੈ ॥ 2 ॥
ਪੁਨ ਸਭਿ ਸਿੱਖਨ ਕੀਨਸਿ ਬੰਦਨ। ਜਾਨਿ ਗੁਰੂ ਗਨ ਪਾਪ ਨਿਕੰਦਨ।
ਇਮ ਦੈ ਕਰਿ ਸਭਿ ਜਗ ਗੁਰਿਆਈ। ਹਿਤ ਪ੍ਰਲੋਕ ਹ੍ਵੈ ਤਯਾਰ ਗੁਸਾਈਂ ॥ 3 ॥
-ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ ਪੰਜਵੀਂ) ਰਾਸਿ 1, ਅੰਸੂ 68.
11. ਸਾਹਿਬ ਸਿੰਘ, ਗੁਰ-ਇਤਿਹਾਸ, ਪੰਨਾ 110.
12. ਵਾਰਾਂ ਭਾਈ ਗੁਰਦਾਸ ਜੀ, ਵਾਰ/ਪਉੜੀ- 24/14.

13. ਵਾਰਾਂ ਭਾਈ ਗੁਰਦਾਸ ਜੀ, ਵਾਰ/ਪਉੜੀ- 24/25.
14. ਸਾਹਿਬ ਸਿੰਘ, ਗੁਰ-ਇਤਿਹਾਸ, ਪੰਨਾ 111.
15. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 167.
16. ਗੰਡਾ ਸਿੰਘ, ਤੇਜਾ ਸਿੰਘ, ਸਿੱਖ ਇਤਿਹਾਸ, ਪੰਨਾ 25.
17. ਕਰਤਾਰ ਸਿੰਘ, ਸਿੱਖ ਇਤਿਹਾਸ, ਭਾਗ 1, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ 164.
18. ਸੋਢੀ, ਹਿੰਮਤ ਸਿੰਘ, ਗੁਰੂ ਰਾਮ ਦਾਸ: ਜੀਵਨ ਤੇ ਰਚਨਾ, ਪੰਨੇ 7-9.
19. -ਉਹੀ-, ਪੰਨੇ 10-11.
20. ਸੀਤਲ, ਸੋਹਣ ਸਿੰਘ, ਗੁਰ ਇਤਿਹਾਸ ਦਸ ਪਾਤਸ਼ਾਹੀਆਂ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014 (ਦੂਜੀ ਵਾਰ), ਪੰਨਾ 100.
21. ਸੰਤੋਖ ਸਿੰਘ, ਭਾਈ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ ਪੰਜਵੀਂ), ਪੰਨਾ 1689.
22. ਗੰਡਾ ਸਿੰਘ, ਤੇਜਾ ਸਿੰਘ, ਸਿੱਖ ਇਤਿਹਾਸ, ਪੰਨਾ 25.
23. ਕਰਤਾਰ ਸਿੰਘ, ਸਿੱਖ ਇਤਿਹਾਸ, ਪੰਨਾ 177.
24. ਸੁਖਦਿਆਲ ਸਿੰਘ, ਪੰਜਾਬ ਦਾ ਇਤਿਹਾਸ, ਪੰਨੇ 91-92.
25. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 817.
26. ਉਹੀ, ਪੰਨਾ 1362.
27. ਸੋਢੀ, ਹਿੰਮਤ ਸਿੰਘ, ਗੁਰੂ ਰਾਮ ਦਾਸ: ਜੀਵਨ ਤੇ ਰਚਨਾ, ਪੰਨਾ 21.
28. ਉਹੀ, ਪੰਨਾ 21.
29. ਸੀਤਲ, ਸੋਹਣ ਸਿੰਘ, ਗੁਰ ਇਤਿਹਾਸ ਦਸ ਪਾਤਸ਼ਾਹੀਆਂ, ਪੰਨੇ 102-03.
30. Grewal, J.S., The Sikhs of the Punjab, Cambridge University Press, New Delhi, p. 51.
31. ਵਾਰਾਂ ਭਾਈ ਗੁਰਦਾਸ ਜੀ, ਵਾਰ 1, ਪਉੜੀ 47.
32. ਨਾਭਾ, ਕਾਨ੍ਹ ਸਿੰਘ, ਗੁਰੁਸਬਦ ਰਤਨਾਕਰ ਮਹਾਨ ਕੋਸ਼, ਇੰਦਰਾਜ਼-ਮਸੰਦ.
33. ਜੱਗੀ, ਰਤਨ ਸਿੰਘ, ਸਿੱਖ ਪੰਥ ਵਿਸ਼ਵਕੋਸ਼, ਇੰਦਰਾਜ਼-ਮਸੰਦ.
34. ਮੈਕਾਲਿਫ, ਮੈਕਸ ਆਰਥਰ, ਸਿੱਖ ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਅਤੇ ਰਚਨਾਕਾਰ (ਜਿਲਦ ਦੂਜੀ), (ਅਨੁ.) ਕਿਰਪਾਲ ਸਿੰਘ, ਪੰਨੇ 120-21.
35. ਸਾਹਿਬ ਸਿੰਘ, ਗੁਰ-ਇਤਿਹਾਸ, ਪੰਨਾ 125.
36. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 982.





37. ਉਹੀ, ਪੰਨਾ 305.


# ਗੁਰੂ ਰਾਮਦਾਸ ਰਚਿਤ ਗਉੜੀ ਕੀ ਵਾਰ ਦੇ ਵਿਸ਼ੇ ਪੱਖ ਦਾ ਵਿਸਤ੍ਰਿਤ ਅਧਿਐਨ

**ਸੰਦੀਪ ਸਿੰਘ***

ਸਿੱਖ ਧਰਮ ਵਿਸ਼ਵ ਦੇ ਧਾਰਮਿਕ ਮੰਚ 'ਤੇ ਪ੍ਰਗਟ ਹੋਣ ਵਾਲਾ ਇਕ ਅਜਿਹਾ ਨਿਵੇਕਲਾ ਧਰਮ ਹੈ ਜਿਸ ਨੇ ਸਮੁੱਚੀ ਮਾਨਵਤਾ ਨੂੰ ਜੀਵਨ ਦੇ ਬਹੁਪੱਖੀ ਵਿਕਾਸ-ਵਿਗਾਸ ਲਈ

ਵਿਲੱਖਣ ਸਿਧਾਂਤ ਤੇ ਸੰਸਥਾਵਾਂ ਪ੍ਰਦਾਨ ਕੀਤੀਆਂ। ਇਨ੍ਹਾਂ ਸੰਸਥਾਵਾਂ ਵਿਚੋਂ 'ਗੁਰੂ ਸੰਸਥਾ' ਇਕ ਅਹਿਮ ਸਥਾਨ ਰੱਖਦੀ ਹੈ ਜਿਸ ਨੂੰ ਗੁਰਬਾਣੀ ਵਿਚ 'ਗੁਰ ਪਰਮੇਸਰ ਨਾਹੀ ਭੇਦ' ਕਹਿ ਕੇ ਮਹੱਤਵਪੂਰਨ ਰੁਤਬਾ ਪ੍ਰਦਾਨ ਕੀਤਾ ਗਿਆ ਹੈ। ਇਹ ਸੰਸਥਾ ਸਿੱਖ ਧਰਮ ਦਾ ਮੁੱਖ ਆਧਾਰ ਹੈ ਜਿਸ ਨੇ ਦਸ ਗੁਰੂ ਸਾਹਿਬਾਨ ਦੇ ਰੂਪ ਵਿਚ ਸਿੱਖੀ ਨੂੰ ਨਿਰੰਤਰ ਪ੍ਰਵਾਹਮਾਨ ਰੱਖ ਕੇ ਲੋਕਾਈ ਨੂੰ ਪਰਮ ਹਕੀਕਤ ਨਾਲ ਜੋੜਿਆ। ਇਸ ਰੂਹਾਨੀ ਸੰਸਥਾ ਵਿਚ ਗੁਰੂ ਰਾਮਦਾਸ ਚੌਥੇ ਸਥਾਨ 'ਤੇ ਸੁਸ਼ੋਭਿਤ ਹੋਏ ਜਿਨ੍ਹਾਂ ਨੇ ਆਪਣੀ ਅਦੁੱਤੀ ਭਗਤੀ, ਧਰਮ ਸਾਧਨਾ, ਸਮਰਪਿਤ ਸੇਵਾ ਭਾਵ ਆਦਿ ਦੈਵੀ ਗੁਣਾਂ ਨਾਲ ਗੁਰੂ ਪਦ ਪ੍ਰਾਪਤ ਕੀਤਾ। ਗੁਰੂ ਰਾਮਦਾਸ ਨੂੰ ਸਿੱਖ ਜਗਤ ਵਿਚ 'ਸੋਢੀ ਸੁਲਤਾਨ' ਕਹਿ ਕੇ ਸਤਿਕਾਰ ਦਿਤਾ ਜਾਂਦਾ ਹੈ ਜੋ ਅਕਾਲ ਪੁਰਖ ਦੀ 'ਪੂਰੀ ਹੋਈ ਕਰਾਮਾਤ' ਵਾਲੀ ਦੈਵੀ ਰੂਹ ਸਨ ਅਤੇ 'ਆਪ ਸਿਰਜਨਹਾਰੈ ਧਾਰਿਆ' ਦਾ ਪ੍ਰਤੱਖ ਰੂਪ।

'ਗੁਰੂ ਰਾਮਦਾਸ ਦਾ ਵਿਅਕਤਿਤਵ ਇਕ ਸਚੇ ਸਾਧਕ ਦਾ ਬਿੰਬ ਪੇਸ਼ ਕਰਦਾ ਹੈ। ਹਲੀਮੀ ਅਥਵਾ ਨਿਮਰਤਾ ਆਪ ਦੇ ਜੀਵਨ ਦੀ ਵਿਸ਼ਿਸ਼ਟਾ ਹੈ।'[1] ਭਾਈ ਗੁਰਦਾਸ ਨੇ ਗੁਰੂ ਰਾਮਦਾਸ ਨੂੰ ਪਰਮ ਹੰਸ[2] ਅਤੇ ਸਹਜ ਜੋਗ ਨੂੰ ਮਾਣਨ ਵਾਲੇ ਬ੍ਰਹਮ ਗਿਆਨ[3] ਦੇ ਰੂਪ ਵਿਚ ਚਿਤ੍ਰਿਤ ਕੀਤਾ ਹੈ। ਭਾਈ ਸਤਾ ਅਤੇ ਬਲਵੰਡ ਨੇ ਗੁਰੂ ਰਾਮਦਾਸ ਨੂੰ ਪੰਜ ਵਿਕਾਰਾਂ ਨੂੰ ਪਰਿਵਾਰ ਸਮੇਤ ਜਿੱਤ ਲੈਣ ਵਾਲਾ ਸੂਰਮਾ ਕਿਹਾ ਹੈ।[4] ਇਸੇ ਪ੍ਰਕਾਰ ਭੱਟ ਕਲਸਹਾਰ ਨੇ ਆਪਣੇ ਸਵੱਈਆਂ ਵਿਚ ਗੁਰੂ ਸਾਹਿਬ ਦੇ ਅਧਿਆਤਮਿਕ ਗੁਣਾਂ- ਸੰਜਮ, ਸਤ, ਸੰਤੋਖ, ਸੀਲ, ਸਹਿਜ ਆਦਿ ਦੀ ਪ੍ਰਸੰਸਾ ਕੀਤੀ ਹੈ[5] ਅਤੇ ਨਲ ਭੱਟ ਨੇ ਉਨ੍ਹਾਂ ਨੂੰ ਪਰਮੇਸਰ ਦੇ ਬਰਾਬਰ ਕਹਿ ਕੇ ਸਤਿਕਾਰ ਦਿਤਾ ਹੈ।[6]

'ਗੁਰੂ ਰਾਮਦਾਸ ਨੇ ਜੋ ਅਧਿਆਤਮਿਕ ਵਿਚਾਰ ਆਪਣੀ ਬਾਣੀ ਰਾਹੀਂ ਪੇਸ਼ ਕੀਤੇ, ਉਨ੍ਹਾਂ ਦਾ ਮੂਲ ਆਧਾਰ ਗੁਰੂ-ਪਰੰਪਰਾ (ਸੰਸਥਾ) ਤੋਂ ਪ੍ਰਾਪਤ ਜੀਵਨ ਦਰਸ਼ਨ ਹੈ। ਪਰ ਉਨ੍ਹਾਂ ਦੀ ਆਪਣੀ ਰਹੱਸ-ਅਨੁਭੂਤੀ ਦੇ ਸੰਯੋਗ ਨਾਲ ਕਥਨ ਵਿਚ ਸਹਿਜ ਸੁਭਾਵਿਕ ਮੌਲਿਕਤਾ ਦਾ ਸੰਚਾਰ ਹੋਇਆ ਹੈ। ਇਹੀ ਉਨ੍ਹਾਂ ਦੀ ਵਿਚਾਰਧਾਰਾ ਦਾ ਮੂਲਾਧਾਰ ਹੈ।'[7] ਪ੍ਰਸਤੁਤ ਪੇਪਰ ਦਾ ਸੰਬੰਧ ਗੁਰੂ ਰਾਮਦਾਸ ਦੁਆਰਾ ਰਚੀ ਗਈ 'ਗਉੜੀ ਕੀ ਵਾਰ' ਦੇ ਵਿਸ਼ੇ ਪੱਖ ਨਾਲ ਹੈ ਜਿਸ ਰਾਹੀਂ ਉਨ੍ਹਾਂ ਦੁਆਰਾ ਛੋਹੇ ਗਏ ਮੁੱਖ ਪੱਖਾਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਜੇਕਰ ਅਸੀਂ 'ਵਾਰ' ਸ਼ਬਦ ਦੇ ਭਾਵਾਤਮਕ ਅਰਥਾਂ ਦੀ ਗੱਲ ਕਰੀਏ ਤਾਂ ਇਸ ਦਾ ਸੰਬੰਧ ਜੰਗ-ਯੁੱਧ ਦੀ ਪ੍ਰੇਰਨਾਤਮਕ ਵੀਰ ਰਸੀ ਘਟਨਾ ਨਾਲ ਜੁੜ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਵਾਰ' ਸ਼ਬਦ ਦੇ ਅਰਥ ਹਨ- 'ਯੁੱਧ ਸੰਬੰਧੀ ਕਾਵਯ, ਉਹ ਰਚਨਾ ਜਿਸ ਵਿਚ ਸੂਰਵੀਰਤਾ ਦਾ ਵਰਨਣ ਹੋਵੇ; ਵਾਰ ਦਾ ਅਰਥ ਪੌੜੀ ਛੰਦ ਵੀ ਹੋ ਗਿਆ ਹੈ ਕਿਉਂਕਿ ਸੂਰਵੀਰਤਾ ਦਾ ਜਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿਚ ਲਿਖਿਆ ਹੈ; ਸ੍ਰੀ ਗੁਰੂ



ਗ੍ਰੰਥ ਸਾਹਿਬ ਵਿਚ ਕਰਤਾਰ ਦੀ ਮਹਿਮਾ ਭਰੀ ਬਾਣੀ, ਜੋ ਪੌੜੀ ਛੰਦਾਂ ਨਾਲ ਮਿਲਾਕੇ ਲਿਖੀ ਗਈ ਹੈ, 'ਵਾਰ' ਨਾਮ ਤੋਂ ਪ੍ਰਸਿੱਧ ਹੈ।'[8] ਡਾ. ਰਤਨ ਸਿੰਘ ਜੱਗੀ ਨੇ ਵਾਰ ਨੂੰ 'ਵਾਰਤਾ' ਦਾ ਨਾਂ ਦਿੱਤਾ ਹੈ, ਉਹ ਵਾਰਤਾ ਜੋ ਆਪਣੇ ਆਪ ਵਿਚ ਕਿਸੇ ਹੱਲੇ ਜਾਂ ਟੱਕਰ ਦਾ ਜ਼ਿਕਰ ਰੱਖਦੀ ਹੋਵੇ ਅਤੇ ਪਾਠਕਾਂ ਨੂੰ ਉਤਸ਼ਾਹਿਤ ਕਰੇ, ਪੰਜਾਬੀ ਕਾਵਿ ਰੂਪ ਵਾਰ ਹੈ। ਟੱਕਰ ਸੂਖਮ ਅਤੇ ਸਥੂਲ ਦੋਹਾਂ ਤਰ੍ਹਾਂ ਦੀ ਹੋ ਸਕਦੀ ਹੈ। ਜੰਗ ਸੰਬੰਧੀ ਲਿਖੀਆਂ ਵਾਰਾਂ ਆਪਣੇ ਅੰਦਰ ਸਥੂਲ ਪੱਖ ਦੀ ਟੱਕਰ ਰੱਖਦੀਆਂ ਹਨ ਅਤੇ ਅਧਿਆਤਮਕ ਵਾਰਾਂ ਵਿਚ ਸੂਖਮ ਭਾਵਨਾਵਾਂ ਦੀ ਟੱਕਰ ਦਾ ਜ਼ਿਕਰ ਆਉਂਦਾ ਹੈ।[9]

'ਲੋਕ ਪਰੰਪਰਾ 'ਤੇ ਆਧਾਰਿਤ ਵਾਰ ਪੰਜਾਬੀ ਦੇ ਇਕ ਕਾਵਿ-ਰੂਪ ਦਾ ਨਾਂ ਹੈ।.........ਇਸ ਵਿਚ ਆਮ ਤੌਰ 'ਤੇ ਵੀਰ ਰਸ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਇਸ ਨੂੰ ਗਾਉਣ ਵਾਲੇ, ਕਿਸੇ ਹੱਦ ਤੱਕ ਰਚੈਤਾ ਵੀ ਭੱਟ ਜਾਂ ਢਾਡੀ ਹੁੰਦੇ ਹਨ। ਆਪਣੇ ਆਪ ਨੂੰ ਪ੍ਰਭੂ ਦਾ ਢਾਡੀ ਕਹਿਣ ਵਾਲੇ ਗੁਰੂ ਨਾਨਕ ਦੇਵ ਨੇ 'ਵਾਰ' ਨੂੰ ਵੀਰ ਰਸ ਦੇ ਖੇਤਰ ਵਿਚੋਂ ਕੱਢ ਕੇ ਅਧਿਆਤਮਿਕਤਾ ਦੀ ਸ਼ਾਂਤ ਭਾਵ-ਭੂਮੀ ਵਿਚ ਲਿਆਉਂਦਾ ਹੈ।'[10] ਗੁਰੂ ਨਾਨਕ ਦੇਵ ਦੁਆਰਾ ਅਕਾਲ ਪੁਰਖ ਦੀ ਖੁਸ਼ੀ ਪ੍ਰਾਪਤ ਕਰਨ ਦੇ ਉਦੇਸ਼ ਨਾਲ 'ਵਾਰ' ਦੀ ਅਧਿਆਤਮਕ ਪੱਖ ਰਾਹੀਂ ਅਰੰਭਤਾ ਦੇ ਸੰਕੇਤ ਵੀ ਜਨਮਸਾਖੀ ਸਾਹਿਤ ਵਿਚੋਂ ਪ੍ਰਾਪਤ ਹੁੰਦੇ ਹਨ।[11]

'ਅਧਿਆਤਮਕ ਵਾਰ ਦੇ ਮੁੱਲ ਧਾਰਮਿਕ, ਸਮਾਜਿਕ ਤੇ ਨੈਤਿਕ ਵੀ ਹੋ ਸਕਦੇ ਹਨ ਪਰ ਇਸ ਦਾ ਬਹੁਤ ਬਲ ਅਧਿਆਤਮਿਕਤਾ ਉੱਪਰ ਹੀ ਹੁੰਦਾ ਹੈ। ਅਧਿਆਤਮਕ ਵਾਰਾਂ ਬਿਰਤਾਂਤ-ਵਿਧੀ ਦਾ ਤਿਆਗ ਕਰਦੀਆਂ ਹਨ। ਵਰਣਾਤਮਕ ਵਿਧੀ ਇਸ ਦੀ ਮੂਲ ਜੁਗਤ ਹੈ।'[12] ਗੁਰੂ ਰਾਮਦਾਸ ਰਚਿਤ ਗਉੜੀ ਕੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ* ਵਿਚੋਂ ਇਕ ਹੈ ਜੋ 'ਸਿਰੀ ਰਾਗ' ਅਤੇ 'ਮਾਝ ਰਾਗ' ਦੀ ਵਾਰ ਤੋਂ ਬਾਅਦ ਤੀਸਰੇ ਸਥਾਨ ਹੈ। 'ਗਉੜੀ ਕੀ ਵਾਰ ਵਿਚ ਗੁਰੂ (ਰਾਮਦਾਸ) ਨੇ ਸਤਿਗੁਰ ਦੀ ਵਡਿਆਈ ਦੱਸਦੇ ਹੋਏ ਗੁਰੂ ਘਰ ਦੇ ਦੋਖੀਆਂ, ਹੰਕਾਰੀਆਂ ਤੇ ਨਿੰਦਕਾਂ ਦੇ ਪਾਜ ਉਘਾੜੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਨ੍ਹਾਂ ਦੇ 18 ਪੰਨਿਆਂ (ਅੰਗਾਂ) ਵਿਚ (300 ਤੋਂ 318 ਤੱਕ) ਗੁਰੂ ਜੀ ਦੀਆਂ ਜੀਵਨ-ਪਰਕ ਸਚਾਈਆਂ ਤੇ ਘਟਨਾਵਾਂ ਦੇ ਹਵਾਲੇ ਮਿਲਦੇ ਹਨ।'[13] ਇਸ ਵਾਰ ਦੀਆਂ ਕੁੱਲ 33 ਪਉੜੀਆਂ ਹਨ ਜਿਨ੍ਹਾਂ ਵਿਚ ਗੁਰੂ ਰਾਮਦਾਸ ਦੇ ਨਾਲ-ਨਾਲ ਕੁੱਝ ਪਉੜੀਆਂ ਗੁਰੂ ਅਰਜਨ ਦੇਵ ਦੀਆਂ ਅਤੇ ਕੁੱਝ ਸਲੋਕ ਗੁਰੂ ਅਮਰਦਾਸ ਦੇ ਵੀ ਹਨ। 'ਵਾਰ ਵਿਚ 28 ਪਉੜੀਆਂ (1ਤੋਂ 26 ਅਤੇ 32-33) ਚੌਥੇ ਗੁਰੂ ਦੀਆਂ ਰਚੀਆਂ ਹਨ ਅਤੇ ਪੰਜ (27 ਤੋਂ 31) ਪੰਜਵੇਂ ਗੁਰੂ ਦੀਆਂ ਲਿਖੀਆਂ ਹਨ ਜੋ ਸੰਪਾਦਨ ਵੇਲੇ ਦਰਜ ਕੀਤੀਆਂ ਗਈਆਂ। ਇਸ ਤਰਾਂ ਮੂਲ ਰੂਪ ਵਿਚ 28 ਪਉੜੀਆਂ ਹਨ। ਆਮ ਤੌਰ 'ਤੇ ਇਸ ਵਿਚਲੀਆਂ ਪਉੜੀਆਂ ਦੀਆਂ ਪੰਜ-ਪੰਜ ਤੁਕਾਂ ਹਨ, ਪਰ ਕਿਤੇ-ਕਿਤੇ

*ਰਿਸਰਚ ਸਕਾਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਅੰਤਰ ਵੀ ਹੈ, ਜਿਵੇਂ 11ਵੀਂ ਵਿਚ ਛੇ ਅਤੇ 12ਵੀਂ ਅਤੇ 13ਵੀਂ ਵਿਚ ਦਸ-ਦਸ ਹਨ। ਇਸ ਵਿਚ ਪਉੜੀਆਂ ਦੇ ਨਾਲ ਦੋ-ਦੋ ਸਲੋਕ ਵੀ ਦਰਜ ਹਨ, ਪਰ 15ਵੀਂ ਅਤੇ 20ਵੀਂ ਪਉੜੀਆਂ ਨਾਲ ਤਿੰਨ-ਤਿੰਨ ਸਲੋਕ ਹੋਣ ਕਾਰਨ ਇਨ੍ਹਾਂ ਦੀ ਗਿਣਤੀ 68 ਹੈ। ਇਨ੍ਹਾਂ ਵਿਚੋਂ ਸੱਤ ਸਲੋਕ ਗੁਰੂ ਅਮਰਦਾਸ ਦੇ, 55 ਗੁਰੂ ਰਾਮਦਾਸ ਦੇ ਅਤੇ ਅੱਠ ਗੁਰੂ ਅਰਜਨ ਦੇਵ ਦੇ ਹਨ।'[14]

ਗਉੜੀ ਕੀ ਵਾਰ ਵਿਚ ਗੁਰੂ ਰਾਮਦਾਸ ਨੇ ਇਕ ਸੱਚੇ ਗੁਰਸਿੱਖ ਦੀ ਨਿੱਤ ਦੀ ਜੀਵਨ-ਵਿਧੀ, ਪਰਮ ਹਸਤੀ, ਸਤਿਗੁਰੂ, ਨਾਮ, ਹਉਮੈਂ, ਗੁਰਮੁਖ, ਮਨਮੁਖ ਆਦਿ ਵਿਸ਼ਿਆਂ ਨੂੰ ਛੋਹਿਆ ਹੈ ਅਤੇ ਨਾਲ ਹੀ ਸਮਕਾਲੀ ਪ੍ਰਸੰਗਿਕ ਘਟਨਾਵਾਂ ਨੂੰ ਵੀ ਚਿਤ੍ਰਿਤ ਕੀਤਾ ਹੈ ਜਿਸ ਕਾਰਨ ਇਹ ਵਾਰ ਇਤਿਹਾਸਕ ਮਹੱਤਵ ਵਾਲੀ ਵੀ ਬਣ ਜਾਂਦੀ ਹੈ। ਇਨ੍ਹਾਂ ਵਿਸ਼ਿਆਂ ਦਾ ਵਿਸਤ੍ਰਿਤ ਵਰਣਨ ਇਸ ਪ੍ਰਕਾਰ ਹੈ:

**1. ਗੁਰਸਿੱਖੀ ਜੀਵਨ ਦੀ ਨਿਤਾਪ੍ਰਤਿ ਮਰਯਾਦਾ ਸੰਬੰਧੀ**

ਗਉੜੀ ਕੀ ਵਾਰ ਦੀ ਇਹ ਖਾਸ ਵਿਸ਼ੇਸ਼ਤਾ ਹੈ ਕਿ ਇਸ ਵਿਚ ਗੁਰੂ ਰਾਮਦਾਸ ਨੇ ਇਕ ਸਿੱਖ ਦੇ ਰੋਜ਼ਾਨਾ ਜੀਵਨ ਜਿਊਣ ਦਾ ਨੇਮ ਦੱਸਿਆ ਹੈ ਜਿਹੜਾ ਸਿੱਖੀ ਦਾ ਮੂਲ ਆਧਾਰ ਹੈ। ਇਸ ਵਾਰ ਦੀ 11ਵੀਂ ਪਉੜੀ ਦੇ ਦੂਜੇ ਸਲੋਕ ਰਾਹੀਂ ਸਿੱਖੀ ਜੀਵਨ ਦੀ ਮਰਯਾਦਾ ਸੰਬੰਧੀ ਮੁੱਖ ਰੂਪ ਵਿਚ ਨਿਮਨ ਪੱਖ ਸਾਹਮਣੇ ਆਉਂਦੇ ਹਨ:

(ੳ) ਅੰਮ੍ਰਿਤ ਵੇਲੇ ਉੱਠ ਕੇ ਨਾਮ ਸਿਮਰਨ ਨਾਲ ਜੁੜਨਾ।

(ਅ) ਇਸ਼ਨਾਨ ਕਰ ਕੇ ਅੰਮ੍ਰਿਤਸਰ (ਬਾਣੀ ਰੂਪ ਅੰਮ੍ਰਿਤ ਦੇ ਸਰੋਵਰ) ਵਿਚ ਨਹਾਉਣਾ ਭਾਵ ਬਾਣੀ ਪੜ੍ਹਨੀ।

(ੲ) ਗੁਰੂ ਦੀ ਸੰਗਤ ਵਿਚ ਜਾ ਕੇ ਗੁਰੂ ਉਪਦੇਸ਼ ਰਾਹੀਂ ਆਪਣੇ ਗੁਨਾਹਾਂ ਅਤੇ ਦੋਸ਼ਾਂ ਨੂੰ ਉਤਾਰਨਾ।

(ਸ) ਦਿਨ ਚੜ੍ਹਨ ਤੋਂ ਬਾਅਦ ਗੁਰਬਾਣੀ ਦਾ ਗਾਇਨ ਕਰਨਾ ਅਤੇ ਹਰ ਸਮੇਂ ਨਾਮ ਸਿਮਰਨਾ।[15]

ਇਸ ਪ੍ਰਕਾਰ ਹਰ ਸੁਆਸ ਨਾਲ ਸਿਮਰਨ ਕਰਨ ਵਾਲਾ ਗੁਰਸਿੱਖ ਗੁਰੂ ਦੀ ਖੁਸ਼ੀ ਪ੍ਰਾਪਤ ਕਰਦਾ ਹੈ। ਇਹ ਗੁਰਸਿੱਖੀ ਵਾਲਾ ਉਪਦੇਸ਼ ਪਰਮਾਤਮਾ ਦੇ ਦਿਆਲੂ ਹੋਣ ਨਾਲ ਹੀ ਪ੍ਰਾਪਤ ਹੁੰਦਾ ਹੈ।[16] ਇਸ ਗੁਰ ਸਿਧਾਂਤ ਅਨੁਸਾਰੀ ਹੋ ਕੇ ਜੀਵਨ ਜਿਊਣ ਵਾਲੇ ਗੁਰਸਿੱਖਾਂ (ਜੋ ਖੁਦ ਵੀ ਨਾਮ ਜਪਦੇ ਹਨ ਅਤੇ ਹੋਰਾਂ ਨੂੰ ਵੀ ਜਪਾਉਂਦੇ ਹਨ) ਦੀ ਧੂੜੀ ਨੂੰ ਵੀ ਗੁਰੂ ਰਾਮਦਾਸ ਸਤਿਕਾਰ ਦਿੰਦੇ ਹਨ।[17]

**2. ਸਮਕਾਲੀ ਪ੍ਰਸੰਗਿਕ ਘਟਨਾਵਾਂ ਦੇ ਬਿਰਤਾਂਤ**

ਗੁਰੂ ਰਾਮਦਾਸ ਨੇ ਗਉੜੀ ਕੀ ਵਾਰ ਵਿਚ ਸਮਕਾਲੀ ਪ੍ਰਸੰਗਿਕ ਘਟਨਾਵਾਂ ਦਾ ਵੀ ਜ਼ਿਕਰ ਕੀਤਾ ਹੈ ਜਿਨ੍ਹਾਂ ਦਾ ਮੁੱਖ ਵਿਸ਼ਾ ਨਿੰਦਕਾਂ ਦੀ ਦੁਰਦਸ਼ਾ ਨੂੰ ਪ੍ਰਸਤੁਤ ਕਰਨਾ ਹੈ ਤਾਂ ਜੋ ਗੁਰੂ



ਨਿੰਦਕਾਂ ਨੂੰ ਸੁਚੇਤ ਕੀਤਾ ਜਾ ਸਕੇ। ਪਹਿਲੀ ਘਟਨਾ 30ਵੀਂ ਪਉੜੀ ਦੇ ਪਹਿਲੇ ਸਲੋਕ ਵਿਚ ਗੋਇੰਦਵਾਲ ਦੇ ਇਕ ਲੋਭੀ ਤਪੇ ਦੀ ਹੈ ਜੋ ਗੁਰੂ ਅਮਰਦਾਸ ਦੀ ਲੋਕ ਪ੍ਰਿਯਤਾ ਕਾਰਨ ਉਨ੍ਹਾਂ ਤੋਂ ਈਰਖਾ ਕਰਦਾ ਸੀ ਪਰੰਤੂ ਗੁਰੂ ਨਿੰਦਾ ਕਾਰਨ ਧਨ ਦੇ ਲਲਚ ਵਿਚ ਆ ਕੇ ਲੋਕਾਂ ਵਿਚ ਵੀ ਹਾਸੇ ਦਾ ਪਾਤਰ ਬਣਿਆ[18] ਅਤੇ ਪਰਲੋਕ ਵਿਚ ਕਰੋਪੀ ਸ਼ਿਕਾਰ।[19]

ਦੂਸਰੀ ਘਟਨਾ 12ਵੀਂ ਪਉੜੀ ਦੇ ਪਹਿਲੇ ਸਲੋਕ ਵਿਚ ਮਰਵਾਹੇ ਖੱਤਰੀ ਨਾਲ ਸੰਬੰਧਿਤ ਹੈ ਜਿਸ ਨੇ ਤਪੇ ਦੇ ਆਖੇ ਲੱਗ ਕੇ ਗੁਰੂ ਅਮਰਦਾਸ ਦੀ ਝੂਠੀ ਸ਼ਿਕਾਇਤ ਤਤਕਾਲੀਨ ਮੁਗ਼ਲ ਬਾਦਸ਼ਾਹ ਅਕਬਰ ਪਾਸ ਕੀਤੀ ਪਰੰਤੂ ਬਾਦਸ਼ਾਹ ਦੇ ਸਿਪਾਹੀਆਂ ਹੱਥੋਂ ਉਸ ਦੀ ਬਹੁਤ ਵੱਡੇ ਪੱਧਰ 'ਤੇ ਬੇਪੱਤੀ ਹੋਣ ਤੋਂ ਬਾਅਦ ਉਹ ਬੇਇੱਜ਼ਤ ਹੋ ਕੇ ਘਰ ਆਇਆ। ਅਜਿਹੀ ਹਾਲਤ ਵਿਚ ਕਿਸੇ ਵੀ ਸਕੇ ਸੰਬੰਧੀ ਨੇ ਉਸ ਨੂੰ ਮੂੰਹ ਨਾ ਲਾਇਆ। ਗੁਰੂ ਨਿੰਦਾ ਕਾਰਨ ਉਸ ਦੇ ਲੋਕ ਅਤੇ ਪਰਲੋਕ ਦੋਵੇਂ ਹੀ ਗਵਾ ਲਏ।[20]

15ਵੀਂ ਪਉੜੀ ਦੇ ਤੀਜੇ ਸਲੋਕ ਵਿਚ ਗੁਰੂ ਰਾਮਦਾਸ ਨੇ ਗੁਰੂ ਅਮਰਦਾਸ ਦੀ ਜਗਤ ਵਿਚ ਹੋ ਰਹੀ ਵਡਿਆਈ ਦਾ ਜ਼ਿਕਰ ਕੀਤਾ ਹੈ ਅਤੇ ਗੁਰੂ ਅੰਗਦ ਦੇਵ ਦੁਆਰਾ ਆਪਣੀ ਸਰੀਰਕ ਮੌਜੂਦਗੀ ਦੌਰਾਨ ਹੀ ਤੀਸਰੇ ਗੁਰੂ ਸਾਹਿਬ ਨੂੰ ਗੁਰਗੱਦੀ ਬਖ਼ਸ਼ਣ ਦੀ ਘਟਨਾ ਬਾਰੇ ਦੱਸਿਆ ਹੈ ਜਿਸ ਤੋਂ ਬਾਅਦ ਗੁਰੂ ਅਮਰਦਾਸ ਦਾ ਸਾਰੇ ਜਗਤ ਵਿਚ ਜਸ ਹੋਇਆ।[21]

**3. ਸਦਾਚਾਰਕ ਪੱਖ**

ਗਉੜੀ ਕੀ ਵਾਰ ਵਿਚ ਗੁਰੂ ਸਾਹਿਬ ਨੇ ਜੀਵ ਨੂੰ ਸਦਾਚਾਰਕ ਗੁਣ ਧਾਰਨ ਕਰ ਕੇ ਨੈਤਿਕ ਬੁਰਈਆਂ ਤੋਂ ਬਚਣ ਸੰਬੰਧੀ ਉਪਦੇਸ਼ ਕੀਤਾ ਹੈ ਕਿਉਂਕਿ ਖੋਟੀ ਮਤ ਅਧੀਨ ਕੀਤੀਆਂ ਠੱਗੀਆਂ ਕਦੀ ਵੀ ਗੁੱਝੀਆਂ ਨਹੀਂ ਰਹਿੰਦੀਆਂ:

ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ॥[22]

ਜਿਹੜੇ ਮਨੁੱਖ ਦੁਰਮਤਿ ਅਧੀਨ ਕਿਸੇ ਪ੍ਰਤੀ ਈਰਖਾ-ਦ੍ਵੈਸ਼ ਦਾ ਭਾਵ ਰੱਖਦੇ ਹਨ ਉਨ੍ਹਾਂ ਦਾ ਕਦੀ ਵੀ ਭਲਾ ਨਹੀਂ ਹੁੰਦਾ[23] ਅਤੇ ਉਹ ਆਪਣੇ ਕਪਟੀ ਹਿਰਦੇ ਕਾਰਨ ਵੱਡੇ ਦੁੱਖ ਪਾਉਂਦੇ ਹਨ।[24]

ਨਾਮ ਨੂੰ ਵਿਸਾਰ ਕੇ ਚੁਗਲੀ ਦੀ ਭਾਵਨਾ ਰੱਖਣ ਵਾਲੇ ਦਾ ਕੀਤਾ ਹੋਇਆ ਸਭ ਖ਼ਤਮ ਹੋ ਜਾਂਦਾ ਹੈ ਅਤੇ ਪਰਾਈ ਚੁਗਲੀ ਕਰਨ ਵਾਲੇ ਦਾ ਮੂੰਹ ਲੋਕ ਪ੍ਰਲੋਕ ਵਿਚ ਕਾਲਾ ਹੁੰਦਾ ਹੈ।[25]

ਮਨੁੱਖਾ ਸਰੀਰ ਕਰਮ ਰੂਪ ਬੀਜ ਬੀਜਣ ਲਈ ਇਕ ਧਰਤੀ ਵਾਂਗ ਹੈ ਜਿਸ ਵਿਚ ਬੀਜੇ ਗਏ ਬੀਜ ਅਨੁਸਾਰ ਹੀ ਫਲ ਪ੍ਰਾਪਤ ਹੁੰਦਾ।[26] ਇਸ ਲਈ ਜੀਵ ਨੂੰ ਸਦਾਚਾਰਕ ਭਾਵਨਾ ਵਾਲੇ ਨੈਤਿਕ ਕੰਮ ਹੀ ਕਰਨੇ ਚਾਹੀਦੇ ਹਨ ਕਿਉਂਕਿ ਕਰਤਾ ਜੀਵਾਂ ਨੂੰ ਉਨ੍ਹਾਂ ਦੀ ਭਾਵਨਾ ਦੇ ਅਨੁਸਾਰ ਹੀ ਫਲ ਦਿੰਦਾ ਹੈ।[27]

### 4. ਪਰਮ ਹਸਤੀ

ਪਰਮ ਹਸਤੀ ਸਿੱਖ ਧਰਮ ਦਾ ਮੁੱਖ ਕੇਂਦਰ ਬਿੰਦੂ ਹੈ ਜਿਸ ਦੇ ਸਰੂਪ, ਗੁਣਾਂ, ਪ੍ਰਾਪਤੀ ਦੇ ਢੰਗ ਆਦਿ 'ਤੇ ਸਮੁਚੀ ਬਾਣੀ ਕੇਂਦ੍ਰਿਤ ਹੈ। ਅਕਾਲ ਪੁਰਖ ਨਾਲ ਇਕ ਰੂਪ ਹੋਣਾ ਹੀ ਗੁਰਮਤਿ ਦਾ ਮੁੱਖ ਉਦੇਸ਼ ਹੈ। ਗੁਰੂ ਰਾਮਦਾਸ ਨੇ ਪਰਮ ਹਸਤੀ ਰੂਪ ਪਰਮਾਤਮਾ ਨੂੰ ਇਸ ਪ੍ਰਕਾਰ ਵਿਅਕਤ ਕੀਤਾ ਹੈ:

### 4.1 ਗੁਣ

ਵਾਰ ਦੇ ਆਰੰਭ ਵਿਚ ਹੀ ਪਰਮਾਤਮਾ ਦੇ ਗੁਣ ਚਿਤ੍ਰਿਤ ਕਰਦੇ ਹੋਏ ਉਸ ਨੂੰ 'ਸਚਾ ਗੋਸਾਈ' ਕਿਹਾ ਗਿਆ ਹੈ ਜਿਸ ਨੂੰ ਸਾਰੇ ਸਿਮਰ ਕੇ ਉਸ ਦੇ ਪੈਰੀਂ ਪੈਂਦੇ ਹਨ। ਉਸ ਦੀ ਸਿਫਤ ਜੀਵਾਂ ਨੂੰ ਪਾਰ ਲੰਘਾਉਣ ਵਾਲੀ ਹੈ:

ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ ॥ [28]

ਉਸ ਜਿੰਨਾ ਵੱਡਾ ਦਾਤਾ ਉਹ ਆਪ ਹੀ ਹੈ। [29] ਜਿਸ ਮਨੁੱਖ ਨੂੰ ਉਹ ਵਡਿਆਈ ਦਿੰਦਾ ਹੈ, ਸਾਰਾ ਜਗਤ ਉਸ ਦੇ ਪੈਰੀਂ ਪੈਂਦਾ ਹੈ। [30]

### 4.2 ਸਮਰੱਥਾ

ਪਰਮਾਤਮਾ ਦੀ ਸਮਰੱਥਾ ਬਾਰੇ ਗੁਰੂ ਰਾਮਦਾਸ ਲਿਖਦੇ ਹਨ ਕਿ ਉਹ ਆਪ ਹੀ ਧਰਤੀ ਤੇ ਆਕਾਸ਼ ਬਣਾਉਣ ਵਾਲਾ ਹੈ[31] ਅਤੇ ਉਸ ਦੇ ਪੈਦਾ ਕੀਤੇ ਹੋਏ ਵੱਡੇ-ਵੱਡੇ ਪਾਤਸ਼ਾਹ ਉਸ ਨੂੰ ਨਮਸਕਾਰ ਕਰਦੇ ਹਨ। [32] ਜਿਸ ਨੂੰ ਉਹ ਵਡਿਆਈ ਦਿੰਦਾ ਹੈ, ਉਹੀ ਵੱਡਾ ਹੁੰਦਾ ਹੈ। ਉਸ ਦੀ ਰੀਸ ਕਰਨ ਵਾਲਾ ਮੂਰਖ ਅਤੇ ਅਣਜਾਣ ਹੈ[33] ਕਿਉਂਕਿ ਉਸ ਦਾ ਕੋਈ ਵੀ ਸਰੀਕ ਨਹੀਂ। [34] ਉਹ ਕਰਤਾ ਜੀਵਾਂ ਵਿਚ ਵਰਤ ਰਹੀ ਹਰ ਇਕ ਚੀਜ਼ ਨੂੰ ਜਾਣਦਾ ਹੈ ਅਤੇ ਉਸ ਤੋਂ ਕੁਝ ਵੀ ਗੁੱਝਾ ਨਹੀਂ ਹੈ:

ਨਾਨਕ ਕਰਤਾ ਸਭੁ ਕਿਛੁ ਜਾਣਦਾ ਜਿਦੂ ਕਿਛੁ ਗੁਝਾ ਨ ਹੋਇ ॥ [35]

### 4.3 ਸੁਭਾਅ

ਅਕਾਲ ਪੁਰਖ ਨੂੰ ਭਗਤਾਂ ਅਤੇ ਸੰਤਾਂ ਦਾ ਸੰਗੀ ਦੱਸਦੇ ਹੋਏ ਉਸਨੂੰ ਸੰਤਾਂ ਦੀ ਸਹਾਇਤਾ ਕਰਨ ਵਾਲੇ ਸੁਭਾਅ ਦਾ ਮਾਲਕ ਦੱਸਿਆ ਹੈ:

ਸੰਤ ਸਹਾਈ ਨਾਨਕਾ ਵਰਤੈ ਸਭ ਜਾਹਰੁ ॥ [36]

ਉਹ ਆਪਣੇ ਭਗਤਾਂ ਦੀ ਪੈਜ ਰੱਖ ਕੇ ਵਡਿਆਈ ਬਖਸ਼ਦਾ ਹੈ ਅਤੇ ਨਿੰਦਕਾਂ-ਦੁਸ਼ਟਾਂ ਤੋਂ ਲੇਖਾ ਮੰਗ ਕੇ ਉਨ੍ਹਾਂ ਦਾ ਮੂੰਹ ਕਾਲਾ ਕਰਦਾ ਹੈ। [37]

### 4.4 ਪਰਮ ਹਕੀਕਤ ਨਾਲ ਜੁੜਨ ਵਾਲੇ ਦਾ ਸਰੂਪ

ਪਰਮ ਹਕੀਕਤ ਨਾਲ ਜੁੜਨ ਵਾਲੇ ਜੀਵ ਨੂੰ ਗੁਰੂ ਰਾਮਦਾਸ ਨੇ ਅਜਿਹੀਆਂ ਬਰਕਤਾਂ



ਦਾ ਮਾਲਕ ਦੱਸਿਆ ਹੈ ਜਿਸ ਰਾਹੀਂ ਅਣਗਿਣਤ ਜੀਵ ਲਾਭ ਪ੍ਰਾਪਤ ਕਰਦੇ ਹਨ:

ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥ [38]

ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖ ਵਸ ਜਾਂਦਾ ਹੈ ਉਨ੍ਹਾਂ ਦੇ ਹਿਰਦੇ ਅੰਦਰ ਸਭ ਤਰ੍ਹਾਂ ਦੇ ਰਸ ਪ੍ਰਤੱਖਮਾਨ ਹੋ ਜਾਂਦੇ ਹਨ। [39]

### 5. ਸਤਿਗੁਰੂ/ਗੁਰੂ

ਗੁਰਮਤਿ ਵਿਚ ਗੁਰੂ ਅਤੇ ਪਰਮਾਤਮਾ ਨੂੰ ਅਭੇਦ ਮੰਨ ਕੇ ਗੁਰੂ ਨੂੰ ਪਰਮ ਹਸਤੀ ਦੇ ਤੁੱਲ ਦੱਸਿਆ ਗਿਆ ਹੈ। ਪ੍ਰਭੂ ਨਾਲ ਸ਼ਬਦ ਦੁਆਰਾ ਆਪਣੀ ਸੁਰਤਿ ਜੋੜਨਾ ਗੁਰੂ ਤੋਂ ਬਿਨਾਂ ਸੰਭਵ ਨਹੀਂ ਕਿਉਂਕਿ ਗੁਰੂ ਦੁਆਰਾ ਦੱਸਿਆ ਸ਼ਬਦ ਹੀ ਜੀਵ ਦੇ ਅਗਿਆਨ ਨੂੰ ਦੂਰ ਕਰਦਾ ਹੈ। ਗੁਰੂ ਦੇ ਵਿਭਿੰਨ ਪੱਖਾਂ ਨੂੰ ਗਉੜੀ ਕੀ ਵਾਰ ਵਿਚ ਇਸ ਪ੍ਰਕਾਰ ਪ੍ਰਸਤੁਤ ਕੀਤਾ ਗਿਆ ਹੈ:

### 5.1 ਪਰਿਭਾਸ਼ਾ

ਗੁਰੂ ਰਾਮਦਾਸ ਨੇ ਸਤਿਗੁਰੂ ਦੀ ਪਰਿਭਾਸ਼ਾ ਦਿੰਦੇ ਹੋਏ ਉਸ ਪੁਰਖ ਨੂੰ ਸਤਿਗੁਰ ਕਿਹਾ ਹੈ ਜਿਸ ਨੇ ਪੰਜ ਵਿਕਾਰਾਂ ਨੂੰ ਨਸ ਵਿਚ ਕਰ ਲਿਆ ਹੋਵੇ:

ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥ [40]

### 5.2 ਗੁਰੂ ਦੇ ਗੁਣ

ਸੱਚੇ ਗੁਰੂ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਦਿਨ ਰਾਤ ਹੀ ਉਸ ਪਰਮਾਤਮਾ ਦਾ ਨਾਮ ਸਿਮਰਦਾ ਹੈ:

ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ ॥ [41]

ਉਹ ਅੰਦਰੋਂ ਨਿਰਵੈਰ ਹੁੰਦਾ ਹੈ[42] ਅਤੇ ਸਾਰਿਆਂ ਦਾ ਭਲਾ ਲੋਚਦਾ ਹੈ। [43] ਉਹ ਧਰਤੀ, ਮਾਤਾ-ਪਿਤਾ ਅਤੇ ਕੁਲ ਭਾਗਾਂ ਵਾਲੇ ਹੋ ਜਾਂਦੇ ਹਨ ਜਿਸ ਨਾਲ ਪੂਰਨ ਗੁਰੂ ਦਾ ਸੰਬੰਧ ਜੁੜਦਾ ਹੈ। [44]

ਗੁਰਸਿੱਖਾਂ ਅੰਦਰ ਸਤਿਗੁਰੂ ਆਪ ਵਰਤ ਕੇ ਉਨ੍ਹਾਂ ਦੇ ਔਗੁਣ ਖਤਮ ਕਰ ਦਿੰਦਾ ਹੈ। [45] ਜੋ ਸਤਿਗੁਰੂ ਦਾ ਪ੍ਰੇਮ ਨਾਲ ਦਰਸ਼ਨ ਕਰਦੇ ਹਨ ਉਸ ਦੇ ਸਾਰੇ ਪਾਪ ਨਾਸ਼ ਹੋ ਜਾਂਦੇ ਹਨ। [46]

### 5.3 ਗੁਰੂ ਦੀ ਬਾਣੀ ਦਾ ਸਰੂਪ

ਸੱਚੇ ਗੁਰੂ ਦੀ ਬਾਣੀ ਸੱਚ ਦਾ ਸਰੂਪ ਹੁੰਦੀ ਹੈ[47] ਜਿਸਨੂੰ ਬਿਲਕੁਲ ਸੱਚ ਕਰ ਕੇ ਜਾਣਨਾ ਚਾਹੀਦਾ ਹੈ ਕਿਉਂਕਿ ਕਰਤਾ ਆਪ ਹੀ ਗੁਰੂ ਦੇ ਰਾਹੀਂ ਇਹ ਬਾਣੀ ਪ੍ਰਗਟ ਕਰਦਾ ਹੈ:

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥ [48]

### 5.4 ਗੁਰੂ ਨਿੰਦਕਾਂ ਦੀ ਦਸ਼ਾ

ਸਤਿਗੁਰੂ ਦੇ ਨਿੰਦਕਾਂ ਦੀ ਹਾਲਤ ਬਾਰੇ ਗਉੜੀ ਕੀ ਵਾਰ ਵਿਚ ਗੁਰੂ ਰਾਮਦਾਸ ਨੇ ਬੜੇ ਵਿਸਥਾਰ ਨਾਲ ਲਿਖਿਆ ਹੈ। ਜਿਹੜੇ ਮਨਮੁਖ ਪੂਰੇ ਸਤਿਗੁਰੂ ਦੀ ਨਿੰਦਾ ਕਰਦੇ ਹਨ ਉਨ੍ਹਾਂ ਨੂੰ ਪਰਮਾਤਮਾ ਆਪ ਸਜਾ ਦਿੰਦਾ ਹੈ।[49]

ਗੁਰੂ ਦੀ ਵਡਿਆਈ ਨਾ ਵੇਖ ਸਕਣ ਵਾਲੇ ਨਿੰਦਕਾਂ ਨੂੰ ਅੱਗੇ ਪਿਛੇ ਕਿਤੇ ਵੀ ਥਾਂ ਨਹੀਂ ਮਿਲਦੀ ਅਤੇ ਉਹ ਆਪਣੀ ਰਹਿੰਦੀ ਖੁਹੰਦੀ ਇੱਜ਼ਤ ਵੀ ਗਵਾ ਲੈਂਦੇ ਹਨ।[50] ਸਤਿਗੁਰੂ ਤੋਂ ਫਿਟਕਾਰੇ ਹੋਏ ਨਿੰਦਕ ਸਾਰੇ ਜਗਤ ਤੋਂ ਫਿਟਕਾਰੇ ਜਾਂਦੇ ਹਨ ਅਤੇ ਭੰਬਲ ਭੂਸੇ ਵਿਚ ਪਏ ਰਹਿੰਦੇ ਹਨ:

ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ॥[51]

ਪੂਰੇ ਸਤਿਗੁਰੂ ਦੀ ਨਿੰਦਾ ਕਰਨ ਵਾਲਾ ਸੰਸਾਰ ਵਿਚ ਔਖਾ ਹੁੰਦਾ ਹੈ ਅਤੇ ਉਸਨੂੰ ਨਰਕਾਂ ਦੇ ਘੋਰ ਦੁੱਖ ਸਹਿਣੇ ਪੈਂਦੇ ਹਨ।[52] ਅਜਿਹੀ ਹਾਲਤ ਵਿਚ ਉਸਦੀ ਕੋਈ ਵੀ ਕੂਕ ਪੁਕਾਰ ਨਹੀਂ ਸੁਣਦਾ।[53]

ਅਜਿਹਾ ਨਿੰਦਕ ਲੋਕ-ਪਰਲੋਕ ਵਿਚ ਆਪਣਾ ਸਭ ਕੁਝ ਗਵਾ ਲੈਂਦਾ ਹੈ ਅਤੇ ਤੇਲੀ ਦੇ ਬਲਦ ਵਾਂਗ ਨਿਰਾਰਥਕ ਭਟਕਦਾ ਰਹਿੰਦਾ ਹੈ[54] ਕਿਉਂਕਿ ਪਰਮਾਤਮਾ ਸਭ ਕੁਝ ਸੁਣਦਾ ਵੇਖਦਾ ਹੈ। ਉਸ ਤੋਂ ਕੁਝ ਵੀ ਗੁੱਝਾ ਨਹੀਂ ਰਹਿੰਦਾ:

ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ॥[55]

ਗੁਰੂ ਸਾਹਿਬ ਅਨੁਸਾਰ ਨਿੰਦਕ ਭਾਵੇਂ ਜਿੰਨੀ ਮਰਜ਼ੀ ਨਿੰਦਾ ਕਰੇ, ਉਹ ਸਤਿਗੁਰ ਜੀ ਦਾ ਕੁਝ ਵੀ ਨਹੀਂ ਵਿਗਾੜ ਸਕਦਾ ਕਿਉਂਕਿ 'ਸਚਾ ਸਾਹਿਬ' ਗੁਰੂ ਨਾਲ ਹੁੰਦਾ ਹੈ:

ਤੁਸਿ ਦਿਤੀ ਪੂਰੈ ਸਤਿਗੁਰੂ ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ॥
ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ ਮਰੈ ਸਭ ਲੋਕਾਈ॥[56]

## 6. ਨਾਮ

ਨਾਮ ਸਿੱਖੀ ਜੀਵਨ ਦਾ ਮੂਲ ਆਧਾਰ ਹੈ ਜਿਸ ਦਾ ਸਿਮਰਨ ਹੀ ਪਰਮਾਤਮਾ ਨਾਲ ਇਕਰੂਪ ਹੋਣ ਦਾ ਇਕਮਾਤ੍ਰ ਸਾਧਨ ਹੈ। 'ਨਾਨਕ ਕੈ ਘਰ ਕੇਵਲ ਨਾਮ' ਰਾਹੀਂ ਨਾਮ ਦਾ ਮਹੱਤਵ ਸਪੱਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ। 'ਨਾਮ ਗਿਆਨ-ਇੰਦਰਿਆਂ ਦਾ ਵਿਸ਼ਾ ਨਹੀਂ। ਨਾਮ ਤਾਂ ਇਕ ਅਨੁਭਵੀ ਤਜਰਬਾ ਹੈ। ਇਹ ਇਕ ਅਹਿਸਾਸ ਹੈ, ਸੁਆਦ ਹੈ; ਇਸ ਲਈ ਇਸ ਨੂੰ ਅੱਖਰਾਂ ਵਿਚ ਨਹੀਂ ਦੱਸਿਆ ਜਾ ਸਕਦਾ।'[57] ਨਾਮ ਨੂੰ ਗੁਰੂ ਰਾਮਦਾਸ ਜੀ ਨੇ ਇਸ ਪ੍ਰਕਾਰ ਵਿਅਕਤ ਕੀਤਾ ਹੈ:

### 6.1 ਨਾਮ ਅਤੇ ਗੁਰੂ

ਸਤਿਗੁਰੂ ਅਤੇ ਨਾਮ ਨੂੰ ਇਕ ਦੂਜੇ ਨਾਲ ਜੋੜਦੇ ਹੋਏ ਗੁਰੂ ਰਾਮਦਾਸ ਜੀ ਇਹ ਵਿਚਾਰ



ਪ੍ਰਗਟ ਕਰਦੇ ਹਨ ਕਿ ਨਾਮ ਜਪਣਾ ਸਤਿਗੁਰੂ ਦਾ ਇਕ ਵੱਡਾ ਗੁਣ ਹੈ:

ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ॥
ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ॥[58]

### 6.2 ਨਾਮ ਅਤੇ ਗੁਰਸਿੱਖ

ਗੁਰੂ ਰਾਮਦਾਸ ਜੀ ਅਨੁਸਾਰ ਗੁਰਸਿੱਖ ਅਖਵਾਉਣ ਲਈ ਅੰਮ੍ਰਿਤ ਵੇਲੇ ਜਾਗ ਕੇ ਨਾਮ ਨਾਲ ਜੁੜਨਾ ਜਰੂਰੀ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥[59]

ਗੁਰਸਿੱਖ ਲਈ ਨਾਮ ਤੋਂ ਬਿਨਾਂ ਦੂਸਰੀਆਂ ਦੁਨੀਆਵੀਂ ਗੱਲਾਂ ਨਿਰਾਰਥਕ ਹਨ।[60] ਇਸ ਲਈ ਗੁਰਸਿੱਖ ਨੂੰ ਦਿਨ ਰਾਤ ਨਾਮ ਜਪਣ ਦਾ ਹੁਕਮ ਹੈ ਕਿਉਂਕਿ ਇਸ ਪਿੱਛ ਕਰਤੇ ਦੀ ਇੱਛਾ ਸ਼ਕਤੀ ਹੀ ਕਾਰਜ ਕਰਦੀ ਹੈ।[61]

### 6.3 ਨਾਮ ਨਾਲ ਜੁੜਣ ਵਾਲੇ ਦਾ ਸਰੂਪ

ਜਿਨ੍ਹਾਂ ਗੁਰਸਿੱਖਾਂ ਅੰਦਰ ਨਾਮ ਦਾ ਖ਼ਜ਼ਾਨਾ ਹੁੰਦਾ ਹੈ ਉਨ੍ਹਾਂ ਦੇ ਸਾਰੇ ਕਾਰਜ ਸੰਪੂਰਨ ਹੁੰਦੇ ਹਨ[62] ਅਤੇ ਹਰ ਪ੍ਰਕਾਰ ਦਾ ਖਤਮ ਹੋ ਜਾਂਦਾ ਹੈ।[63] ਨਾਮ ਨਾਲ ਜੁੜਣ ਵਾਲੇ ਦੇ ਲੋਕ ਅਤੇ ਪਰਲੋਕ ਸਫਲ ਹੋ ਜਾਂਦੇ ਹਨ:

ਜਨ ਨਾਨਕ ਨਾਮੁ ਧਿਆਇ ਤੂ ਹਰਿ ਹਲਤਿ ਪਲਤਿ ਛੋਡਾਇਸੀ॥[64]

ਨਾਮ ਨਾਲ ਜੁੜਣ ਵਾਲੇ, ਨਾਮ ਸੁਣਨ ਵਾਲੇ ਤੇ ਨਾਮ ਦਾ ਦ੍ਰਿੜ੍ਹਤਾ ਨਾਲ ਸਿਮਰਨ ਕਰਨ ਵਾਲੇ ਪ੍ਰਾਣੀ ਧੰਨਤਾ ਦੇ ਪਾਤਰ ਬਣ ਜਾਂਦੇ ਹਨ।[65]

## 7. ਗੁਰਸਿੱਖ/ਗੁਰਮੁਖ

ਗੁਰੂ ਦੇ ਹੁਕਮ ਅੰਦਰ ਰਹਿ ਕੇ ਗੁਰਬਾਣੀ ਸਿਧਾਂਤਾਂ ਅਨੁਸਾਰ ਰਹਿਣ ਵਾਲੀ ਸ਼ਖ਼ਸੀਅਤ ਨੂੰ ਸਿੱਖ ਧਰਮ ਵਿਚ ਗੁਰਸਿੱਖ ਦਾ ਨਾਂ ਦਿੱਤਾ ਗਿਆ ਹੈ ਜੋ 'ਸਚਿਆਰ' ਪਦ ਅਤੇ 'ਜੀਵਨ ਮੁਕਤਿ' ਵਾਲੀ ਅਵਸਥਾ ਦਾ ਨਾਂ ਹੈ। ਸਿੱਖੀ ਦਾ ਮੂਲ ਉਦੇਸ਼ ਹੀ ਗੁਰਸਿੱਖ ਬਣ ਕੇ ਪਰਮਾਤਮਾ ਨਾਲ ਅਭੇਦ ਹੋਣਾ ਹੈ। ਗੁਰੂ ਰਾਮਦਾਸ ਜੀ ਗੁਰਮੁਖ/ਗੁਰਸਿੱਖ ਦੇ ਵਿਭਿੰਨ ਪੱਖ ਸਾਡੇ ਸਾਹਮਣੇ ਪ੍ਰਸਤੁਤ ਕਰਦੇ ਹਨ ਜੋ ਇਸ ਪ੍ਰਕਾਰ ਹਨ:

### 7.1 ਪਰਿਭਾਸ਼ਾ ਅਤੇ ਲੱਛਣ

ਗੁਰਸਿੱਖ ਦੀ ਪਰਿਭਾਸ਼ਾ ਸਪੱਸ਼ਟ ਕਰਦੇ ਹੋਏ ਗੁਰੂ ਰਾਮਦਾਸ ਜੀ ਪਰਮਾਤਮਾ ਨੂੰ ਸਾਸ ਗਿਰਾਸ ਯਾਦ ਕਰਨ ਵਾਲੇ ਪ੍ਰਾਣੀ ਨੂੰ ਪੂਰਨ ਮਨੁੱਖ ਭਾਵ ਗੁਰਮੁਖ ਦਾ ਦਰਜਾ ਪ੍ਰਦਾਨ ਕਰਦੇ ਹਨ:

ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ॥[66]

ਅਜਿਹੇ ਗੁਰਮੁਖਾਂ ਦਾ ਹਰ ਕਾਰਜ ਉਸ ਰੱਬੀ ਹੁਕਮ ਵਿਚ ਹੋਣ ਕਾਰਨ ਪ੍ਰਵਾਨ ਹੁੰਦਾ ਹੈ।[67] ਗੁਰਸਿੱਖ ਦੇ ਲੱਛਣਾਂ ਬਾਰੇ ਦੱਸਦੇ ਹੋਏ ਗੁਰੂ ਰਾਮਦਾਸ ਜੀ ਦੱਸਦੇ ਹਨ ਕਿ ਗੁਰੂ ਦੇ ਉਪਦੇਸ਼ ਨੂੰ ਇਕਾਗਰਤਾ ਨਾਲ ਸੁਣਨਾ ਉਨ੍ਹਾਂ ਦਾ ਮੁੱਖ ਲੱਛਣ ਹੈ[68] ਅਤੇ ਉਹ ਹਮੇਸ਼ਾਂ ਗੁਰੂ ਦੇ ਭਾਣੇ ਵਿਚ ਰਹਿੰਦੇ ਹਨ।[69] ਇਸ ਪ੍ਰਕਾਰ ਗੁਰਸਿੱਖਾਂ ਦਾ ਮਾਰਗ ਸਭ ਤੋਂ ਨਿਰਾਲਾ ਹੁੰਦਾ ਹੈ:

ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥[70]

ਗੁਰਮੁਖ ਜਨ ਬੌਧਿਕ ਪੱਖ ਤੋਂ ਗਿਆਨ ਦੇ ਧਾਰਨੀ ਹੁੰਦੇ ਹਨ ਅਤੇ ਪਰਮਾਤਮਾ ਦੇ ਗੁਣ ਗਾ ਕੇ ਆਪਣੇ ਹਿਰਦੇ ਵਿਚ ਵਸਾ ਲੈਂਦੇ ਹਨ।[71]

### 7.2 ਗੁਰਮੁਖਾਂ ਦੇ ਗੁਣ

ਗੁਰਮੁਖ ਆਪਣੇ ਸਰੀਰ ਵਿਚ ਨਾਮ ਰੂਪ ਅੰਮ੍ਰਿਤ ਬੀਜਦੇ ਹਨ ਅਤੇ ਲੋਕ ਪ੍ਰਲੋਕ ਸਫ਼ਲ ਕਰ ਲੈਂਦੇ ਹਨ।[72] ਇਸ ਸਰੀਰ ਰੂਪ ਪਰਮਾਤਮਾ ਦੇ ਖੇਤ ਵਿਚ ਉਹ ਉਸ ਦੇ ਕਿਸਾਨ ਵਾਂਗ ਖੇਤੀ ਕਰ ਕੇ ਅੰਮ੍ਰਿਤ ਫਲ ਪ੍ਰਾਪਤ ਕਰਦੇ ਹਨ।[73] ਗੁਰੂ ਰਾਹੀਂ ਦੱਸੇ ਮਾਰਗ ਦੁਆਰਾ ਉਹ ਸਰੀਰ ਵਿਚੋਂ ਗੁਣਾਂ ਦੇ ਗੁੱਝੇ ਰਤਨ ਪ੍ਰਾਪਤ ਕਰ ਲੈਂਦੇ ਹਨ:

ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥[74]

### 7.3 ਸਰੂਪ ਅਤੇ ਪ੍ਰਵਿਰਤੀ

ਗੁਰਮੁਖਾਂ ਦੀ ਪ੍ਰਵਿਰਤੀ ਸਤਿਗੁਰ ਦਾ ਹੁਕਮ ਮੰਨ ਕੇ ਪ੍ਰਭੂ ਨਾਲ ਜੁੜਨ ਵਾਲੀ ਹੁੰਦੀ ਹੈ। ਉਹ ਸਤਿਗੁਰ ਦੇ ਮਿਲਾਪ ਰਾਹੀਂ ਨਾਮ ਜਪਦੇ ਹਨ ਅਤੇ ਗੁਰੂ ਰਾਹੀਂ ਨਾਮ ਹਿਰਦੇ ਵਿਚ ਵਸਾ ਲੈਂਦੇ ਹਨ:

ਕਰਿ ਕਿਰਪਾ ਸਤਿਗੁਰੁ ਮੇਲਿਓਨੁ ਮੁਖਿ ਗੁਰਮੁਖਿ ਨਾਮੁ ਧਿਆਇਸੀ ॥
ਸੋ ਕਰੇ ਜਿ ਸਤਿਗੁਰ ਭਾਵਸੀ ਗੁਰੁ ਪੂਰਾ ਘਰੀ ਵਸਾਇਸੀ ॥[75]

ਅਜਿਹੇ ਗੁਰਸਿੱਖਾਂ ਵਿਚ ਸਤਿਗੁਰ ਆਪ ਹੀ ਵਰਤ ਰਿਹਾ ਹੁੰਦਾ ਹੈ ਤੇ ਔਗੁਣਾਂ ਦਾ ਨਾਸ਼ ਕਰ ਦਿੰਦਾ ਹੈ[76] ਜਿਸ ਨਾਲ ਉਹ ਗੁਰੂ ਦਾ ਹੀ ਸਰੂਪ ਬਣ ਜਾਂਦੇ ਹਨ।

### 7.4 ਮਹਾਨਤਾ ਵਾਲਾ ਪੱਖ

ਗਉੜੀ ਕੀ ਵਾਰ ਵਿਚ ਗੁਰਮੁਖ ਜਨ ਨੂੰ ਬੜਾ ਉੱਚਾ ਰੁਤਬਾ ਤੇ ਸਤਿਕਾਰ ਪ੍ਰਦਾਨ ਕੀਤਾ ਗਿਆ ਹੈ। ਗੁਰੂ ਰਾਮਦਾਸ ਜੀ ਅਜਿਹੇ ਗੁਰਸਿੱਖਾਂ ਦੀ ਧੂੜੀ ਨੂੰ ਵੀ ਸਤਿਕਾਰ ਦਿੰਦੇ ਹਨ ਜੋ ਗੁਰੂ ਦੇ ਹੁਕਮ ਵਿਚ ਵਿਚਰਦੇ ਹਨ ਅਤੇ ਆਪ ਨਾਮ ਜਪ ਕੇ ਦੂਸਰਿਆਂ ਨੂੰ ਵੀ ਜਪਾਉਂਦੇ ਹਨ:

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥[77]
ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰ ਕੇ ਸਿਖ ਮੇਰੇ ਭਾਈ ॥[78]



## 8. ਹਉਮੈ

ਹਉਮੈ ਦਾ ਅਰਥ ਹੈ- ਮੈਂ ਮੇਰੀ ਦਾ ਭਾਵ, ਅਹੰਤਾ, ਅਭਿਮਾਨ, ਖੁਦੀ।[79] ਹਉਮੈ ਨੂੰ ਗੁਰਬਾਣੀ ਵਿਚ ਦੀਰਘ (ਵੱਡੇ) ਰੋਗ ਦੀ ਸੰਗਯਾ ਦਿੱਤੀ ਗਈ ਹੈ ਜੋ ਅਕਾਲ ਪੁਰਖ ਦੇ ਨਾਮ ਦਾ ਵਿਰੋਧੀ ਤੱਤ ਹੈ। ਇਸ ਦੇ ਅਧੀਨ ਹੋ ਕੇ ਵਿਕਾਰਾਂ ਵਿਚ ਗ੍ਰਸਿਆ ਹੋਇਆ ਜੀਵ ਅਸਲ ਉਦੇਸ਼ ਤੋਂ ਦੂਰ ਹੋ ਜਾਂਦਾ ਹੈ। 'ਸਾਡਾ ਅੰਦਰਲਾ ਨਾਮ/ਆਤਮ ਤੱਤ, ਬ੍ਰਹਮੰਡ ਵਿਚ ਰਮੇ ਹੋਏ ਰਾਮ ਨਾਮ (ਸਰਬਾਤਮ ਤੱਤ ਨਾਲ) ਇਕ ਹੋਣਾ ਚਾਹੁੰਦਾ ਹੈ। ਹਉਮੈ ਦੋਹਾਂ ਦੇ ਵਿਚਕਾਰ ਇਕ ਕੰਧ ਹੈ, ਇਕ ਤਰ੍ਹਾਂ ਦੀ 'ਕੂੜੀ ਪਾਲ' ਹੈ।.......... ਜੇ ਹਉਮੈ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ ਤਾਂ ਮਨੁੱਖ ਦਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ।'[80] ਗਉੜੀ ਕੀ ਵਾਰ ਵਿਚ ਹਉਮੈ ਦੇ ਹੇਠ ਲਿਖੇ ਪੱਖ ਸਾਹਮਣੇ ਆਉਂਦੇ ਹਨ:

### 8.1 ਹਉਮੈ ਦਾ ਸਰੂਪ

ਹਉਮੈ ਦੇ ਸਰੂਪ ਬਾਰੇ ਗੱਲ ਕਰਦੇ ਹੋਏ ਗੁਰੂ ਰਾਮਦਾਸ ਜੀ ਨੇ ਇਸ ਨੂੰ ਮਾਇਆ ਦੀ ਜ਼ਹਿਰ ਦਾ ਨਾਮ ਦਿੱਤਾ ਹੈ ਜਿਸ ਨਾਲ ਸਾਰੇ ਸੰਸਾਰ ਨੂੰ ਘਾਟਾ ਪੈ ਰਿਹਾ ਹੈ:

ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥[81]

ਮਨਮੁਖ ਬਿਰਤੀ ਵਾਲੇ ਹੰਕਾਰ ਦੇ ਅਧੀਨ ਮੋਹ ਮਾਇਆ ਵਿਚ ਗ੍ਰਸੇ ਰਹਿੰਦੇ ਹਨ।[82] ਇਸ ਹਉਮੈ ਅਧੀਨ ਸਾਰਾ ਜਗਤ ਵਿਸ਼ੇ ਵਿਕਾਰਾਂ ਵਿਚ ਲੱਗਿਆ ਹੋਇਆ ਹੈ।[83]

### 8.2 ਹਉਮੈ ਦੀ ਨਿਵਿਰਤੀ ਸਤਿਗੁਰੂ ਨਾਲ ਸੰਭਵ

ਹਉਮੈ ਵਰਗੇ ਰੋਗ ਨੂੰ ਸਤਿਗੁਰੂ ਰਾਹੀਂ ਹੀ ਦੂਰ ਕੀਤਾ ਜਾ ਸਕਦਾ ਹੈ। ਪੂਰੇ ਸਾਧੂ ਰੂਪ ਸਤਿਗੁਰੂ ਸੱਜਣ ਰਾਹੀਂ ਇਹ ਰੋਗ ਦੂਰ ਹੋ ਜਾਂਦਾ ਹੈ ਪ੍ਰੰਤੂ ਗੁਰੂ ਤੋਂ ਬਿਨਾ ਸੋਝੀ ਪ੍ਰਾਪਤ ਨਹੀਂ ਹੁੰਦੀ ਅਤੇ ਨਾ ਹੀ ਹੰਕਾਰ ਖਤਮ ਹੁੰਦਾ ਹੈ।[84] ਸਤਿਗੁਰੂ ਦੇ ਮਿਲਣ ਨਾਲ ਹੀ ਮੋਹ ਮਾਇਆ ਵਿਚ ਅੰਨ੍ਹੇ ਹੋਏ ਮਨਮੁਖਾਂ 'ਤੇ ਨਦਰਿ ਸੰਭਵ ਹੈ:

ਸਤਿਗੁਰੁ ਮਿਲੈ ਤ ਨਦਰਿ ਹੋਇ ਮਨਮੁਖ ਅੰਧ ਅੰਧਿਆਰ ॥[85]

ਇਸ ਪ੍ਰਕਾਰ ਪੂਰੇ ਸਤਿਗੁਰੂ ਦੁਆਰਾ ਦੱਸਿਆ ਮਾਰਗ ਹੀ ਹਉਮੈ ਤੋਂ ਛੁਟਕਾਰਾ ਦਿਵਾ ਸਕਦਾ ਹੈ।

## 9. ਸੰਤ ਜਨਾਂ ਦੇ ਨਿੰਦਕ ਬਾਰੇ

ਇਸ ਵਾਰ ਦੀ 12ਵੀਂ ਪਉੜੀ ਵਿਚ ਅਕਾਲ ਪੁਰਖ ਦੇ ਸੰਤ ਜਨਾਂ ਦੇ ਨਿੰਦਕਾਂ ਦੀ ਹਾਲਤ ਨੂੰ ਬਿਆਨ ਕੀਤਾ ਗਿਆ ਹੈ ਜੋ ਮੁੱਢ ਤੋਂ ਕੱਟੇ ਹੋਏ ਦਰੱਖਤ ਦੀ ਟਾਹਣੀ ਵਾਂਗ ਅਧਿਆਤਮਕ ਤੌਰ 'ਤੇ ਸੁੱਕੇ ਹੁੰਦੇ ਹਨ ਅਤੇ ਸੰਤਾਂ ਦੇ ਸਰਾਪੇ ਜਾਣ ਕਾਰਨ ਭਟਕਦੇ ਰਹਿੰਦੇ ਹਨ।[86]

ਅਜਿਹੇ ਮੂਰਖ ਮਨੁੱਖਾਂ ਨੂੰ ਕਦੀ ਵੀ ਸੁੱਖ ਪ੍ਰਾਪਤ ਨਹੀਂ ਹੁੰਦਾ ਅਤੇ ਹੰਕਾਰ ਨਾਲ ਸੜਦੇ ਰਹਿੰਦੇ ਹਨ।[87] ਉਹ ਪਾਰਬ੍ਰਹਮ ਦੀ ਮਾਰ ਪੈਣ ਕਾਰਨ ਕਿਸ ਦੇ ਵੀ ਸਗੇ (ਆਪਣੇ) ਨਹੀਂ ਹੁੰਦੇ ਅਤੇ ਨਿਰਵੈਰ ਭਾਵਨਾ ਵਾਲੇ ਸੰਤਾਂ ਨਾਲ ਵੈਰ ਰੱਖਣ ਕਰਕੇ ਧਰਮਰਾਜ ਦੀ ਸਜਾ ਦੇ ਪਾਤਰ ਬਣਦੇ ਹਨ।[88] ਅਸਲ ਵਿਚ ਅਜਿਹੇ ਨਿੰਦਕਾਂ ਦੇ ਧੁਰ ਦਰਗਾਹ ਤੋਂ ਲਿਖੇ ਲੇਖ ਹੀ ਉਨ੍ਹਾਂ ਦੀ ਮੰਦੀ ਹਾਲਤ ਦਾ ਕਾਰਨ ਬਣਦੇ ਹਨ।[89]

## 10. ਮਨਮੁਖ

ਮਨਮੁਖ ਦਾ ਅਰਥ ਹੈ- ਵਿਮੁਖ, ਗੁਰਮਤਿ ਤੋਂ ਉਲਟ ਜਿਸ ਨੇ ਆਪਣੇ ਮਨ (ਸੰਕਲਪ) ਨੂੰ ਹੀ ਮੁੱਖ ਜਾਣਿਆ ਹੈ।[90] ਮਨਮੁਖ ਬਿਰਤੀ ਵਾਲੇ ਦਾ ਸੁਭਾਅ 'ਬਿਸਟਾ ਦੇ ਕੀੜੇ' ਵਰਗਾ ਹੁੰਦਾ ਹੈ ਜੋ ਆਪਣੀ ਖੋਟੀ ਮਤ ਕਾਰਨ ਗੁਰੂ ਦੇ ਹੁਕਮਾਂ ਦੇ ਵਿਰੁੱਧ ਚਲਦੇ ਹੋਏ ਆਪਣਾ ਜਨਮ ਗਵਾ ਲੈਂਦੇ ਹਨ। ਮਨਮੁਖ ਨੂੰ ਗੁਰੂ ਸਾਹਿਬ ਜੀ ਨੇ ਇਸ ਪ੍ਰਕਾਰ ਚਿਤ੍ਰਿਤ ਕੀਤਾ ਹੈ:

### 10.1 ਮਨਮੁਖ ਦਾ ਸੁਭਾਅ ਅਤੇ ਲੱਛਣ

ਮਨ ਦੀ ਬਿਰਤੀ ਅਧੀਨ ਚੱਲਣ ਵਾਲੇ ਮਨਮੁਖ ਹਉਮੈ ਰੋਗ ਨਾਲ ਗ੍ਰਸੇ ਹੋਏ ਭਰਮਾਂ ਵਿਚ ਪਏ ਰਹਿੰਦੇ ਹਨ[91] ਅਤੇ ਮੋਹ ਮਮਤਾ ਦੇ ਅਧੀਨ ਹੁੰਦੇ ਹਨ।[92] ਉਹ ਪੂਰੇ ਗੁਰੂ ਦਾ ਹੁਕਮ ਨਾ ਮੰਨ ਕੇ ਵਿਸ਼ੇ ਵਿਕਾਰਾਂ ਵਿਚ ਲੱਗੇ ਰਹਿੰਦੇ ਹਨ।[93] ਅਜਿਹੀ ਬਿਰਤੀ ਵਾਲੇ ਬੇਸ਼ੱਕ ਵਿਖਾਵੇ ਵਜੋਂ ਗੁਰੂ ਅੱਗੇ ਝੁਕਦੇ ਹਨ ਪ੍ਰੰਤੂ ਗੁਰੂ ਦਾ ਹੁਕਮ ਅਮਲ ਵਿਚ ਨਹੀਂ ਲਿਆਉਂਦੇ।[94]

ਆਪਣੇ ਅੰਦਰ ਕੂੜ ਦੇ ਪਾਸਾਰ ਕਾਰਨ ਮਨਮੁਖ ਝਗੜਿਆਂ ਵਿਚ ਹੀ ਪਏ ਰਹਿੰਦੇ ਹਨ।[95] ਮਨਮੁਖ ਬਿਰਤੀ ਵਾਲੇ ਨੂੰ ਭਾਵੇਂ ਜਿੰਨਾ ਮਰਜ਼ੀ ਮੋਹ-ਪਿਆਰ ਵਧਾ ਕੇ ਚੰਗਿਆਈ ਵਾਲੇ ਪਾਸੇ ਪ੍ਰੇਰਿਤ ਕਰੀਏ, ਉਹ ਵਿਸ਼ੇ ਵਿਕਾਰਾਂ ਵਲ ਹੀ ਜਾਂਦਾ ਹੈ। ਇਸ ਲਈ ਮਨਮੁਖਾਂ ਦਾ ਸੰਗ ਨਹੀਂ ਕਰਨਾ ਚਾਹੀਦਾ[96] ਸਗੋਂ ਇਨ੍ਹਾਂ ਨਾਲੋਂ ਦੂਰੀ ਹੀ ਉਚਿਤ ਹੈ:

ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥[97]

### 10.2 ਵਿਕਾਰਾਂ ਦੇ ਅਧੀਨ ਚੱਲਣ ਵਾਲੇ

ਸਾਕਤ ਬਿਰਤੀ ਵਾਲੇ ਮੁੱਢ ਤੋਂ ਹੀ ਭੁੱਲੇ ਹੋਏ ਵਿਸ਼ੇ ਵਿਕਾਰਾਂ ਦੇ ਅਧੀਨ ਹੁੰਦੇ ਹਨ ਜੋ ਝਗੜਾ ਕਰਦਿਆਂ ਹੋਇਆਂ ਦਿਨ ਗੁਜ਼ਾਰ ਦਿੰਦੇ ਹਨ ਪ੍ਰੰਤੂ ਸਬਦ ਦੀ ਵਿਚਾਰ ਨਹੀਂ ਕਰਦੇ।[98] ਮਾਇਆ ਦੇ ਪ੍ਰਭਾਵ ਅਧੀਨ ਅੰਨ੍ਹਾ ਬੋਲਾ ਹੋਣਾ ਕਾਰਨ ਇਨ੍ਹਾਂ ਨੂੰ ਗੁਰੂ ਦਾ ਸਬਦ ਨਹੀਂ ਸੁਣਾਈ ਦਿੰਦਾ:

ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥[99]

ਅਗਿਆਨੀ ਹੋਣ ਕਾਰਨ ਮਨਮੁਖ ਹੰਕਾਰ ਅਧੀਨ ਗੁਰਮਤਿ ਤੋਂ ਦੂਰ ਹੋ ਕੇ ਕ੍ਰੋਧ ਆਦਿ ਨਾਲ ਦੁਰਮਤਿ ਵਾਲੀ ਮਤਿ ਧਾਰਨ ਕਰ ਲੈਂਦੇ ਹਨ।[100] ਆਪਣੇ ਅੰਦਰ ਤ੍ਰਿਸ਼ਨਾਵਾਂ ਦੇ



ਹੰਕਾਰ ਕਾਰਨ ਮਨਮੁਖਾਂ ਨੂੰ ਕਦੀ ਵੀ ਸੰਤੋਖ ਪ੍ਰਾਪਤ ਨਹੀਂ ਹੁੰਦਾ।[101]

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਗਉੜੀ ਕੀ ਵਾਰ ਸਿੱਖ ਦਰਸ਼ਨ, ਸਿੱਖੀ ਸਿਧਾਤਾਂ, ਸਮਕਾਲੀ ਇਤਿਹਾਸਕ ਪ੍ਰਸੰਗਾਂ ਅਤੇ ਗੁਰਸਿੱਖੀ ਜੀਵਨ-ਜਾਚ ਦਾ ਇਕ ਸੁਚੱਜਾ ਅਤੇ ਕੀਮਤੀ ਦਰਪਣ ਹੈ ਜਿਸ ਵਿਚੋਂ ਗੁਰੂ ਨਿੰਦਕਾਂ ਦੀ ਮੰਦੀ ਹਾਲਤ ਵੀ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਰਾਮਦਾਸ ਜੀ ਦੇ ਅਧਿਆਤਮਕ ਤਜ਼ਰਬੇ ਨੂੰ ਪ੍ਰਤੱਖਮਾਨ ਕਰਦੀ ਹੋਈ ਅਤੇ ਰੂਹਾਨੀ ਮਾਰਗ ਦੇ ਪਾਂਧੀਆਂ ਨੂੰ ਸੇਧ ਪ੍ਰਦਾਨ ਕਰਨ ਵਾਲੀ ਇਹ ਵਾਰ ਸਿੱਖ ਅਧਿਐਨ ਦੇ ਖੇਤਰ ਵਿਚ ਇਕ ਵਿਸ਼ੇਸ਼ ਸਥਾਨ ਰੱਖਦੀ ਹੈ ਜਿਸ ਵਿਚ ਗੁਰੂ ਰਾਮਦਾਸ ਜੀ ਨੇ ਗੁਰਮਤਿ ਚਿੰਤਨ ਦੇ ਵਿਭਿੰਨ ਪੱਖਾਂ ਨੂੰ ਅਭਿਵਿਅਕਤ ਕੀਤਾ ਹੈ।

**ਹਵਾਲੇ:**


1. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1525.
2. ਸਹਜ ਸਰੋਵਰਿ ਪਰਮਹੰਸੁ ਗੁਰਮਤਿ ਮੋਤੀ ਮਾਣਕ ਚੋਗੀ। -ਵਾਰਾਂ ਭਾਈ ਗੁਰਦਾਸ ਜੀ, ਚਾਕਰ, ਅਮਰ ਸਿੰਘ (ਸੰਪਾ.), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਵਾਰ 24, ਪਉੜੀ 17, ਪੰਨਾ 262.
3. ਸਹਜ ਸਮਾਧਿ ਅਗਾਧਿ ਬੋਧਿ ਸਤਿਗੁਰੁ ਸਚੁ ਸਵਾਰਣਹਾਰਾ।
   ਉਹੀ, ਵਾਰ 24, ਪਉੜੀ 14, ਪੰਨਾ 261.
4. ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 968.
5. (ੳ) ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ1397.
   (ਅ) ਸੇਜ ਸਧਾ ਸਹਜੁ ਛਾਵਾਣੁ ਸੰਤੋਖੁ ਸਰਾਇਚਉ ਸਦਾ ਸੀਲ ਸੰਨਾਹੁ ਸੋਹੈ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1398
6. ਫੁਨਿ ਜਾਨੈ ਕੋ ਤੇਰਾ ਅਪਾਰੁ ਨਿਰਭਉ ਨਿਰੰਕਾਰੁ ਅਕਥ ਕਥਨਹਾਰੁ ਤੁਝਹਿ ਬੁਝਾਈ ਹੈ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1398.
7. ਪੂਰਵ ਅੰਕਿਤ, ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 1525.
8. ਕਾਨ੍ਹ ਸਿੰਘ ਨਾਭਾ (ਭਾਈ), ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 2011, ਪੰਨਾ 1091.
9. ਰਤਨ ਸਿੰਘ ਜੱਗੀ, ਵਿਚਾਰਧਾਰਾ, ਪੰਨਾ 174 ਉਧਰਿਤ ਅੰਮ੍ਰਿਤ ਲਾਲ ਪਾਲ (ਡਾ.),

ਵਾਰਕਾਰ ਭਾਈ ਗੁਰਦਾਸ, ਆਰ. ਐਸ. ਪਬਲੀਕੇਸ਼ਨ, ਪਟਿਆਲਾ, 1999, ਪੰਨਾ 3.

10. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 475.

11. 'ਏਹਿ ਜਿ ਸੈਸਾਰੀ ਢਾਡੀ ਹੈ ਅਰ ਸੈਸਾਰੀਆਂ ਲੋਗਾਂ ਕੀਆਂ ਵਾਰਾਂ ਗਾਵਦੇ ਹੈਨਿ, ਸੇ ਸੈਸਾਰੀਆਂ ਪਾਸੋਂ ਦਾਨਿ ਪਾਂਵਦੇ ਹੈਨਿ। ਓਇ ਸੈਸਾਰੀ ਲੋਕ ਜਿ ਹੈ ਸੁ ਉਨਾ ਵਾਰਾਂ ਉਪਰਿ ਬਹੁਤ ਰੀਝ ਕਰਿ ਉਨੁ ਢਾਢੀਆਂ ਕਉ ਘੋੜੇ, ਕਪੜੇ, ਰੁਪਈਯੇ, ਅਨਾਜੁ ਬਖਸਿ ਦੇਤੇ ਹੈਂ। ਪਰ ਜੇ ਤਉ ਮੈਂ ਭੀ ਅਪਨੇ ਸਾਹਿਬ ਕੇ ਆਗੇ ਕਹਿ ਸੁਨਾਵੋ ਮਤ ਮੁਝ ਪਰਿ ਭੀ ਮੇਰਾ ਸਾਹਿਬ ਖੁਸੀ ਹੋਵੈ।'

ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਚੀ ਦੂਜੀ, ਸਿਖ ਹਿਸਟਰੀ ਡਿਪਾਰਟਮੈਂਟ, ਖਾਲਸਾ ਕਾਲਜ ਅੰਮ੍ਰਿਤਸਰ, 1969, ਪੰਨਾ 487 ਉਧਰਿਤ ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ 140.

12. ਸ੍ਰੀਮਤੀ ਵਿਦਿਆਵਤੀ, ਗੁਰੂ ਰਾਮਦਾਸ: ਜੀਵਨ ਤੇ ਬਾਣੀ, ਸੰਗਮ ਪਬਲੀਕੇਸ਼ਨਜ਼, ਸਮਾਣਾ, 2005, ਪੰਨਾ 34.

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ 22 ਵਾਰਾਂ ਵਿਚੋਂ ਗੁਰੂ ਨਾਨਕ ਦੇਵ ਦੀਆਂ 3, ਗੁਰੂ ਅਮਰਦਾਸ ਦੀਆਂ 4, ਗੁਰੂ ਰਾਮਦਾਸ ਦੀਆਂ 8, ਗੁਰੂ ਅਰਜਨ ਦੇਵ ਦੀਆਂ 6 ਅਤੇ 1 ਵਾਰ ਰਾਮਕਲੀ ਰਾਗ ਵਿਚ ਭਾਈ ਸਤੇ ਬਲਵੰਡ ਦੀ ਹੈ।

13. ਹਿੰਮਤ ਸਿੰਘ ਸੋਢੀ, ਗੁਰੂ ਰਾਮ ਦਾਸ: ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 55.

14. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨੇ 371-372.

15. (ੳ) ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥

(ਅ) ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥

(ੲ) ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥

(ਸ) ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305 .

16. ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ

ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 305-306 .



17. ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.

18. ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ॥

ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥

ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 315.

19. ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ॥

ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 316.

20. ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ॥

ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ॥

ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.

21. ਜਿ ਹੋਂਦੈ ਗੁਰੂ ਬਹਿ ਟਿਕਿਆ ਤਿਸੁ ਜਨ ਕੀ ਵਡਿਆਈ ਵਡੀ ਹੋਈ॥

ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸੁ ਵਰਤਿਆ ਲੋਈ॥

ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ ਸੋ ਪੂਰਾ ਹੋਈ॥

ਗੁਰ ਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ॥

ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ ਆਪੇ ਪੈਜ ਰਖੈ ਪ੍ਰਭੁ ਸੋਈ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 309.

22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 303.

23. ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 308.

24. ਕੂੜਿਆਰ ਪਿਛਾਹਾ ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 302 .

25. ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ ॥
ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 308.
26. ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 308.
27. ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 308.
28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 301
29. (ੳ) ਤੁਧੁ ਜੇਵਡੁ ਦਾਤਾ ਤੂਹੈ ਨਿਰੰਜਨਾ ਤੂਹੈ ਸਚੁ ਮੇਰੈ ਮਨਿ ਭਾਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 301.
(ਅ) ਅਤੁੰ ਸਚਾ ਸਾਹਿਬੁ ਅਤਿ ਵਡਾ ਤੁਹਿ ਜੇਵਡੁ ਤੂੰ ਵਡ ਵਡੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 317.
30. ਜਿਨ ਕਉ ਆਪਿ ਦੇਇ ਵਡਿਆਈ ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 308.
31. ਆਪੇ ਧਰਤੀ ਸਾਜੀਅਨੁ ਆਪੇ ਆਕਾਸੁ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 302.
32. ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ ਸਭਿ ਜਨ ਕਉ ਆਇ ਕਰਹਿ ਰਹਰਾਸਿ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305.
33. ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥
ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਿਬ ਮਨਿ ਭਾਣੀ ॥
ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 302.
34. ਤੇਰਾ ਸਰੀਕੁ ਕੋ ਨਾਹੀ ਜਿਸ ਨੋ ਲਵੈ ਲਾਇ ਸੁਣਾਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 301.
35. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 302.
36. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 315.
37. (ੳ) ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ ਅਪਣੀ ਪੈਜ ਰਖਾਈ ॥
ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥



ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 316
(ਅ) ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 308.
38. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.
39. ਸਭਿ ਰਸ ਤਿਨ ਕੈ ਰਿਦੈ ਹਹਿ ਜਿਨ ਹਰਿ ਵਸਿਆ ਮਨ ਮਾਹਿ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 310.
40. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 304.
41. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 303.
42. ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 30.
43. ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 302.
44. ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥
ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 310.
45. ਗੁਰਸਿਖਾ ਅੰਦਰਿ ਸਤਿਗੁਰੂ ਵਰਤੈ ਚੁਣਿ ਕਢੇ ਲਧੋਵਾਰੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 312.
46. ਜਿਨੀ ਡਿਠਾ ਮੇਰਾ ਸਤਿਗੁਰੁ ਭਾਉ ਕਰਿ ਤਿਨ ਕੇ ਸਭਿ ਪਾਪ ਗਵਾਈ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 310.
47. ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ ਬਣੀਐ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 304.
48. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 308.
49. (ੳ) ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.
(ਅ) ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ ਸੋ ਆਪਿ ਉਪਾਵਣਹਾਰੈ ਮਾਰਿਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 312.

50. ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ ॥
ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 309.
51. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.
52. ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 309.
53. ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 309.
54. ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥
ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 309.
55. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 309.
56. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 307.
57. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨੇ 418-419.
58. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 303.
59. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305.
60. ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 301.
61. ਅਨਦਿਨੁ ਨਾਮੁ ਜਪਹੁ ਗੁਰਸਿਖਹੁ ਹਰਿ ਕਰਤਾ ਸਤਿਗੁਰੁ ਘਰੀ ਵਸਾਏ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 308 .
62. ਜਿਨਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305.
63. (ੳ) ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 310.
(ਅ) ਜਿਨ ਅੰਦਰਿ ਨਾਮੁ ਨਿਧਾਨੁ ਹੈ ਤਿਨ ਕਾ ਭਉ ਸਭੁ ਗਵਾਇਸੀ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 310.



64. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 310.
65. ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ ॥
ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 312.
66. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 313.
67. ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥
ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 313 .
68. ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 314.
69. ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 314.
70. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 314.
71. ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥
ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 317.
72. ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ ॥
ਓਨਾ ਹਲਤਿ ਪਲਤਿ ਮੁਖ ਉਜਲੇ ਓਇ ਹਰਿ ਦਰਗਹ ਸਚੀ ਪੈਨਾਏ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 303.
73. ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ ॥
ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 304.
74. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 310.
75. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 310.
76. ਘੁਰਸਿਖਾ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 312.
77. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.
78. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 310.

79. ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 2011, ਪੰਨਾ 255.
80. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨੇ 402-405.
81. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 300.
82. ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 301.
83. ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 312.
84. ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਨਾ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 301 .
85. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 312.
86. ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥
ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.
87. ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥
ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.
88. ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥
ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.
89. ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 306.
90. ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 950.
91. ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 301.
92. ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 301.



93. ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 303.
94. ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ ॥
ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 312.
95. ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 303.
96. ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖਿ ਉਗਲਾਰੇ ॥
ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 312.
97. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 316.
98. ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 316.
99. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 313.
100. ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥
ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 314.
101. ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 316.

# ਗੁਰੂ ਰਾਮਦਾਸ ਦੀ ਬਾਣੀ ਵਿਚ ਪ੍ਰਤੀਕ ਵਿਧਾਨ

ਮਨਿੰਦਰ ਸਿੰਘ*

ਸਿੱਖ ਧਰਮ ਗੁਰੂ ਨਾਨਕ ਦੇਵ ਤੋਂ ਆਰੰਭ ਹੋਇਆ ਅਤੇ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ'[1] ਦੇ ਵਾਕ ਅਨੁਸਾਰ ਅਗਲੀਆਂ ਨੌ ਗੁਰ-ਜੋਤਾਂ ਵਿਚ ਵਿਕਸਿਤ

ਹੋਇਆ। 'ਬੈਠਾ ਸੋਢੀ ਪਾਤਸ਼ਾਹੁ ਰਾਮਦਾਸ ਸਤਿਗੁਰੂ ਕਹਾਵੈ'[2] ਇਸ ਪ੍ਰਮਾਣ ਨੂੰ ਗੁਰੂ ਅਮਰਦਾਸ ਨੇ ਉਸ ਸਮੇਂ ਪ੍ਰਤੱਖ ਕਰ ਵਿਖਾਇਆ ਜਦੋਂ ਉਨ੍ਹਾਂ ਨੇ ਇਕ ਘੁੰਗਣੀਆਂ ਵੇਚਣ ਵਾਲੇ ਇਕ ਅਨਾਥ ਅਤੇ ਸ਼ਰਧਾਵਾਨ ਸੇਵਕ ਭਾਈ ਜੇਠਾ ਨੂੰ ਅਕਾਲ ਪੁਰਖ ਦੀ ਵਰੋਸਾਈ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਦਾ ਮਾਲਕ ਬਣਾ ਕੇ ਆਪਣੇ ਪੁੱਤਰਾਂ, ਸਾਕ ਸੰਬੰਧੀਆਂ ਸਮੇਤ ਸਾਰੇ ਜਗਤ ਨੂੰ ਉਨ੍ਹਾਂ ਦੇ ਚਰਨਾਂ ਤੇ ਨਿਵਾਂ ਦਿੱਤਾ। ਗੁਰੂ ਰਾਮਦਾਸ ਗੁਰੂ-ਜੋਤਿ ਦੇ ਚੌਥੇ ਵਾਰਿਸ ਬਣੇ। ਗੁਰੂ ਅਮਰਦਾਸ ਦੇ ਜਵਾਈ ਹੁੰਦਿਆ ਹੋਇਆਂ ਵੀ ਇਨਾਂ ਨੇ ਗੁਰੂ ਸਾਹਿਬ ਦੇ ਸਤਕਾਰ ਵਿੱਚ ਥੋੜੀ ਜਿਹੀ ਵੀ ਢਿੱਲ ਨਹੀਂ ਕੀਤੀ ਅਤੇ ਉਨ੍ਹਾਂ ਦੀ ਸਦਾ ਗੁਰੂ ਸਰੂਪ ਜਾਣ ਕੇ ਸੇਵਾ ਕੀਤੀ। ਗੁਰੂ ਰਾਮਦਾਸ ਦੀ ਵਡਿਆਈ ਨੂੰ ਭਾਈ ਸੱਤਾ ਅਤੇ ਭਾਈ ਬਲਵੰਡ ਨੇ ਇਨ੍ਹਾਂ ਸ਼ਬਦਾਂ ਨਾਲ ਬਿਆਨ ਕੀਤਾ ਹੈ :

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤ ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੇ ਸੰਗਤੀ ਪਾਰਬ੍ਰਹਮ ਕਰਿ ਨਮਸਕਾਰਿਆ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤ ਨਾ ਪਾਰਾਵਾਰਿਆ॥ [3]

ਗੁਰੂ ਰਾਮਦਾਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 30 ਰਾਗਾਂ ਵਿਚ ਬਾਣੀ ਰਚੀ। ਇਸ ਵਿਚ ਉਨ੍ਹਾਂ ਨੇ ਪ੍ਰਤੀਕਾਂ, ਅਲੰਕਾਰਾਂ, ਛੰਦਾਂ ਅਤੇ ਰਸਾਂ ਦਾ ਬਾਖੂਬੀ ਪ੍ਰਯੋਗ ਕੀਤਾ ਹੈ। ਇਸ ਪੇਪਰ ਵਿੱਚ ਉਨ੍ਹਾਂ ਨੇ ਜੋ ਪ੍ਰਤੀਕ ਵਰਤੋਂ ਵਿਚ ਲਿਆਂਦੇ ਹਨ ਉਨ੍ਹਾਂ ਨੂੰ ਸੰਖੇਪ ਵਿਚ ਦੱਸਣ ਦਾ ਯਤਨ ਕੀਤਾ ਗਿਆ ਹੈ।

'ਪ੍ਰਤੀਕ' ਸ਼ਬਦ ਅੰਗਰੇਜ਼ੀ ਦੇ 'ਸਿੰਬਲ' ਦਾ ਸਮਾਨਅਰਥਕ ਹੈ। ਪ੍ਰਤੀਕ ਦੀ ਵਰਤੋਂ ਉਸ ਸਮੇਂ ਹੁੰਦੀ ਹੈ ਜਦੋਂ ਕਿਸੇ ਅਕੱਥ ਨੂੰ ਕਥੇ ਜਾਣ ਦੀ ਲੋੜ ਹੋਵੇ। ਉਜਾਗਰ ਸਿੰਘ ਸਹਿਗਲ ਅਨੁਸਾਰ, "ਪ੍ਰਤੀਕ ਦੀ ਉਤਪਤੀ ਮਨੁੱਖੀ ਮਨ ਦੀ ਇਕ ਪ੍ਰਵਿਰਤੀ ਹੈ। ਇਹ ਕੇਵਲ ਕਲਪਨਾ ਦੀ ਉਡਾਰੀ ਹੀ ਨਹੀਂ ਸਗੋਂ ਇਸਦੇ ਪਿਛੋਕੜ ਵਿੱਚ ਨਿੱਤ ਨਵੇਂ ਤੇ ਸੱਜਰੇ ਸੰਜੋਗ ਦੀ ਝਲਕ ਪ੍ਰਤੱਖ ਦਿਖਾਈ ਦਿੰਦੀ ਹੈ।"[4]

"ਪੰਜਾਬੀ ਸਾਹਿਤ ਕੋਸ਼ ਅਨੁਸਾਰ,"ਪ੍ਰਤੀਕਵਾਦ ਕਾਵਿ ਦਾ ਪ੍ਰਗਟਾਓ ਢੰਗ ਹੈ। ਇਸ ਵਿਚ ਪ੍ਰਤੀਕਾਂ ਰਾਹੀਂ ਜੀਵਨ ਦੇ ਬੌਧਿਕ ਸਦਾਚਾਰਕ ਤੇ ਭਾਵੁਕ ਅਰਥ ਜਾਂ ਕੀਮਤਾਂ ਪ੍ਰਗਟ ਕੀਤੀਆਂ ਜਾਂਦੀਆ ਹਨ। ਦੁਸਹਿਰੇ ਦੇ ਅਵਸਰ ਤੇ ਰਾਵਣ ਦੇ ਬੁੱਤ ਤੇ ਗਿਆਰ੍ਹਵਾਂ ਸਿਰ ਜੋ ਖੋਤੇ ਦਾ ਹੁੰਦਾ ਹੈ, ਇਸ ਗੱਲ ਦਾ ਪ੍ਰਤੀਕ ਹੈ ਕਿ ਰਾਵਣ ਚਾਰ ਵੇਦਾਂ, ਛੇ ਸ਼ਾਸਤਰਾਂ ਦਾ ਵਿਦਵਾਨ ਹੁੰਦਾ ਹੋਇਆ ਵੀ ਖਰਮਗਜ਼ ਜਾਂ ਹੱਠੀ ਸੀ।"[5] ਇਸ ਪ੍ਰਕਾਰ "ਕਿਸੇ ਸ਼ਬਦ ਦੇ ਪ੍ਰਚੱਲਤ ਅਰਥਾਂ ਨੂੰ ਗ੍ਰਹਿਣ ਕਰਦੇ ਹੋਏ ਉਸ ਰਾਹੀਂ ਕਿਸੇ ਹੋਰ ਅਰਥ ਦੀ ਵਿਅੰਜਨਾ ਕਰਨ ਨੂੰ



'ਪ੍ਰਤੀਕ' ਕਹਿੰਦੇ ਹਨ। ਕਿਸੇ ਮ੍ਰਿਤਕ ਸ਼ਰੀਰ ਨੂੰ ਵੇਖ ਕੇ ਕਹਿਣਾ ਕਿ "ਪੰਛੀ ਉੱਡ ਗਿਆ, ਪਿੰਜਰਾਂ ਖਾਲੀ ਪਿਆ ਹੈ" ਤਾ ਇੱਥੇ ਪੰਛੀ ਪ੍ਰਾਣਾਂ ਦਾ ਪ੍ਰਤੀਕ ਹੈ ਅਤੇ ਪਿੰਜਰਾਂ ਸ਼ਰੀਰ ਦਾ ਪ੍ਰਤੀਕ ਕਿਹਾ ਜਾਵੇਗਾ।"[6]

ਕਵਿਤਾ ਵਰਗੀ ਸੂਖਮ ਰਚਨਾ ਵਿਚ ਪ੍ਰਤੀਕਾਂ ਦੀ ਬਹੁਤ ਮਹੱਤਤਾ ਹੈ। ਗੁਰਮਤਿ ਕਾਵਿ ਜੋ ਕਿ ਇਕ ਰਹੱਸਵਾਦੀ ਕਾਵਿ ਹੈ, ਇਸ ਵਿਚ ਗੁੱਝੀ ਅਤੇ ਨਾ ਬਿਆਨ ਹੋਣ ਵਾਲੀ ਅਨੁਭੂਤੀ ਨੂੰ ਬਿਆਨ ਕਰਨ ਲਈ ਕਈ ਵਾਰ ਪ੍ਰਤੀਕਾਂ ਦਾ ਸਹਾਰਾ ਲੈਣਾ ਪੈਂਦਾ ਹੈ। ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਨੇ ਆਪਣੇ ਵਿਚਾਰ ਪ੍ਰਗਟਾਉਣ ਲਈ ਪ੍ਰਤੀਕਾਂ ਦੀ ਵਰਤੋਂ ਬਾਖੂਬੀ ਕੀਤੀ ਹੈ। ਗੁਰੂ ਸਾਹਿਬਾਨ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਉਨ੍ਹਾਂ ਨੇ ਜੋ ਪ੍ਰਤੀਕ ਗੁਰਬਾਣੀ ਵਿੱਚ ਪ੍ਰਯੋਗ ਕੀਤੇ ਹਨ। ਉਹ ਪ੍ਰਤੀਕ ਰੋਜਾਨਾ ਦੇ ਜੀਵਨ ਵਿਚ ਪ੍ਰਾਪਤ ਹੋਣ ਵਾਲੇ ਹਨ। ਇਹਨਾਂ ਪ੍ਰਤੀਕਾਂ ਤੋਂ ਪਾਠਕ ਜਾਂ ਸ੍ਰੋਤਾਂ ਪਹਿਲਾਂ ਜਾਣੂ ਹੁੰਦਾ ਹੈ।

ਗੁਰਬਾਣੀ ਵਿੱਚ ਸੱਚੇ ਭਗਤਾਂ ਲਈ 'ਹੰਸ' ਪਰਮਾਤਮਾ ਲਈ 'ਕੰਤ' ਅਤੇ ਜੀਵ ਲਈ ਵਿਆਹੀ ਹੋਈ 'ਨੱਢੀ' ਆਦਿ ਪ੍ਰਤੀਕਾਂ ਦੀ ਵਰਤੋਂ ਬਹੁਤ ਥਾਈ ਮਿਲਦੀ ਹੈ। ਗੁਰੂ ਨਾਨਕ ਦੇਵ ਨੇ ਬਾਣੀ ਵਿਚ ਲਾਲਚ, ਝੂਠ, ਠੱਗੀ, ਕ੍ਰੋਧ, ਆਦਿ ਦੇ ਪ੍ਰਤੀਕ, ਸੰਸਾਰ ਵਿਚੋਂ ਕੁੱਤਾ, ਚੂਹੜਾ, ਮੁਰਦਾ ਲੋਥ, ਗੰਦਗੀ ਅਤੇ ਚੰਡਾਲ ਨੂੰ ਲਿਆ ਹੈ :

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧ ਚੰਡਾਲ॥ [7]

ਗੁਰੂ ਨਾਨਕ ਦੇਵ ਵਾਂਗ ਗੁਰੂ ਰਾਮਦਾਸ ਨੇ ਵੀ ਬਾਣੀ ਵਿਚ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਹਰਜਿੰਦਰ ਸਿੰਘ ਢਿੱਲੋਂ ਅਨੁਸਾਰ, "ਗੁਰੂ ਰਾਮਦਾਸ ਦੀ ਛੰਤ ਰਚਨਾ ਦੀ ਭਾਸ਼ਾ ਪ੍ਰਤੀਕਾਤਮਕ ਹੈ। ਕਿਸੇ ਵੀ ਕਾਵਿ ਰਚਨਾ ਵਿਚ ਪ੍ਰਤੀਕ ਰਚਨਾ ਵਿਚ ਹੀ ਵਾਧਾ ਨਹੀਂ ਕਰਦੇ ਸਗੋਂ ਉਸ ਵਿਚਲੀ ਅਰਥ ਸਪਸ਼ਟਤਾ ਵਿਚ ਵੀ ਸਹਾਈ ਹੁੰਦੇ ਹਨ। ਅਦ੍ਰਿਸ਼ਟ ਨੂੰ ਦ੍ਰਿਸ਼ਟਮਾਨ ਕਰਨਾ, ਅਪਰੋਖ ਨੂੰ ਪਰੋਖ ਕਰਨਾ ਅਤੇ ਅਸਪਸ਼ਟ ਨੂੰ ਸਪਸ਼ਟ ਕਰਨਾ ਪ੍ਰਤੀਕਾਂ ਦਾ ਕਰਤੱਵ ਹੈ।"[8]

ਗੁਰੂ ਰਾਮਦਾਸ ਨੇ ਗੁਰਬਾਣੀ ਵਿਚ ਆਪਣੇ ਅਮੂਰਤ ਭਾਵਾਂ ਨੂੰ ਮੂਰਤੀਮਾਨ ਕਰਨ ਲਈ ਪ੍ਰਤੀਕਾਂ ਦਾ ਪ੍ਰਯੋਗ ਕੀਤਾ ਹੈ। ਇਨ੍ਹਾਂ ਦੀ ਬਾਣੀ ਵਿਚ ਪ੍ਰਾਕ੍ਰਿਤਕ, ਪੌਰਾਣਿਕ, ਵਿਆਖਿਆਮਈ, ਸਾਂਸਕ੍ਰਿਤਕ, ਅਧਿਆਤਮਕ ਆਦਿ ਸਭ ਤਰ੍ਹਾਂ ਦੇ ਪ੍ਰਤੀਕ ਦੇਖਣ ਨੂੰ ਮਿਲਦੇ ਹਨ। ਗੁਰੂ ਰਾਮਦਾਸ ਗੁਰਬਾਣੀ ਵਿੱਚ ਕੂੰਜ ਦੇ ਪ੍ਰਤੀਕ ਰਾਹੀਂ ਬਿਆਨ ਕਰਦੇ ਹਨ ਕਿ ਜਿਸ ਤਰ੍ਹਾਂ ਇਕ ਕੂੰਜ ਅਕਾਸ਼ ਵਿੱਚ ਉੱਡਦੀ ਰਹਿੰਦੀ ਹੈ ਪਰ ਉਸ ਦਾ ਧਿਆਨ ਆਪਣੇ ਬੱਚਿਆਂ ਵਿਚ ਹੀ ਹੁੰਦਾ ਹੈ, ਠੀਕ ਉਸੇ ਤਰ੍ਹਾਂ ਇਕ ਜਗਿਆਸੂ ਦਾ ਸਾਰਾ ਧਿਆਨ ਉਸ ਪਰਮਾਤਮਾ ਵੱਲ ਹੀ

*ਰਿਸਰਚ ਸਕਾਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਲੱਗਾ ਰਹਿੰਦਾ ਹੈ ਜਿਵੇ :

ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ ॥
ਓਹ ਰਾਖੇ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੇ ਸਾਰਿ ਸਮਾਲੀ ॥
ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ ॥ [9]

ਗੁਰੂ ਰਾਮਦਾਸ ਦੀ ਬਾਣੀ ਵਿਚ ਹੰਸ, ਸਰਵਰ, ਬਗੁਲਾ, ਕਾਗ, ਸਾਗਰ, ਪੰਖੇਰੂ, ਚੰਦਨ, ਕਮਲ ਆਦਿ ਪ੍ਰਤੀਕ ਥਾਂ-ਥਾਂ ਤੇ ਮਿਲਦੇ ਹਨ। ਗੁਰੂ ਜੀ ਨੇ ਇੱਕ ਲਾਲਚੀ ਪੁਰਸ਼ ਲਈ ਬਗੁਲੇ ਨੂੰ ਪ੍ਰਤੀਕ ਵਜੋਂ ਵਰਤਿਆ ਹੈ। 10 ਇਸੇ ਤਰ੍ਹਾਂ ਗੁਰੂ ਜੀ ਨੇ ਚੰਦਨ ਦਾ ਰੁਖ ਗੁਰਮੁਖ ਲਈ ਅਤੇ ਨਿੰਮ ਦਾ ਰੁਖ ਮਨਮੁਖ ਲਈੇ ਪ੍ਰਯੋਗ ਕੀਤਾ ਹੈ। ਜਿਵੇਂ ਨਿੰਮ ਦਾ ਰੁੱਖ, ਚੰਦਨ ਦੇ ਨੇੜੇ ਹੋਵੇ ਤਾਂ ਉਸ ਵਿਚ ਚੰਦਨ ਜਿਹੇ ਗੁਣ ਆ ਵੱਸਦੇ ਹਨ, ਉਸੇ ਤਰ੍ਹਾਂ ਜੇ ਮਨਮੁਖ ਵੀ ਗੁਰਮੁਖ ਦੀ ਜਾਂ ਗੁਰੂ ਦੀ ਸੰਗਤ ਵਿਚ ਆ ਜਾਵੇ ਉਸ ਵਿਚ ਚੰਗੇ ਗੁਣ ਆ ਜਾਂਦੇ ਹਨ :

ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ ॥ [11]

ਗੁਰੂ ਰਾਮਦਾਸ ਨੇ ਸਮੁੱਚੀ ਬਾਣੀ ਵਿਚ ਸੂਰਜ ਨੂੰ ਗਿਆਨ ਦਾ ਪ੍ਰਤੀਕ ਅਤੇ ਹਨੇਰੇ ਨੂੰ ਅਗਿਆਨ ਦਾ ਪ੍ਰਤੀਕ ਮੰਨਿਆ ਹੈ। ਜਿਵੇਂ ਸੂਰਜ ਚੜ੍ਹਣ ਨਾਲ ਅੰਧੇਰਾ ਖਤਮ ਹੋ ਜਾਂਦਾ ਹੈ, ਇਸੇ ਤਰ੍ਹਾਂ ਗੁਰੁ ਦੇ ਬੇਅੰਤ ਕੀਮਤੀ ਗਿਆਨ-ਰਤਨ ਨਾਲ ਅਗਿਆਨ ਰੂਪੀ ਹਨੇਰਾ ਸਦਾ ਲਈ ਦੂਰ ਹੋ ਜਾਂਦਾ ਹੈ। [12] ਗੁਰੁ ਜੀ ਨੇ ਪੰਛੀ ਦਾ ਪ੍ਰਤੀਕ ਮਨੱਖੀ ਮਨ ਲਈ ਵਰਤਿਆ ਹੈ, ਜਿਵੇਂ ਪੰਛੀ ਕਿਸੇ ਇਕ ਥਾਂ ਤੇ ਟਿਕ ਨਹੀਂ ਬਹਿੰਦਾ, ਉਸੇ ਤਰ੍ਹਾਂ ਮਨੱਖ ਦਾ ਮਨ ਵੀ ਵਿਕਾਰਾਂ ਪਿੱਛੇ ਲਗ ਕੇ ਟਿਕਦਾ ਨਹੀਂ। ਜਿਵੇਂ ਰੱਖ ਪੰਛੀਆ ਲਈ ਆਸਰਾ ਹੈ, ਤਿਵੇਂ ਹੀ ਉਹ ਸਰਬ ਵਿਆਪਕ ਹਰੀ ਸਭ ਦਾ ਆਸਰਾ ਹੈ। [13]

"ਗੁਰੂ ਰਾਮਦਾਸ ਦੀ ਸਮੁੱਚੀ ਬਾਣੀ ਅਧਿਆਤਮਕ ਪ੍ਰਤੀਕਾਂ ਦਾ ਕੋਸ਼ ਕਹੀ ਜਾ ਸਕਦੀ ਹੈ। ਉਨ੍ਹਾਂ ਨੇ ਪ੍ਰਭੂ ਲਈ ਪ੍ਰੀਤਮ, ਮਿਤਰ, ਸਾਹੁ, ਮਾਤਾ, ਪਿਤਾ, ਪਿਆਰਿਆ ਅਤੇ ਭਾਈ ਆਦਿ ਪ੍ਰਤੀਕ ਪ੍ਰਯੁਕਤ ਕੀਤੇ ਹਨ।"[14] ਅਧਿਆਤਮਕ ਪ੍ਰਤੀਕ ਉਹ ਪ੍ਰਤੀਕ ਹਨ ਜੋ ਰਹੱਸਵਾਦੀ ਭਾਵਨਾ ਨੂੰ ਦਸਰਾਉਂਦੇ ਹਨ। ਗੁਰੂ ਜੀ ਨੇ ਹਰੀ ਨੂੰ ਹੀ ਮਾਤਾ, ਪਿਤਾ, ਪੁੱਤਰ, ਸਨਬੰਧੀ ਮੰਨਿਆ ਹੈ। ਹਰੀ ਤੋਂ ਬਿਨਾ ਹੋਰ ਕੋਈ ਪੱਕਾ ਸਾਕ ਨਹੀਂ ਹੈ।[15] ਇਸੇ ਤਰ੍ਹਾਂ ਪਰਮਾਤਮਾ ਲਈ ਸ਼ਾਹ ਦਾ ਪ੍ਰਤੀਕ ਵਰਤਦੇ ਹੋਏ ਉਸ ਨੂੰ ਅਨੰਦ ਦੇਣ ਵਾਲਾ ਅਤੇ ਦਿਲ ਦੀ ਪੀੜ ਨੂੰ ਜਾਣਨ ਵਾਲਾ ਦਰਸ਼ਾਉਂਦੇ ਹਨ। [16]

ਇਸੇ ਤਰ੍ਹਾਂ ਗੁਰੂ ਜੀ ਨੇ ਰਹੱਸਵਾਦੀ ਰਮਜ਼ਾ ਨੂੰ ਪ੍ਰਗਟ ਕਰਨ ਲਈ ਆਤਮਾ ਲਈ ਵਹੁਟੀ, ਮਛਲੀ, ਮਨਮੁਖ ਲਈ ਬਗਲਾ, ਗੁਰਮੁਖ ਲਈ ਹੰਸ ਅਤੇ ਪਰਮਾਤਮਾ ਲਈ ਕੰਤ, ਸਾਗਰ, ਚੰਦ, ਆਦਿ ਪ੍ਰਤੀਕ ਵਰਤੇ ਹਨ। ਹੰਸ ਦੇ ਪ੍ਰਤੀਖ ਰਾਹੀਂ ਗੁਰੂ ਜੀ ਦੱਸਦੇ ਹਨ ਕਿ ਜਿਸ



ਤਰ੍ਹਾ ਹੰਸ ਸਰੋਵਰ ਬਿਨਾ ਨਹੀਂ ਰਹਿ ਸਕਦਾ, ਉਸੇ ਤਰ੍ਹਾਂ ਪ੍ਰਭੂ ਦਾ ਭਗਤ ਜਾਂ ਗੁਰਮੁਖ ਵਿਅਕਤੀ ਪਰਮਾਤਮਾ ਦੀ ਸੇਵਾ ਭਗਤੀ ਤੋਂ ਬਿਨ੍ਹਾ ਨਹੀਂ ਰਹਿ ਸਕਦਾ। [17] ਪ੍ਰਤੀਕਾਂ ਰਾਹੀਂ ਗੁਰੂ ਰਾਮਦਾਸ ਨੇ ਗੁਰੂ ਦੀ ਮਹਤੱਤਾ ਪ੍ਰਗਟ ਕਰਨ ਦਾ ਵੀ ਸਫਲ ਯਤਨ ਕੀਤਾ ਹੈ। ਜਿਸ ਤਰ੍ਹਾਂ ਕਦੇ ਕੋਰੇ ਕਪੜੇ ਉੱਤੇ ਰੰਗ ਨਹੀਂ ਚੜ੍ਹਦਾ, ਉਸੇ ਤਰ੍ਹਾਂ ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਮਨ 'ਤੇ ਪ੍ਰਭੂ ਭਗਤੀ ਦਾ ਰੰਗ ਨਹੀਂ ਚੜ੍ਹ ਸਕਦਾ ਭਾਵ ਭਗਤੀ ਨਹੀਂ ਹੋ ਸਕਦੀ। [18]

ਗੁਰਬਾਣੀ ਵਿਚ ਨਾਮ ਨੂੰ ਅੰਮ੍ਰਿਤ ਅਤੇ ਜ਼ਹਿਰ ਨੂੰ ਹਉਮੈਂ ਦੇ ਪ੍ਰਤੀਕ ਰਾਹੀਂ ਦਰਸ਼ਾਇਆ ਗਿਆ ਹੈ। ਇਹ ਪਰਮਾਤਮਾ ਦਾ ਨਾਮ ਰੂਪੀ ਅੰਮ੍ਰਿਤ ਗੁਰੂ ਦੀ ਮਤਿ ਉੱਤੇ ਤੁਰਿਆਂ ਹੀ ਮਿਲਦਾ ਹੈ। ਇਸੇ ਤਰ੍ਹਾਂ ਹਉਮੈਂ ਮਾਇਆ ਦਾ ਜ਼ਹਿਰ ਹੈ, ਇਹ ਆਤਮਕ ਜੀਵਨ ਨੂੰ ਮਾਰ ਦਿੰਦਾ ਹੈ। ਇਸ ਜ਼ਹਿਰ ਨੂੰ ਨਾਮ ਰੂਪੀ ਅੰਮ੍ਰਿਤ ਪੀਣ ਨਾਲ ਖਤਮ ਕੀਤਾ ਜਾ ਸਕਦਾ ਹੈ। [19]

ਗੁਰੂ ਰਾਮਦਾਸ ਨੇ ਗੁਰਬਾਣੀ ਵਿਚ ਇਤਿਹਾਸਕ, ਮਿਥਿਹਾਸਕ ਅਤੇ ਪੌਰਾਣਿਕ ਪ੍ਰਤੀਕਾਂ ਦੀ ਵਰਤੋਂ ਵੀ ਕੀਤੀ ਹੈ। ਹਰਜਿੰਦਰ ਸਿੰਘ ਢਿੱਲੋਂ ਅਨੁਸਾਰ, "ਗੁਰੂ ਸਾਹਿਬ ਭਾਰਤੀ ਇਤਿਹਾਸ ਅਤੇ ਮਿਥਿਹਾਸ ਵਿਚੋਂ ਹਵਾਲੇ ਦੇ ਕੇ ਆਪਣੇ ਵਿਚਾਰਾਂ ਨੂੰ ਦ੍ਰਿੜ ਕਰਾਉਂਦੇ ਹਨ। ਪ੍ਰਹਿਲਾਦ, ਨਾਮ ਦੇਵ, ਕਾਨ੍ਹ ਆਦਿ ਚੰਗਿਆਈ ਦੇ ਪ੍ਰਤੀਕ ਸਨ ਪਰੰਤੂ ਹਰਨਾਕਸ਼ ਵਰਗੇ ਬੁਰਾਈ ਦੇ ਸੰਕੇਤ ਵੱਜੋਂ ਦਰਸਾਏ ਗਏ ਹਨ।"[20] ਜਿਵੇਂ :

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥ [21]

ਇਸੇ ਤਰ੍ਹਾਂ ਗੁਰੂ ਜੀ ਨੇ ਸੰਗਤ ਦੀ ਮਹਾਨਤਾ ਪ੍ਰਗਟਾਉਣ ਲਈ ਬਾਣੀ ਵਿਚ ਗਨਕਾ ਅਤੇ ਕੁਬਿਜਾ ਦੇ ਇਤਿਹਾਸਕ, ਮਿਥਿਹਾਸਕ, ਪ੍ਰਤੀਕ ਵੀ ਪ੍ਰਯੋਗ ਕੀਤੇ ਹਨ। ਜਿਵੇਂ ਗਨਿਕਾ ਤੋਤੇ ਪਾਸੋਂ ਰਾਮ ਨਾਮ ਪੜ੍ਹ ਕੇ ਵਿਕਾਰਾਂ ਦੇ ਸਮੁੰਦਰ ਤੋਂ ਪਾਰ ਹੋ ਗਈ ਅਤੇ ਕੁਬਿਜਾ ਸ੍ਰੀ ਕ੍ਰਿਸ਼ਨ ਦੇ ਚਰਨਾਂ ਦੀ ਛੋਹ ਪ੍ਰਾਪਤ ਕਰ ਕੇ ਬੈਕੰਠ ਪਹੁੰਚ ਗਈ। [22]

ਗੁਰੂ ਰਾਮ ਦਾਸ ਨੇ ਬਾਣੀ ਵਿਚ ਸੰਸਕਾਰਾਂ ਨਾਲ ਸੰਬੰਧਿਤ ਪ੍ਰਤੀਕਾਂ ਦੀ ਵਰਤੋਂ ਵੀ ਕੀਤੀ ਹੈ। ਗੁਰਬਾਣੀ ਵਿਚ ਵੀਆਹ, ਕੰਤ, ਸੰਤ ਜਨ, ਆਦਿ ਸੰਸਕਾਰਾਂ ਸੰਬੰਧੀ ਪ੍ਰਤੀਕ ਹਨ। ਇਨ੍ਹਾਂ ਤੋਂ ਬਿਨਾਂ ਵੀ ਲਗਨ, ਜੰਞ, ਪੰਡਤ, ਪਤ੍ਰੀ ਆਦਿ ਹੋਰ ਕਈ ਸੰਸਕਾਰਾਂ ਸੰਬੰਧੀ ਪ੍ਰਤੀਕ ਬਾਣੀ ਵਿਚ ਵਰਤੇ ਗਏ ਹਨ। ਗੁਰੂ ਜੀ ਨੇ ਜੀਵ ਰੂਪੀ ਆਤਮਾ ਅਤੇ ਪਰਮਾਤਮਾ ਦੇ ਸੰਬੰਧ ਨੂੰ ਵਿਆਹ ਦੇ ਪ੍ਰਸੰਗ ਦੁਆਰਾ ਪ੍ਰਦਰਸ਼ਿਤ ਕੀਤਾ ਹੈ। ਇਕ ਪਾਸੇ ਆਪ ਨੇ ਵਿਆਹ ਵਿਚ ਸਾਰੀਆਂ ਦੁਨੀਆਵੀ ਰਸਮਾਂ ਜਿਵੇਂ ਲਗਨ ਕਢਾਉਣਾ, ਕੁੜਮਾ ਦਾ ਆਉਣਾ, ਲੜਕੀ ਦੇ ਮਨ ਵਿਚ ਉਮੰਗਾਂ ਦਾ ਫੁਟਣਾ, ਲਾੜੇ ਦਾ ਘੋੜੀ ਚੜ੍ਹਣਾ, ਬਰਾਤੀਆਂ ਦਾ ਆਉਣਾ ਅਤੇ ਲਾਵਾਂ ਦੇਣਾ ਦਿਖਾਇਆ ਹੈ। ਇਸੇ ਤਰ੍ਹਾਂ ਦੂਜੇ ਪਾਸੇ ਇਸ ਦਾ ਅਧਿਆਤਮੀਕਰਣ ਕਰਕੇ ਪਰਮਾਤਮਾ ਅਤੇ

ਜੀਵਾਤਮਾ ਦਾ ਨੂੰ ਵਿਆਹ ਸੰਬੰਧ ਵਿਚ ਬਨ੍ਹ ਦਿੱਤਾ ਹੈ। ਗੁਰਬਾਣੀ ਵਿਚ ਆਤਮਾ ਰੂਪੀ ਵਹੁਟੀ ਦਾ ਪਰਮਾਤਮਾ ਰੁਪੀ ਕੰਤ ਨਾਲ ਵਿਆਹ ਦੇ ਸੰਸਕਾਰ ਨਾਲ ਮਿਲਾਪ ਕੀਤਾ ਗਿਆ ਹੈ। ਜਿਵੇਂ:

ਹਰਿ ਪ੍ਰਭਿ ਕਾਜੁ ਰਚਾਇਆ ॥
ਗੁਰਮੁਖ ਵੀਆਹਣਿ ਆਇਆ ॥
ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥
ਸ਼ੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥ [23]

ਗੁਰੂ ਰਾਮਦਾਸ ਨੇ ਜੀਵਨ, ਵਿਅਪਾਰ ਸੰਬੰਧੀ ਪ੍ਰਤੀਕਾਂ ਦੀ ਵਰਤੋਂ ਵੀ ਬਾਣੀ ਵਿਚ ਕੀਤੀ ਹੈ। ਗੁਰੂ ਜੀ ਨੇ ਨਾਮ ਦੀ ਮਹਿਮਾ ਪ੍ਰਗਟ ਕਰਨ ਲਈ ਕਈ ਤਰ੍ਹਾਂ ਦੇ ਪ੍ਰਤੀਕਾਂ ਨੂੰ ਬਾਣੀ ਵਿਚ ਸ਼ਾਮਿਲ ਕੀਤਾ ਹੈ। ਉਨਾਂ ਨੇ ਅਕਾਲ ਪੁਰਖ ਨੂੰ ਸ਼ਾਹ, ਮਨੁੱਖ ਨੂੰ ਵਣਜਾਰਾ ਅਤੇ ਨਾਮ ਨੂੰ ਰਾਸ ਦੇ ਪ੍ਰਤੀਕ ਵੱਜੋਂ ਵਰਤਿਆ ਹੈ। ਉਹ ਪਰਮਾਤਮਾ ਸਭ ਦਾ ਮਾਲਕ ਹੈ। ਸਾਰਾ ਜਗਤ ਏਥੇ ਪ੍ਰਭੂ ਦੇ ਨਾਮ ਦਾ ਵਿਆਪਾਰ ਕਰਨ ਆਇਆ ਹੈ। ਜਿਹੋ ਜਿਹਾ ਸਰਮਾਇਆ ਪ੍ਰਭੂ ਸਾਨੂੰ ਦਿੰਦਾ ਹੈ ਅਸੀਂ ਉਹੀ ਕਰਦੇ ਹਾਂ। ਜਿਸ ਤੇ ਪ੍ਰਭੂ ਕ੍ਰਿਪਾ ਕਰਦਾ ਹੈ ਉਸ ਨੂੰ ਨਾਮ ਦਾ ਸਰਮਾਇਆ ਦੇ ਦਿੰਦਾ ਹੈ। [24]

ਗੁਰੂ ਰਾਮਦਾਸ ਨੇ ਪਰਮਾਤਮਾ ਲਈ ਪਾਰਸ ਦੇ ਪ੍ਰਤੀਕ ਦੀ ਵਰਤੋਂ ਵੀ ਕੀਤੀ ਹੈ। ਜਿਸ ਤਰ੍ਹਾਂ ਪਾਰਸ ਲੋਹੇ ਨੂੰ ਛੋਹ ਕੇ ਸੋਨਾ ਬਣਾ ਦਿੰਦਾ ਹੈ, ਠੀਕ ਉਸੇ ਤਰ੍ਹਾਂ ਜਿਸ ਮਨੁੱਖ ਦਾ ਪ੍ਰਭੂ ਨਾਲ ਮੇਲ ਹੋ ਜਾਂਦਾ ਹੈ ਤਾਂ ਪ੍ਰਭੂ ਆਪਣੇ ਭਗਤ ਨੂੰ ਸੋਨਾ ਭਾਵ ਚੰਗੇ ਆਚਰਣ ਵਾਲਾ ਬਣਾ ਦਿੰਦਾ ਹੈ। [25] ਇਸੇ ਤਰਾਂ ਸਾਕਤ ਮਨੁੱਖ ਲਈ ਵੀ ਗੁਰੂ ਜੀ ਨੇ ਕਊਆ ਕਾਗ, ਸੱਪ, ਤੇਲੀ ਦਾ ਬਲਦ ਆਦਿ ਪ੍ਰਤੀਕ ਘਰੋਗੀ ਜੀਵਨ ਵਿਚੋਂ ਲਏ ਹਨ। ਗੁਰੂ ਜੀ ਕਉਆ ਕਾਗ ਦੇ ਪ੍ਰਤੀਕ ਰਾਹੀਂ ਦੱਸਦੇ ਹਨ ਕਿ ਸਾਕਤ ਮਨੁੱਖ ਦੇ ਮਨ ਵਿਚ ਪਰਮਾਤਮਾ ਦਾ ਨਾਮ ਸੁਣਦਿਆਂ ਹੀ ਕ੍ਰੋਧ ਆਉਂਦਾ ਹੈ। ਉਸ ਦੀ ਅਵਸਥਾ ਉਵੇਂ ਦੀ ਹੈ ਜਿਵੇਂ ਕਾਂ ਨੂੰ ਕੋਈ ਸੁਆਦਲਾ ਭੋਜਨ ਖਾਣ ਲਈ ਰਖੀਏ ਪਰ ਉਹ ਉਸ ਨੂੰ ਖਾਣ ਦੀ ਬਜਾਏ ਵਿਸ਼ਟਾ ਹੀ ਮੂੰਹ ਵਿਚ ਪਾ ਕੇ ਖੁਸ਼ ਹੁੰਦਾ ਹੈ। [26]

ਗੁਰੂ ਜੀ ਨੇ ਬਾਣੀ ਵਿਚ ਨਿੰਦਕ ਲਈ ਤੇਲੀ ਦਾ ਬਲਦ ਪ੍ਰਤੀਕ ਵਰਤਿਆ ਹੈ। ਜਿਸ ਪ੍ਰਕਾਰ ਤੇਲੀ ਦਾ ਬਲਦ ਹਰ ਰੋਜ਼ ਸਵੇਰੇ ਕੋਹਲੂ ਅੱਗੇ ਜੁਪਦਾ ਹੈ, ਉਸੇ ਤਰ੍ਹਾਂ ਨਿੰਦਕ ਵੀ ਨਿੱਤ ਨਿੰਦਾ ਦੇ ਗੇੜ ਵਿਚ ਪੈ ਕੇ ਦੁੱਖ ਸਹਿੰਦਾ ਹੈ। [27] ਗੁਰਬਾਣੀ ਵਿਚ ਜਗਤ ਨੂੰ ਖੇਤ ਅਤੇ ਜੀਵਾਂ ਨੂੰ ਕਿਸਾਨ ਦੇ ਪ੍ਰਤੀਕ ਵਿਚ ਚਿਤਰਿਆ ਹੈ। ਗੁਰੂ ਜੀ ਕਹਿੰਦੇ ਹਨ ਕਿ ਸੰਸਾਰ ਪ੍ਰਭੂ ਦੀ ਜਮੀਨ ਹੈ ਅਤੇ ਪ੍ਰਭੂ ਨੇ ਸਭ ਜੀਵਾਂ ਨੂੰ ਇਸ ਜਮੀਨ 'ਚ ਵਾਹੀ ਕਰਨ ਲਈ ਭਾਵ ਨਾਮ ਜਪਣ ਲਈ



ਭੇਜਿਆ ਹੋਇਆ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਰਹਿੰਦੇ ਹਨ ਉਨ੍ਹਾਂ ਦੀ ਖੇਤੀ ਪ੍ਰਭੂ ਨੇ ਮਿਹਰ ਕਰਕੇ ਉਗਾ ਦਿੱਤੀ ਹੈ ਅਤੇ ਜੋ ਮਨ ਪਿੱਛੇ ਲੱਗੇ ਰਹਿੰਦੇ ਹਨ ਉਨ੍ਹਾਂ ਮਨੁੱਖਾ ਜਨਮ ਹੱਥੋਂ ਗਵਾ ਲਿਆ ਹੈ। [28]

ਇਸ ਪ੍ਰਕਾਰ ਦੇ ਪ੍ਰਤੀਕਾਂ ਦੁਆਰਾ ਗੁਰੂ ਰਾਮਦਾਸ ਨੇ ਬਹੁਤ ਸਾਰੇ ਅਮੂਰਤ ਭਾਵਾਂ ਨੂੰ ਮੂਰਤੀਮਾਨ ਕੀਤਾ ਹੈ। ਅਨੇਕਾ ਹੀ ਐਸੇ ਅਨੁਭਵ ਹੁੰਦੇ ਹਨ ਜਿਨ੍ਹਾਂ ਨੂੰ ਭਾਸ਼ਾ ਵਿਚ ਬਿਆਨ ਕਰਨ ਵਿਚ ਅਸਮਰਥ ਹੁੰਦੀ ਹੈ। ਗੁਰੂ ਜੀ ਨੇ ਇਨ੍ਹਾ ਅਨੁਭਵਾਂ ਨੂੰ ਸਿਰਫ ਪ੍ਰਤੀਕਾਂ ਦੁਆਰਾ ਅਭਿਵਿਅਕਤ ਹੀ ਨਹੀਂ ਕੀਤਾ, ਬਲਕਿ ਇਨ੍ਹਾਂ ਨੂੰ ਆਮ ਲੋਕਾਂ ਦੀ ਪਕੜ ਵਿਚ ਆਉਣ ਵਾਲੇ ਬਣਾ ਦਿੱਤਾ। ਇਨ੍ਹਾ ਪ੍ਰਤੀਕਾਂ ਸਦਕਾ ਹੀ ਸਾਨੂੰ ਗੁਰੂ ਰਾਮਦਾਸ ਦੀ ਦੇ ਯੁੱਗ ਦੇ ਪ੍ਰਤੱਖ ਦਰਸ਼ਨ ਹੋ ਜਾਂਦੇ ਹਨ। ਨਿਰਵੈਰ ਸਿੰਘ ਅਰਸ਼ੀ ਦੇ ਸ਼ਬਦਾਂ ਅਨੁਸਾਰ, "ਗੁਰੂ ਰਾਮਦਾਸ ਦੇ ਵਰਤੇ ਪ੍ਰਤੀਕਾਂ ਵਿਚ ਮੌਲਿਕਤਾ ਹੈ, ਵਿਸ਼ੇਸ਼ ਭਾਵਾਂ ਦੀ ਰੂਪਮਾਨਤਾ ਹੈ ਅਤੇ ਅਨੋਖੀ ਦਿੱਖ ਤੇ ਨੁਹਾਰ ਹੈ। ਆਪ ਪ੍ਰਤੀਕਾਂ ਰਾਹੀਂ ਅਸਪਸ਼ਟ ਨੂੰ ਸਪਸ਼ਟ ਅਤੇ ਅਮੂਰਤ ਨੂੰ ਸਮੂਰਤ ਕਰ ਵਿਖਾਉਂਦੇ ਹਨ। ਪ੍ਰਤੀਕਾਂ ਸਦਕਾ ਆਪ ਦੀ ਰਚਨਾ ਸਾਰਥਕ, ਸਮਰੱਥ, ਸੁਹਜਮਈ ਅਤੇ ਪ੍ਰਭਾਵਮਈ ਹੋ ਨਿੱਬੜੀ ਹੈ।"[29]

ਸੋ ਇਸ ਪ੍ਰਕਾਰ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਰਾਮਦਾਸ ਨੇ ਆਪਣੇ ਖਿਆਲਾਂ ਨੂੰ ਆਮ ਲੋਕਾਈ ਤੱਕ ਪਹੁੰਚਾਉਣ ਲਈ ਬਾਣੀ ਵਿਚ ਪ੍ਰਤੀਕਾਂ ਦਾ ਪ੍ਰਯੋਗ ਬੜੇ ਹੀ ਸੁਚੱਜੇ ਢੰਗ ਨਾਲ ਕੀਤਾ ਹੈ।। ਪਰੰਪਰਾਗਤ, ਇਤਿਹਾਸਕ, ਮਿਥਿਹਾਸਕ, ਅਧਿਆਤਮਕ, ਵਿਚਾਰ-ਮੂਲਕ ਅਤੇ ਵਿਆਖਿਆਮਈ ਆਦਿ ਹਰ ਤਰ੍ਹਾ ਦੇ ਪ੍ਰਤੀਕ ਗੁਰੂ ਜੀ ਦੀ ਬਾਣੀ ਵਿਚ ਮੌਜੂਦ ਹਨ। ਗੁਰੂ ਜੀ ਦੁਆਰਾ ਵਰਤੋਂ ਕੀਤੇ ਗਏ ਪ੍ਰਤੀਕਾਂ ਵਿਚ ਉਨ੍ਹਾਂ ਦੀ ਅਧਿਆਤਮਕਤਾ ਅਤੇ ਵਿਚਾਰਾਂ ਦੀ ਅਮੀਰੀ ਅਤੇ ਗਿਆਨ ਸਪੱਸ਼ਟ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਲਈ ਜੇਕਰ ਉਨ੍ਹਾਂ ਦੀ ਬਾਣੀ ਨੂੰ ਅਧਿਆਤਮਕ ਪ੍ਰਤੀਕਾ ਦਾ ਕੋਸ਼ ਕਿਹਾ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ।

**ਹਵਾਲੇ:**


1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 966.
2. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 47.
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 968.
4. ਪੰਜਾਬੀ ਸਾਹਿਤ ਕੋਸ਼, ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 358.
5. ਉਹੀ, ਪੰਨਾ 358.

6. ਨਿਰਵੈਰ ਸਿੰਘ ਅਰਸ਼ੀ, ਬਾਣੀ ਗੁਰੂ ਰਾਮਦਾਸ: ਅਲੋਚਨਾਤਮਕ ਅਧਿਐਨ, ਅਨੰਦਪੁਰੀ ਪਬਲਿਸ਼ਿੰਗ ਹਾਉਸ ਸ੍ਰੀ ਅਨੰਦਪੁਰ ਸਾਹਿਬ 1990, ਪੰਨਾ 59.
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 15.
8. ਹਰਜਿੰਦਰ ਸਿੰਘ ਢਿੱਲੋਂ, ਗੁਰੂ ਰਾਮਦਾਸ: ਜੀਵਨ ਤੇ ਰਚਨਾ, ਪੰਨੇ 50-51.
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 168.
10. ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ
11. ਸ੍ਰੀ ਗੁਰ ਗ੍ਰੰਥ ਸਾਹਿਬ, ਪੰਨਾ 975.
12. ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 234.
14. ਸ੍ਰੀਮਤੀ ਵਿਦਿਆਵਤੀ, ਗੁਰੂ ਰਾਮਦਾਸ ਜੀਵਨ ਤੇ ਬਾਣੀ , ਸੰਗਮ ਪਬਲੀਕੇਸ਼ਨਜ਼, ਸਮਾਣਾ, 2005, ਪੰਨਾ 104.
15. ਮੇਰੇ ਸਤਿਗੁਰਾ ਮੈ ਹਰਿ ਹਰਿ ਨਾਮ ਦ੍ਰਿੜਾਇ ॥
ਮੇਰਾ ਮਾਤ ਪਿਤਾ ਸੁਤ ਬੰਧਪੋ ਮੈਂ ਹਰ ਬਿਨੁ ਅਵਰੁ ਨਾ ਮਾਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ
16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 670.
17. ਜੈਸੇ ਹੰਸੁ ਸਰਵਰ ਬਿਨ ਰਹਿ ਨਾ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 369
18. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 732.
19. ਅੰਮ੍ਰਿਤ ਹਰਿ ਹਰਿ ਨਾਮੁ ਹੈ ਮੇਰੀ ਜਿੰਦੜੀਏ ਅੰਮ੍ਰਿਤ ਗੁਰਮਤਿ ਪਾਏ ਰਾਮ ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤ ਬਿਖੁ ਲਹਿ ਜਾਏ ਰਾਮ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 538
20. ਹਰਜਿੰਦਰ ਸਿੰਘ ਢਿੱਲੋਂ, ਗੁਰੂ ਰਾਮਦਾਸ ਜੀਵਨ ਅਤੇ ਰਚਨਾ, ਪੰਨਾ 52.
21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 451.
22. ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥
ਪਰਸ ਨਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 981
23. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 774.
24. ਸਾਹੁ ਹਮਾਰਾ ਤੂੰ ਧਣੀ ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ ॥



ਹਰਿ ਨਾਮੁ ਵਣੰਜਹ ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 165
25. ਰਾਮ ਪਾਰਸ ਚੰਦਨ ਹਮ ਕਾਸਟ ਲੋਸਟ ॥
ਹਰਿ ਸੰਗਿ ਹਰੀ ਸਤਸੰਗੁ ਭਏ ਹਰਿ ਕੰਚਨੁ ਚੰਦਨੁ ਕੀਨੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 668
26. ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ ॥
ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੇ ਵਿਸਟਾ ਖਾਇ ਮੁਖਿ ਗੋਹੈ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 493
27. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 309.
28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 304.
29. ਨਿਰਵੈਰ ਸਿੰਘ ਅਰਸ਼ੀ, ਬਾਣੀ ਗੁਰੂ ਰਾਮਦਾਸ: ਆਲੋਚਨਾਤਮਕ ਅਧਿਐਨ, ਪੰਨਾ 66.

## JOURNAL OF SRI GURU GRANTH SAHIB STUDIES

**FORM IV**

**(See Rule 8)**

| | | | |
|---|---|---|---|
| 1. | Registration No. | : | ISSN |
| 2. | Place of Publication | : | Sri Guru Granth Sahib World University, Fatehgarh Sahib |
| 3. | Periodicity of its publication | : | Biannual |
| 4. | Printer's Name | : | Dr. Pritpal Singh |
| | Nationality | : | Indian |
| | Address | : | Registrar, Sri Guru Granth Sahib World University, Fatehgarh Sahib |
| 5. | Publisher's Name | : | Professor Pritpal Singh |
| | Nationality | : | Indian |
| | Address | : | Registrar, Sri Guru Granth Sahib World University, Fatehgarh Sahib |
| 6. | Editor's Name | : | Kirandeep Kaur |
| | Nationality | : | Indian |
| | Address | : | Deptt. of Religious & Civilizational Studies, Sri Guru Granth Sahib World University, Fatehgarh Sahib |
| | Name and address of the individuals who own the newspaper and partners or shareholders holding more than one per cent of the total capital | : | Sri Guru Granth Sahib World University, Fatehgarh Sahib |

I, Professor Pritpal Singh, hereby declare the particulars given above are true to the best of my knowledge and belief.

**Professor Pritpal Singh**
Registrar
Sri Guru Granth Sahib World University,
Fatehgarh Sahib


**EXCHANGE OFFER**

Institutions are requested to send their journals in exchange of the Journal of Sri Guru Granth Sahib Studies to
Sri Guru Granth Sahib World University, Fatehgarh Sahib-140406